
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ

# ਦੇਸ਼ ਦੁਆਬਾ

VOL - 5 ISSUE - 41
January 18, 2017
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ





ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੂੰ ਉਹਨਾਂ ਦੇ 131ਵੇਂ ਜਨਮ ਦਿਨ ਤੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਅਤੇ ਹੋਰਨਾਂ ਥਾਵਾਂ 'ਤੇ ਉਹਨਾਂ ਦੀ ਲਾਸਾਨੀ ਕੁਰਬਾਨੀ ਲਈ ਯਾਦ ਕੀਤਾ ਗਿਆ।

## ਲੰਬੇ ਸਮੇਂ ਬਾਅਦ ਚਰਚਾ ਦਾ ਵਿਸ਼ਾ ਬਣਿਆ 'ਲੰਬੀ'

**ਲੰਬੀ (ਬਿਊਰੋ)–** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਹਲਕਾ ਲੰਬੀ ਇਸ ਵਾਰ ਜ਼ਿਆਦਾ ਚਰਚਾ ਦਾ ਵਿਸ਼ਾ ਬਣ ਗਿਆ ਹੈ। ਇਸ ਵਾਰ ਲੰਬੀ ਹਲਕੇ ਤੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਟੱਕਰ ਦੇਣ ਲਈ ਜਿੱਥੇ ਕਾਂਗਰਸ ਨੇ ਆਪਣਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੀ ਉਤਾਰ ਦਿੱਤਾ ਹੈ, ਉਥੇ ਹਹੀ ਆਮ ਆਦਮੀ ਪਾਰਟੀ ਇਸ ਵਾਰ ਕੇਂਦਰੀ ਵਿੱਤ ਮੰਤਰੀ ਤੇ ਜੁੱਤੀ ਸੁੱਟਣ ਵਾਲੇ ਪੱਤਰਕਾਰ ਜਰਨੈਲ ਸਿੰਘ ਨੂੰ ਲਿਆਈ ਹੈ। ਹਲਕਾ ਲੰਬੀ ਤੋਂ ਪ੍ਰਕਾਸ਼ ਸਿੰਘ ਬਾਦਲ ਕਰੀਬ 6 ਵਾਰ ਜਿੱਤ ਚੁੱਕੇ ਹਨ। ਉਹਨਾਂ ਦੇ ਮੁਕਾਬਲੇ ਵਿਚ ਹੁਣ ਤੱਕ ਸਥਾਨਕ ਉਮੀਦਵਾਰ ਖੜ੍ਹਦੇ ਰਹੇ ਹਨ ਪਰ ਇਸ ਵਾਰ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਬਾਹਰੋਂ ਉਮੀਦਵਾਰ ਲਿਆ ਕੇ ਇਸ ਹਲਕੇ ਵਿਚ ਖੜ੍ਹੇ ਕੀਤੇ ਹਨ। ਲੰਬੀ ਇਕ ਅਜਿਹਾ ਹਲਕਾ ਹੈ, ਜਿਹੜਾ ਪੰਜਾਬ ਦੀ ਰਾਜਨੀਤੀ ਵਿਚ ਬਹੁਤ ਸਮੇਂ ਤੋਂ ਚਰਚਾ ਵਿਚ ਰਿਹਾ ਹੈ। ਇਹ ਚਰਚਾ ਇਸ ਕਰਕੇ ਰਹੀ ਕਿਉਂਕਿ ਇਹ ਮੁੱਖ ਮੰਤਰੀ ਦਾ ਜੱਦੀ ਹਲਕਾ ਹੈ। ਹੁਣ ਤੱਕ ਇਹੀ ਕਿਹਾ ਜਾਂਦਾ ਰਿਹਾ ਹੈ ਕਿ ਇਸ ਹਲਕੇ ਤੋਂ ਬਾਦਲ ਨੂੰ ਹਰਾਉਣਾ ਬਹੁਤ ਮੁਸ਼ਕਿਲ ਹੈ ਪਰ ਜਿਹੋ ਜਿਹੀ ਘੇਰਾਬੰਦੀ ਇਸ ਵਾਰ ਨਜ਼ਰ ਆਈ ਹੈ, ਉਸ ਨੂੰ ਦੇਖਦਿਆਂ ਇਸ ਵਾਰ ਇਹ ਹਲਕਾ ਜ਼ਿਆਦਾ ਹੀ ਚਰਚਾ ਦਾ ਵਿਸ਼ਾ ਬਣ ਗਿਆ ਹੈ।





ਇਧਰ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦੋਸ਼ ਲਾਇਆ ਹੈ ਕਿ ਕੈਪਟਨ ਅਮਰਿੰਦਰ ਸਿੰਘ ਅਕਾਲੀਆਂ ਨਾਲ ਹੋਏ ਗੁਪਤ ਸਮਝੌਤੇ ਤਹਿਤ ਲੰਬੀ ਹਲਕੇ ਵਿੱਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਜਿੱਤ ਪੱਕੀ ਕਰਨ ਅਤੇ 'ਆਪ' ਦੇ ਉਮੀਦਵਾਰ ਜਰਨੈਲ ਸਿੰਘ ਨੂੰ ਹਰਾਉਣ ਲਈ ਚੋਣ ਲੜ ਰਹੇ ਹਨ। ਉਨ੍ਹਾਂ ਮੁੜ ਪੰਜਾਬ ਦਾ ਚੋਣ ਦੌਰਾ ਸ਼ੁਰੂ ਕਰਨ ਤੋਂ ਪਹਿਲਾਂ ਇੱਥੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦਾਅਵਾ ਕੀਤਾ ਕਿ ਸ੍ਰੀ ਬਾਦਲ ਨੇ ਕੈਪਟਨ ਕੋਲ ਪਹੁੰਚ ਕਰ ਕੇ ਕਿਹਾ ਹੈ ਕਿ ਉਨ੍ਹਾਂ (ਬਾਦਲ ਸਰਕਾਰ) ਨੇ ਉਸ ਵਿਰੁੱਧ ਚੱਲਦੇ ਕੇਸ ਠੱਪ ਕਰ ਦਿੱਤੇ ਹਨ ਅਤੇ ਹੁਣ ਕੈਪਟਨ ਇਸ ਦੇ ਇਵਜ਼ ਵਜੋਂ ਲੰਬੀ ਵਿੱਚ ਚੋਣ ਲੜ ਕੇ ਉਨ੍ਹਾਂ ਦੀ ਜਿੱਤ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਲੰਬੀ ਵਿੱਚ ਉਨ੍ਹਾਂ ਦੇ ਉਮੀਦਵਾਰ ਜਰਨੈਲ ਸਿੰਘ ਜਿੱਤ ਦੀ ਸਥਿਤੀ 'ਤੇ ਪੁੱਜ ਚੁੱਕੇ ਹਨ ਜਿਸ ਕਾਰਨ ਸ੍ਰੀ ਬਾਦਲ ਨੇ ਕੈਪਟਨ ਦਾ ਸਾਥ ਮੰਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੈਪਟਨ ਆਪਣੀ ਅਖੀਰਲੀ ਸਿਆਸੀ ਪਾਰੀ ਦੌਰਾਨ ਵੀ ਪੰਜਾਬੀਆਂ ਨਾਲ ਧਰੋਹ ਕਮਾ ਰਹੇ ਹਨ।

### ਚਰਚਿਤ ਸਿਆਸਤਦਾਨਾਂ ਨੂੰ ਘੇਰਨ ਲਈ ਚਰਚਿਤ ਚਿਹਰੇ

ਪੰਜਾਬ ਵਿਧਾਨ ਸਭਾ ਚੋਣਾਂ ਵਿਚ ਇਸ ਵਾਰ ਸੱਤਾਧਾਰੀ ਅਕਾਲੀ ਦਲ ਨੂੰ ਘੇਰਨ ਲਈ ਬਾਕੀ ਪਾਰਟੀਆਂ ਨੇ ਵੀ ਆਪਣੇ ਚਰਚਿਤ ਚਿਹਰੇ ਮੈਦਾਨ ਵਿਚ ਲਿਆਂਦੇ ਹਨ। ਬਿਕਰਮਜੀਤ ਸਿੰਘ ਮਜੀਠੀਆ ਨੂੰ ਘੇਰਨ ਲਈ ਜਿੱਥੇ ਆਮ ਆਦਮੀ ਪਾਰਟੀ ਨੇ ਆਪਣਾ ਤਾਕਤਵਰ ਉਮੀਦਵਾਰ ਸ੍ਰੀ ਸ਼ੇਰਗਿੱਲ ਨੂੰ ਉਤਾਰਿਆ ਹੈ, ਉਥੇ ਹੀ ਸੁਖਬੀਰ ਬਾਦਲ ਨੂੰ ਜਲਾਲਾਬਾਦ ਤੋਂ ਘੇਰਨ ਲਈ ਭਗਵੰਤ ਮਾਨ ਨੂੰ ਉਮੀਦਵਾਰ

(ਬਾਕੀ ਸਫਾ 5 ਤੇ)

## ਮਿਲਪੀਟਸ ਵਿਖੇ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖਦਿਆਂ ਹੋਇਆਂ ਵਿਸ਼ੇਸ਼ ਸੈਮੀਨਾਰ



(ਸਬੰਧਤ ਖਬਰ ਸਫਾ 3 ਤੇ)

## 'ਇਸ ਗਲੀ ਵਿਚ ਕੋਈ ਸਿਆਸੀ ਲੀਡਰ ਵੋਟਾਂ ਮੰਗਣ ਨਾ ਆਵੇ'

ਕੋਟਕਪੂਰਾ– ਕੋਟਕਪੂਰੇ ਸ਼ਹਿਰ ਅੰਦਰ ਸਥਾਪਿਤ ਵਿਰੋਧੀ ਲਹਿਰ ਦਾ ਰੁਕਣ ਦਾ ਨਾਂ ਨਹੀ ਲੈ ਰਹੀ। ਵਾਰਡ ਨੰਬਰ 26 ਸ਼ਹਿਰ ਦਾ ਇਹ ਤੀਜਾ ਵਾਰਡ ਹੈ ਜਿਥੇ ਹੁਣ ਵਿਧਾਇਕ ਮਨਤਾਰ ਸਿੰਘ ਬਰਾੜ ਵਿਰੁੱਧ ਉਥੋਂ ਦੇ ਵਸਨੀਕਾਂ ਨੇ ਫਲੈਕਸ ਟੰਗ ਕੇ ਆਪਣੇ ਵਾਰਡ ਵਿਚ ਵਿਕਾਸ ਨਾ ਹੋਣ ਕੇ ਰੋਹ ਪ੍ਰਗਟਾਇਆ ਹੈ। ਇਸ ਤੋਂ ਪਹਿਲਾਂ ਵਾਰਡ 8, ਵਾਰਡ 6, ਵਾਰਡ ਨੰਬਰ 9-10 ਵਿਚ ਵੀ ਵਿਧਾਇਕ ਨੂੰ ਲੋਕ ਰੋਹ ਦਾ ਸਾਹਮਣਾ ਕਰਨਾ ਪੈ ਚੁੱਕਾ ਹੈ। ਵਿਧਾਇਕ ਮਨਤਾਰ ਸਿੰਘ ਬਰਾੜ ਵੱਲੋਂ ਆਪਣੇ ਕਾਰਜਕਾਲ ਦੌਰਾਨ ਕਰਵਾਏ ਵਿਕਾਸ ਕਾਰਜਾਂ ਦੇ ਰਿਪੋਰਟ ਕਾਰਡ ਮੁਤਾਬਕ 115 ਕਰੋੜ 44 ਲੱਖ ਰੁਪਏ ਨਾਲ ਸ਼ਹਿਰ ਵਿਚ ਵਿਕਾਸ ਕਾਰਜ ਕਰਵਾਏ ਗਏ ਹਨ ਜਦਕਿ ਲੋਕ ਰੋਹ ਦੀ ਤਸਵੀਰ ਸੱਚਾਈ ਕੁਝ ਹੋਰ ਹੀ ਬਿਆਨ ਕਰ ਰਹੀ ਹੈ। ਪੰਜਾਬ ਸਰਕਾਰ ਵੱਲੋਂ ਪਿਛਲੇ ਪੰਜ ਸਾਲਾਂ ਵਿਚ ਆਈ ਗਰਾਂਟਾਂ ਨਾਲ ਹੋਏ ਵਿਕਾਸ ਕੰਮ ਸ਼ਹਿਰ ਵਾਸੀਆਂ ਲਈ ਇੱਕ ਬੁਝਾਰਤ ਬਣੇ ਹੋਏ ਹਨ। ਸ਼ਹਿਰ ਵਾਸੀ ਸਰਕਾਰੀ ਕਾਗਜ਼ਾਂ ਵਿਚ ਵਿਖਾਏ ਵਿਕਾਸ ਦੇ ਅੰਕੜਿਆਂ ਦੀ ਜਾਂਚ ਕਰਵਾਉਣ ਲਈ ਲੰਮੇਂ ਤੋਂ ਮੰਗ ਕਰਦੇ ਰਹੇ ਹਨ। ਵਾਰਡ ਨੰਬਰ 26 ਦੇ ਵਸਨੀਕ ਅਮੋਲਕ ਸਿੰਘ, ਮੁਖਤਿਆਰ ਸਿੰਘ, ਦੀਦਾਰ ਸਿੰਘ ਸੰਧੂ, ਬਲਵਿੰਦਰ ਸਿੰਘ, ਪਲਵਿੰਦਰ ਸਿੰਘ, ਜਸਵਿੰਦਰ ਸਿੰਘ ਆਦਿ ਨੇ ਦੱਸਿਆ ਕਿ ਉਨ੍ਹਾਂ ਦੀ ਗਲੀ ਵਿਚ ਪਿਛਲੇ ਲੰਮੇਂ ਸਮੇਂ ਤੋਂ ਕੋਈ ਵਿਕਾਸ ਦਾ ਕੰਮ ਨਹੀ ਹੋਇਆ। ਉਨ੍ਹਾਂ ਮੁਤਾਬਕ ਉਹ ਆਪਣੀ ਗਲੀ ਅਤੇ ਨਾਲੀਆਂ ਤੋਂ ਇਲਾਵਾ ਸਟਰੀਟ ਆਦਿ ਕੰਮਾਂ ਲਈ ਵਾਰ ਵਾਰ ਨਗਰ ਕੌਂਸਲ ਕੋਟਕਪੂਰੇ ਦੇ ਦਫਤਰ ਜਾਂਦੇ ਰਹੇ ਪ੍ਰੰਤੂ ਕੌਂਸਲ ਅਧਿਕਾਰੀਆਂ ਨੇ ਉਨ੍ਹਾਂ ਇਨ੍ਹਾਂ ਸਮੱਸਿਆਵਾਂ ਵੱਲ ਕੋਈ ਧਿਆਨ ਨਹੀ ਦਿੱਤਾ ਤੇ ਹਮੇਸ਼ਾ ਫ਼ੰਡ ਨਾ ਹੋਣ ਦਾ ਰੋਣਾ ਰੋਇਆ। ਉਨ੍ਹਾਂ ਮੁਤਾਬਕ ਉਹ ਪਿਛਲੇ ਲੰਮੇਂ ਤੋਂ ਸਹੂਲਤਾਂ ਦੀ ਮੰਗ ਕਰ ਰਹੇ। ਉਨ੍ਹਾਂ ਦੀਆਂ ਸਮੱਸਿਆਵਾਂ ਨਾ ਦੂਰ ਹੋਣ ਕਰਕੇ ਉਨ੍ਹਾਂ ਨੂੰ ਮਜਬੂਰਨ ਗਲੀ ਦੇ ਬਾਹਰ 'ਇਸ ਗਲੀ ਵਿਚ ਕੋਈ ਸਿਆਸੀ ਲੀਡਰ ਵੋਟਾਂ ਨਾ ਮੰਗਣ ਆਵੇ' ਦਾ ਫਲੈਕਸ ਲਾਉਣਾ ਪਿਆ।




SAROAY INVESTMENT REALTY
Ram Saroay
Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

ELITE REALTY SERVICES
7412 Elsie Ave Sacramento, CA 95828
Shaan Nijjar
(916) 751-8852
Shaan.Realtor@gmail.com
www.SellSacValley.com
Office:(916) 681-5112
Fax:(916) 721-2373
Buy / Sell Real Estate Residential or Commercial


Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

ONE | REALTYONEGROUP
AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ
510-689-4625
CalBre # 01423409
42820 Albrae St., Fremont, CA 94538


Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-338-5511
Email: IndiaMarketRoseville@gmail.com



ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS

ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



Appointments & Walk-Ins Welcome
Tuesday - Sunday: 11 AM - 8 PM


ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



INDIA BAZAAR


Jai Ram Gaught
Harjit Gaught (Happy)

INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (415) 706-7027
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਮਿਲਪੀਟਸ ਵਿਖੇ ਸਾਹਿਬ ਏ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖਦਿਆਂ ਹੋਇਆਂ ਵਿਸ਼ੇਸ਼ ਸੈਮੀਨਾਰ

**ਮਿਲਪੀਟਸ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਸਥਾਨਕ ਗੁਰਦੁਆਰਾ ਸਿੰਘ ਸਭਾ ਵਿਖੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਹਿਬ ਏ ਕਾਲ ਸਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿੱਚ ਇੱਕ ਵਿਸ਼ੇਸ਼ ਸੈਮੀਨਾਰ ਕਰਾਇਆ ਗਿਆ। ਇਸ ਸੈਮੀਨਾਰ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਅਸਿਸਟੈਂਟ ਪ੍ਰੋਫੈਸਰ ਡਾ. ਜਸਮਿੰਦਰ ਸਿੰਘ , ਪ੍ਰੋ. ਮਨਜਿੰਦਰ ਸਿੰਘ ਢੇਸੀ ਅਤੇ ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ.ਅਮਰਜੀਤ ਸਿੰਘ ਨੇ ਗੁਰੂ ਸਾਹਿਬ ਦੇ ਜੀਵਨ ਅਤੇ ਸਿਧਾਂਤਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਸੈਮੀਨਾਰ ਵਿੱਚ ਸਟੇਜ ਦਾ ਸੰਚਾਲਨ ਏ. ਜੀ. ਪੀ. ਸੀ ਦੇ ਕੋਆਰਡੀਨੇਟਰ ਡਾ.ਪਿਰਤਪਾਲ ਸਿੰਘ ਵੱਲੋਂ ਕੀਤਾ ਗਿਆ ਵੱਡੀ ਗਿਣਤੀ ਵਿੱਚ ਪਹੁੰਚੀਆਂ ਸਿੱਖ ਸੰਗਤਾਂ ਦੇ ਰੂ-ਬਰੂ ਹੁੰਦਿਆਂ ਪ੍ਰੋ. ਢੇਸੀ ਨੇ ਆਪਣੀ ਤਕਰੀਰ ਦੌਰਾਨ ਇਸ ਗੱਲ ਤੇ ਜ਼ੋਰ ਦਿੱਤਾ ਕਿ ਅੱਜ ਸਿੱਖਾਂ ਨੇ ਆਪ ਹੀ ਆਪਣੇ ਗੁਰੂ ਵੱਲ ਪਿੱਠ ਕਰ ਲਈ ਹੈ। ਸਿੱਖੀ ਦੇ ਦੁਸ਼ਮਣਾਂ ਦਾ ਤਾਂ ਕੰਮ ਹੈ ਸਿੱਖ ਸਿਧਾਂਤਾਂ ਅਤੇ ਫਲਸਫੇ ਨੂੰ ਨੁਕਸਾਨ ਪਹੁੰਚਾਉਣਾ ਪਰ ਗੁਰੂ ਵੱਲ ਕੀਤੀ ਸਾਡੀ ਆਪਣੀ ਪਿੱਠ ਅੱਜ ਸਾਡਾ ਜ਼ਿਆਦਾ ਨੁਕਸਾਨ ਕਰ ਰਹੀ ਹੈ। ਉਹਨਾਂ ਪਹੁੰਚੀਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਆਪਣੇ ਘਰਾਂ ਤੋਂ ਸ਼ੁਰੂ ਕਰਦਿਆਂ ਆਪਣੇ ਬੱਚਿਆਂ ਨੂੰ ਸਿੱਖੀ ਵਿਚਾਰਧਾਰਾ ਨਾਲ ਜੋੜੀਏ ਅਤੇ ਗੁਰੂ ਸਾਹਿਬ ਦੇ ਸੁਨੇਹੇ ਨੂੰ ਦੁਨੀਆਂ ਤੱਕ ਪਹੁੰਚਾਉਣ ਵਿਚ ਆਪਣਾ ਬਣਦਾ ਯੋਗਦਾਨ ਪਾਈਏ। ਪਟਿਆਲਾ ਤੋਂ ਵਿਸ਼ੇਸ਼ ਤੌਰ 'ਤੇ ਹੱਦ ਤੱਕ ਛੇੜਛਾੜ ਕੀਤੀ ਜਾ ਚੁੱਕੀ ਹੈ। ਕਿਸੇ ਵੀ ਕੌਮ ਲਈ ਇਹ ਬੜਾ ਅਹਿਮ ਹੁੰਦਾ ਹੈ ਕਿ ਸਹੀ ਦ੍ਰਿਸ਼ਟੀਕੋਣ ਤੋਂ ਰਚਿਆ




ਪਹੁੰਚੇ ਡਾ. ਜਸਵਿੰਦਰ ਸਿੰਘ ਨੇ ਕਿਹਾ ਕਿ ਸਾਨੂੰ ਆਪਣਾ ਇਤਿਹਾਸ ਸਾਂਭਣ ਦੀ ਲੋੜ ਹੈ, ਜਿਸ ਨਾਲ ਪਹਿਲਾਂ ਹੀ ਕਾਫੀ ਇਤਿਹਾਸ ਉਸ ਕੌਮ ਦੀਆਂ ਅਗਲੀਆਂ ਪੀੜ੍ਹੀਆਂ ਤੱਕ ਪਹੁੰਚੇ ਤਾਂ ਹੀ ਉਸ ਕੌਮ ਦੇ ਫਲਸਫੇ ਦੀ ਰੂਹ ਕਾਇਮ ਰਹਿ ਸਕਦੀ ਹੈ। ਇਸ ਸਬੰਧੀ ਉਹਨਾਂ ਸੰਗਤ ਨੂੰ ਅਪੀਲ ਕੀਤੀ ਕਿ ਅਜਿਹਾ ਕੋਈ ਉਪਰਾਲਾ ਕੀਤਾ ਜਾਵੇ, ਜਿਸ ਅਧੀਨ ਸਿੱਖ ਇਤਿਹਾਸ ਨੂੰ ਇਕੱਠਾ ਕਰ ਸਕੀਏ ਜੋ ਅੱਜ ਵੱਖੋ ਵੱਖ ਥਾਵਾਂ 'ਤੇ ਪਿਆ ਹੈ ਅਤੇ ਉਹਨਾਂ ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਗਏ ਉਪਰਾਲੇ ਲਈ ਉਹਨਾਂ ਦਾ ਧੰਨਵਾਦ ਕੀਤਾ। ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ. ਅਮਰਜੀਤ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਥਾਪੜਾ ਦੇ ਕੇ ਰਾਜ ਸਥਾਪਤ ਕਰਨ ਲਈ ਪੰਜਾਬ ਭੇਜਣ ਤੋਂ ਲੈ ਕੇ ਅੱਜ ਤੱਕ ਦੇ ਸਿੱਖਾਂ ਦੇ ਹਾਲਾਤਾਂ ਬਾਰੇ ਗੱਲ ਕਰਦਿਆਂ ਕਿਹਾ ਕਿ ਸਾਡੇ ਇਸ਼ਟ 'ਤੇ ਸਿੱਧਾ ਹਮਲਾ ਕੀਤਾ ਜਾ ਰਿਹਾ ਹੈ। ਅੱਜ ਸਾਨੂੰ ਲੋੜ ਹੈ ਕਿ ਅਸੀਂ ਗੁਰੂ ਸਾਹਿਬ ਵੱਲੋਂ ਦਰਸਾਏ ਰਾਹ ਤੇ ਚਲਦਿਆਂ ਬਾਬਾ ਬੰਦਾ ਸਿੰਘ ਬਹਾਦਰ ਦੀ ਤਰਜ਼ ਤੇ ਆਪਣਾ ਰਾਜ ਸਿਰਜੀਏ ਅਤੇ ਆਪਣੀ ਕੌਮ ਨੂੰ ਦਰਪੇਸ਼ ਮੁਸ਼ਕਿਲਾਂ ਦਾ ਹੱਲ ਕਰ ਸਕੀਏ। ਅੰਤ ਨੂੰ ਤਿੰਨਾਂ ਮੁੱਖ ਬੁਲਾਰਿਆਂ ਵੱਲੋਂ ਪ੍ਰੋ. ਪੂਰਨ ਸਿੰਘ ਦੀਆਂ ਲਿਖਤਾਂ ਤੇ ਆਧਾਰਿਤ ਇਕ ਕਿਤਾਬ ਜਿਸਦਾ ਸੰਕਲਨ ਡਾ. ਜਸਵਿੰਦਰ ਸਿੰਘ ਨੇ ਕੀਤਾ, ਰਿਲੀਜ਼ ਕੀਤੀ ਗਈ। ਏ. ਜੀ. ਪੀ. ਸੀ. ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਵੱਲੋਂ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ ਅਤੇ ਬੁਲਾਰਿਆਂ ਦਾ ਸਨਮਾਨ ਕੀਤਾ ਗਿਆ।

# ਗੁਰਦਵਾਰਾ ਯੂਬਾ ਸਿਟੀ, ਕੈਲੀਫੋਰਨੀਆ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ

## ਖਿਆੜਾ ਪਰਿਵਾਰ ਦਾ ਸਨਮਾਨ ਹੋਇਆ

**ਯੂਬਾ ਸਿਟੀ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਸਿੱਖ ਟੈਂਪਲ ਗੁਰਦਵਾਰਾ ਯੂਬਾ ਸਿਟੀ ਵਿੱਚ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ ਗਿਆ,ਨਵੰਬਰ 9 ਤੋਂ ਹੀ ਗੁਰੂਘਰ ਵਿੱਚ ਅਖੰਡ ਪਾਠ ਸਾਹਿਬ ਦੀ ਲੜੀ ਅਰੰਭ ਸੀ ਜਿਸ ਦੇ ਅਖੀਰਲੇ ਅਖੰਡ ਪਾਠ ਸਾਹਿਬ ਦੀ ਸੇਵਾ ਸਮੂਹ ਸਾਧ ਸੰਗਤ ਵੱਲੋਂ ਹੋਈ ਭੋਗ ਉਪਰੰਤ ਕੀਰਤਨ ਦੀਵਾਨ ਸਜਾਇਆ ਗਿਆ ਜਿਸ ਵਿੱਚ ਪੰਥ ਪ੍ਰਸਿੱਧ ਕੀਰਤਨੀ ਜੱਥੇ ਭਾਈ ਉਂਕਾਰ ਸਿੰਘ ਜੀ ਊਨੇ ਵਾਲੇ, ਭਾਈ ਨਿਰੰਜਨ ਸਿੰਘ ਜਵੱਦੀ ਕਲਾਂ ਵਾਲਿਆ ਨੇ ਕੀਰਤਨ ਨਾਲ ਅਤੇ ਬੀਬੀ ਚੰਚਲਦੀਪ ਕੌਰ ਖਾਲਸਾ ਦੇ ਢਾਢੀ ਜੱਥੇ ਨੇ ਢਾਢੀ ਵਾਰਾਂ ਨਾਲ ਅਤੇ ਭਾਈ ਸਾਹਿਬ ਸਿੰਘ ਜੀ ਹੈੱਡ ਗ੍ਰੰਥੀ ਗੁਰਦਵਾਰਾ ਸਾਹਿਬ ਨੇ ਗੁਰ ਇਤਿਹਾਸ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਗੁਰੂਘਰ ਦੇ ਸੈਕਟਰੀ ਸ: ਸਰਬਜੀਤ ਸਿੰਘ ਖਿਆੜਾ ਸਪੁਤਰ ਸ: ਮਹਿੰਦਰ ਸਿੰਘ ਖਿਆੜਾ ਸਮੂਹ ਖਿਆੜਾ ਪਰਿਵਾਰ ਜੂਨੀਅਰ ਖਿਆੜਾ,ਹਰਮਨ ਖਿਆੜਾ ਨੂੰ ਗੁਰੂਘਰ ਵਿੱਚ



ਕੀਤੀਆਂ ਬੇਅੰਤ ਸੇਵਾਵਾਂ ਕਰਕੇ ਸਮੂਹ ਪਰਿਵਾਰ ਨੂੰ ਗੁਰੂਘਰ ਦੇ ਪ੍ਰਧਾਨ ਸ:ਜਸਵੰਤ ਸਿੰਘ ਬੈਂਸ ਅਤੇ ਸਮੂਹ ਪ੍ਰਬੰਧਕਾਂ ਨੇ ਸਿਰਪਾਉ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ। ਖਿਆੜਾ ਪਰਿਵਾਰ ਦੀਆਂ ਸੇਵਾਵਾਂ ਵਿੱਚ ਖਾਸ ਕਰਕੇ 1 ਲੱਖ ਦਸ ਹਜਾਰ ਸਕੇਅਰ ਫੁੱਟ ਦੀ ਪਾਰਕਿੰਗ, ਜਿਸ ਵਿੱਚ ਤਕਰੀਬਨ 400 ਕਾਰਾਂ ਦੀ ਪਾਰਕਿੰਗ ਅਤੇ ਨਗਰ ਕੀਰਤਨ ਸਮੇਂ ਦੁਕਾਨਾਂ ਵਾਸਤੇ ਲੱਖਾਂ ਦੀ ਕੀਮਤ ਨਾਲ ਤਿਆਰ ਕੀਤੀ ਗਈ ਜਿਸ ਨਾਲ ਗੁਰੂਘਰ ਨੂੰ ਹਰ ਸਾਲ ਇਕ ਲੱਖ ਡਾਲਰ ਦੀ ਆਮਦਨ ਹੋਵੇਗੀ, ਨਗਰ ਕੀਰਤਨ ਦੌਰਾਨ ਆਤਸ਼ਿਬਾਜੀ ਦੀ ਸੇਵਾ ਤੇ ਹਰ ਸਾਲ ਨਿਸ਼ਾਨ ਸਾਹਿਬ ਦੀ ਸੇਵਾ ਵੀ ਖਿਆੜਾ ਪਰਿਵਾਰ ਹੀ ਕਰਦਾ ਹੈ।

ਇਹ ਜਾਣਕਾਰੀ ਗੁਰੂਘਰ ਦੇ ਖਜਾਨਚੀ ਸ: ਪਰਮਿੰਦਰ ਸਿੰਘ ਗਰੇਵਾਲ ਨੇ ਸੰਗਤਾਂ ਨਾਲ ਸਾਂਝੀ ਕੀਤੀ। ਇਸ ਦੌਰਾਨ ਸ: ਸਰਬਜੀਤ ਸਿੰਘ ਖਿਆੜਾ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਤੇ ਕਿਹਾ ਉਹ ਗੁਰੂ ਘਰ ਲਈ ਤੇ ਸੰਗਤਾਂ ਲਈ ਹਰ ਵਕਤ ਤੇ ਹਰ ਕੀਮਤ ਤੇ ਹਾਜਰ ਹਨ।

# ਅਮਰੀਕੀ ਪੰਜਾਬੀ ਕਵੀਆਂ ਵੱਲੋਂ ਗੁਰਦੁਆਰਾ ਸਾਹਿਬ ਮਿਲਪੀਟਸ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ

**ਮਿਲਪੀਟਸ (ਯੂ. ਐਸ. ਏ.), (ਪ੍ਰਵਾਨਾ)-** ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ ਪ੍ਰਵਾਹ ਨੂੰ ਗੁਰਦੁਆਰਿਆਂ ਵਿਚ ਸਥਾਈ ਤੌਰ 'ਤੇ ਪ੍ਰਚੱਲਿਤ ਕਰਨ ਦੇ ਆਸ਼ੇ ਨਾਲ ਵੱਖ-ਵੱਖ ਗੁਰਦੁਆਰਿਆਂ ਵਿਚ ਧਾਰਮਿਕ ਕਵੀ ਦਰਬਾਰਾਂ ਦੀ ਲੜੀ ਤਹਿਤ ਗੁਰਦੁਆਰਾ ਸਾਹਿਬ ਮਿਲਪੀਟਸ ਵਿਖੇ ਕੈਪਟਨ ਅਮਰਜੀਤ ਸਿੰਘ 'ਅਮਰ' ਵੱਲੋਂ ਆਪਣੇ ਪਰਿਵਾਰ ਦੀ ਖੁਸ਼ੀ ਦੇ ਪਾਠਾਂ ਵਿਚ ਸਥਾਨਕ ਅਮਰੀਕੀ ਪੰਜਾਬੀ ਕਵੀਆਂ ਨੂੰ ਧਾਰਮਿਕ ਕਵੀ ਦਰਬਾਰ ਸਜਾਉਣ ਦਾ ਸੱਦਾ ਦਿੱਤਾ, ਜਿਸ ਵਿਚ ਕਵੀਆਂ ਵੱਲੋਂ ਨਵੇਂ ਸਾਲ ਦੀ ਆਮਦ ਤੇ ਪਹਿਲੇ ਦਿਨ ਦੀ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿੱਖਿਆਵਾਂ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ।

ਇਸ ਕਵੀ ਦਰਬਾਰ ਵਿਚ ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਪ੍ਰੋ. ਸੁਰਜਤ ਸਿੰਘ ਨਨੂਆ, ਮਹਿੰਦਰ ਸਿੰਘ ਰਾਜਪੂਤ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਨੇ ਧਾਰਮਿਕ ਕਵਿਤਾਵਾਂ ਪੜ੍ਹੀਆਂ।

# ਆਪ ਤੇ ਕਾਂਗਰਸ ਨੇ ਕਦੇ ਵੀ ਪੰਜਾਬ ਦਾ ਭਲਾ ਨਹੀਂ ਚਾਹਿਆ-ਬਰਾੜ



ਮੋਗਾ- ਪਿੰਡ ਘੱਲ ਕਲਾਂ ਵਿਚ ਹਲਕਾ ਮੋਗਾ ਦੇ ਅਕਾਲੀ-ਭਾਜਪਾ ਗੱਠਜੋੜ ਦੇ ਸਾਂਝੇ ਉਮੀਦਵਾਰ ਬਰਜਿੰਦਰ ਸਿੰਘ ਮੱਖਣ ਬਰਾੜ ਨੇ ਵੱਖ ਵੱਖ ਪਿੰਡਾਂ ਤੋਂ ਆਏ ਸਮਰਥਕਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਨੇ ਦਸ ਸਾਲਾਂ ਵਿਚ ਆਟਾ-ਦਾਲ ਸਕੀਮ, ਦਲਿਤਾਂ ਨੂੰ ਮੁਫਤ ਬਿਜਲੀ, ਲੜਕੀਆਂ ਲਈ ਸ਼ਗਨ ਸਕੀਮ ਅਤੇ ਹੋਰ ਭਲਾਈ ਸਕੀਮਾਂ ਦਿੱਤੀਆਂ, ਉਹ ਕਾਂਗਰਸ 60 ਸਾਲਾਂ ਵਿਚ ਵੀ ਨਹੀਂ ਦੇ ਸਕੀ। ਇਸ ਮੌਕੇ ਕੈਬਨਿਟ ਮੰਤਰੀ ਜਥੇਦਾਰ ਤੋਤਾ ਸਿੰਘ ਨੇ ਆਪ 'ਤੇ ਵਰ੍ਹਦਿਆਂ ਕਿਹਾ ਕਿ ਹੁਣ ਤਾਂ ਇਹ ਪਾਰਟੀ ਮੁਕਾਬਲੇ ਤੋਂ ਬਾਹਰ ਹੋ ਗਈ ਹੈ ਅਤੇ ਇਹ ਤੀਲਾ-ਤੀਲਾ ਹੋ ਗਈ ਹੈ। ਇਸ ਮੌਕੇ ਜ਼ਿਲ੍ਹਾ ਮੋਗਾ ਭਾਜਪਾ ਪ੍ਰਧਾਨ ਤਿਰਲੋਚਨ ਸਿੰਘ ਗਿੱਲ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸਾਬਕਾ ਸਰਪੰਚ ਬਲਦੇਵ ਸਿੰਘ, ਗੁਰਬਿੰਦਰ ਸਿੰਘ ਅਤੇ ਹੋਰ ਸੱਜਣ ਵੀ ਹਾਜ਼ਰ ਸਨ।

**ਰਿਪੋਰਟ- ਡਾ. ਬਲਰਾਜ ਜੱਖੂ**

# ਡਾ. ਜਸਵੰਤ ਰਾਏ ਦੇ ਪਿਤਾ ਦਾ ਵਿਛੋੜਾ

ਇਹ ਖਬਰ ਬੜੇ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਡਾ. ਜਸਵੰਤ ਰਾਏ ਦੇ ਪਿਤਾ ਸ੍ਰੀ ਮੋਹਨ ਲਾਲ 14 ਜਨਵਰੀ ਨੂੰ ਸੰਖੇਪ ਬਿਮਾਰੀ ਬਾਅਦ 80 ਸਾਲ ਦੀ ਉਮਰ ਭੋਗ ਕੇ ਸਦੀਵੀ ਵਿਛੋੜਾ ਦੇ ਗਏ ਹਨ। ਉਹਨਾ ਦਾ ਜਨਮ 1937 ਵਿਚ ਹੋਇਆ ਸੀ। ਉਹ ਪੜ੍ਹੇ-ਲਿਖੇ ਭਾਵੇਂ ਨਹੀਂ ਸਨ ਪਰ ਉਨ੍ਹਾਂ ਨੇ ਸਾਰੇ ਬੱਚਿਆਂ ਨੂੰ ਵਿੱਤ ਮੁਤਾਬਕ ਸਿੱਖਿਆ ਦਿੱਤੀ। ਡਾ. ਜਸਵੰਤ ਰਾਏ ਪੀ. ਐਚ. ਡੀ. ਪੰਜਾਬੀ ਵਿਚ ਹਨ ਅਤੇ ਉਹਨਾਂ ਨੇ ਪੰਜਾਬੀ ਲੋਕਧਾਰਾ ਵਿਚ ਖੋਜ ਕਰਕੇ ਆਪਣਾ ਨਾਂ ਬਣਾਇਆ ਹੈ। ਗਦਰੀ ਬਾਬੂ ਹਰਨਾਮ ਸਿੰਘ ਸਾਹਰੀ ਉਪਰ ਜਸਵੰਤ ਰਾਏ ਦੀ ਪੁਸਤਕ ਦੇਸ਼ ਤੋਂ ਬਾਹਰ ਵੀ ਮਕਬੂਲ ਹੋ ਰਹੀ ਹੈ। ਸ੍ਰੀ ਮੋਹਨ ਲਾਲ ਦੀਆਂ ਦੋਵੇਂ ਬੇਟੀਆਂ ਜਸਵਿੰਦਰ ਕੌਰ ਅਤੇ ਮਨਜੀਤ ਕੌਰ ਵਿਆਹੀਆਂ ਬਰੀਆਂ ਹਨ ਅਤੇ ਉਨ੍ਹਾਂ ਨੇ ਮੈਟ੍ਰਿਕ ਤੇ ਗ੍ਰੈਜ਼ੁਏਸ਼ਨ ਕੀਤੀ ਹੋਈ ਹੈ। ਛੋਟਾ ਬੇਟਾ ਰਮੇਸ਼ ਕੁਮਾਰ ਕੁਵੈਤ ਗਿਆ ਹੋਇਆ ਹੈ। ਮੋਹਨ ਲਾਲ ਹੁਰਾਂ ਦੀ ਧਰਮ ਪਤਨੀ ਪਹਿਲਾਂ ਹੀ ਕੁਝ ਸਾਲ ਪਹਿਲਾਂ ਇਸ ਸੰਸਾਰ ਨੂੰ ਅਲਵਿਦਾ ਕਹਿ ਚੁੱਕੇ ਹਨ। ਮੋਹਨ ਲਾਲ ਹੁਰਾਂ ਖੇਤੀ ਤੇ ਵਪਾਰ ਦੇ ਸਿਰ ਤੇ ਪਰਿਵਾਰ ਦੀ ਪਰਵਰਿਸ਼ ਕੀਤੀ। ਜਿਹੜਾ ਕੰਮ ਵੀ ਕੀਤਾ ਪੂਰੇ ਧੜੱਲੇ, ਇਮਾਨਦਾਰੀ ਅਤੇ ਬਿਨਾਂ ਦਬਾਅ ਦੇ ਕੀਤਾ। ਦੇਹਾਂਤ ਹੋਣ ਤੋਂ ਕੁਝ ਦਿਨ ਪਹਿਲਾਂ ਤੱਕ ਉਹ ਸਰੀਰਕ ਤੇ ਮਾਨਸਿਕ ਤੌਰ ਤੇ ਤੰਦਰੁਸਤ ਜੀਵਨ ਹੰਢਾ ਰਹੇ ਸਨ। ਉਨ੍ਹਾਂ ਦੇ ਜਾਣ ਨਾਲ ਪਰਿਵਾਰ ਨੂੰ ਵੱਡਾ ਧੱਕਾ ਲੱਗਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਜਿਸਦੇ ਜਸਵੰਤ ਰਾਏ ਕਾਰਜਕਾਰਨੀ ਦੇ ਮੈਂਬਰ ਹਨ, ਮੋਹਨ ਲਾਲ ਦੇ ਚਲਾਣੇ ਉਪਰ ਪੂਰੇ ਪਰਿਵਾਰ ਨਾਲ ਆਪਣੀ ਹਮਦਰਦੀ ਪ੍ਰਗਟਾਉਂਦੀ ਹੋਈ ਕਾਮਨਾ ਕਰਦੀ ਹੈ ਕਿ ਪਰਿਵਾਰ ਇਸ ਦੁੱਖ ਨੂੰ ਤਕੜਾ ਹੋ ਕੇ ਝੱਲ ਸਕੇ। ਸਾਹਿਤ ਸਭਾ ਹੁਸ਼ਿਆਰਪੁਰ ਵੀ ਇਸ ਦੁੱਖ ਦੀ ਘੜੀ ਵਿਚ ਡਾ. ਜਸਵੰਤ ਰਾਏ ਅਤੇ ਉਸਦੇ



ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦੀ ਹੈ। ਅਦਾਰਾ 'ਦੇਸ਼ ਦੁਆਬਾ' ਵੱਲੋਂ ਡਾ. ਜਸਵੰਤ ਰਾਏ ਦੇ ਸਮੂਹ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ।

## ਲੋਕਤੰਤਰ ਦੀ ਉਲਝਣ ਵਿਚ

# ਕਿਸ ਪਾਰਟੀ ਦਾ 'ਰਾਜਨੀਤਿਕ ਟਾਈਟੈਨਿਕ ਜਹਾਜ਼' ਡੁੱਬ ਜਾਵੇ, ਕੋਈ ਪਤਾ ਨਹੀਂ



ਪੰਮੀ ਲਾਲੋ ਮਜਾਰਾ
91-95011-43755

ਪੰਜਾਬ ਤੋਂ ਲੈ ਕੇ ਉਤਰ-ਪ੍ਰਦੇਸ਼ ਤੱਕ ਹਰ ਪਾਰਟੀ, ਹਰ ਸਿਆਸੀ ਮਾਹਿਰ, ਹਰ ਅਖਬਾਰ, ਹਰ ਚੈਨਲ ਤੇ ਹਰ ਬੰਦੇ ਦਾ ਮਨ ਉਲਝਿਆ ਪਿਆ ਹੈ ਕਿ ਇਸ ਵਾਰ ਦੀਆਂ ਚੋਣਾਂ 'ਚ ਆਖਿਰ ਹੋਵੇਗਾ ਕੀ? ਪੰਜਾਬ 'ਚ ਕਾਂਗਰਸ ਨੂੰ ਹਰ ਹਲਕੇ ਤੋਂ ਆਪਣੇ ਹੀ ਬਾਗੀਆਂ ਨਾਲ ਮਹਾਂਭਾਰਤ ਲੜਨਾ ਪੈ ਰਿਹਾ ਹੈ ਤੇ ਉਤਰ ਪ੍ਰਦੇਸ਼ 'ਚ ਕੋਮਾ 'ਚੋਂ ਬਾਹਰ ਆਉਣ ਲਈ ਹਰ ਹੀਲਾ ਵਰਤਣ ਦੀ ਤਿਆਰੀ 'ਚ ਹੈ। ਭਾਜਪਾ ਦੀ ਸਥਿਤੀ ਵੀ ਬੁਰੀ ਤੋਂ ਬੁਰੀ ਹੀ ਕਹੀ ਜਾ ਸਕਦੀ ਹੈ।

ਪੰਜਾਂ ਸੂਬਿਆਂ 'ਚੋਂ ਸਿਰਫ ਭਾਜਪਾ ਦੀ ਅੱਖ ਉੱਤਰ ਪ੍ਰਦੇਸ਼ 'ਤੇ ਹੀ ਫੋਕਸ ਹੈ। ਮਤਲਬ ਭਾਜਪਾ ਨੂੰ ਸਿਰਫ ਉਤਰ ਪ੍ਰਦੇਸ਼ ਹੀ ਚਾਹੀਦਾ ਹੈ, ਹੋਰ ਕੁਝ ਨਹੀਂ। ਸਮਾਜਵਾਦੀ ਪਾਰਟੀ ਦੇ ਸਾਈਕਲ ਨੂੰ ਮੋਟਾ ਪੈਂਚਰ ਤਾਂ ਹੋ ਹੀ ਚੁੱਕਾ ਹੈ, ਹੁਣ ਸਾਇਕਲ ਦੇ ਬਾਕੀ ਪੁਰਜ਼ਿਆਂ ਲਈ ਮਾਰੋਮਾਰੀ ਹੋ ਰਹੀ ਹੈ। ਚੋਣ ਜਾਬਤਾ ਲੱਗ ਚੁੱਗਾ ਹੈ। ਸਪਾ ਕੋਈ ਨਵਾਂ ਸਾਇਕਲ ਵੀ ਨਹੀਂ ਖਰੀਦ ਸਕਦੀ ਤੇ ਪੁਰਾਣਾ ਵੀ ਕਿਸੇ ਕੰਮ ਆਉਣ ਵਾਲਾ ਨਹੀਂ ਹੈ। ਕੁੱਲ ਮਿਲਾ ਕੇ ਪਿਓ-ਪੁੱਤ ਦੀ ਲੜਾਈ ਦੇ ਕਰਕੇ। ਮਾਰਚ ਤੋਂ ਬਾਅਦ ਪੂਰੇ ਉੱਤਰ ਪ੍ਰਦੇਸ਼ ਵਿਚ ਸਪਾ ਦਾ ਸਿਆਸੀ ਜਲੂਸ ਨਿਕਲਣਾ ਤਹਿ ਹੈ। ਪੰਜਾਬ ਵਿਚ ਅਕਾਲੀ ਦਲ ਟਿਕਵੀਂ ਹਾਲਤ ਵਿਚ ਵੇਖਿਆ ਜਾ ਸਕਦਾ ਹੈ। ਮਤਲਬ ਨਾ ਬਹੁਤੀ ਵਿਰੋਧਤਾ ਤੇ ਨਾ ਹੀ ਬਹੁਤਾ ਸਮਰਥਨ। ਚੋਣਾਂ ਤੰਕ ਵਰਕਰ ਅੰਦਰੋਂ ਅੰਦਰੀ ਕੀ ਕਰ ਦੇਣ, ਇਹ ਦੇਖਣ ਵਾਲੀ ਗੱਲ ਜ਼ਰੂਰ ਹੋਵੇਗੀ। ਆਪ ਮੁੱਖ ਮੰਤਰੀ ਦੇ ਅਹੁਦੇ ਤੇ ਵੰਡੀ ਨਜ਼ਰ ਆਉਂਦੀ ਹੈ, ਪਲੋਪੇ ਜਿੰਨੇ ਮਰਜੀ ਆਪ ਪਾਉਣ ਦੀ ਕੋਸ਼ਿਸ਼ ਕਰੀ ਜਾਵੇ। ਭਗਵੰਤ ਮਾਨ ਨੇ ਸੁਖਬੀਰ ਦੇ ਖਿਲਾਫ ਜਿੱਤਣਾ ਤਾਂ ਹੈ ਨਹੀਂ, ਉਹ ਮੁੱਖ ਮੰਤਰੀ ਦੀ ਤਿਆਰੀ ਕਿਵੇਂ ਕਰੀ ਬੈਠਾ ਹੈ, ਸਮਝ ਨਹੀਂ ਆਉਂਦੀ। ਜਦਕਿ ਚੁਣੇ ਹੋਏ ਆਪ ਦੇ ਵਿਧਾਇਕ ਮੁੱਖ ਮੰਤਰੀ ਦੇ ਅਹੁਦੇ ਬਾਰੇ ਫੈਸਲਾ ਕਰਨਗੇ। ਕੇਜਰੀਵਾਲ ਖੁਦ ਹੀ ਕਹਿ ਚੁੱਕਾ ਹੈ ਕਿ ਭਗਵੰਤ ਵਿਚ ਐਨੀ ਸੁਝ-ਬੂਝ ਨਹੀਂ ਹੈ। ਜੇ ਭਗਵੰਤ ਮਾਨ ਨੇ ਮੁੱਖ ਮੰਤਰੀ ਦੇ ਅਹੁਦੇ 'ਤੇ ਟੇਕ ਹੀ ਰੱਖਣੀ ਸੀ ਤਾਂ ਉਹ ਕਿਸੇ ਸੁਰੱਖਿਅਤ ਹਲਕੇ ਤੋਂ ਚੋਣ ਲੜਦਾ ਤਾਂ ਬਿਹਤਰ ਸੀ।

ਗੁਰਪ੍ਰੀਤ ਘੁੱਗੀ ਨੂੰ ਛੱਡ ਕੇ ਆਪ ਦੇ ਬਾਕੀ ਜਿੰਨੇ ਵੀ ਮੁੱਖ ਮੰਤਰੀ ਦੇ ਦਾਅਵੇਦਾਰ ਸਨ, ਉਹ ਹਰ ਹਾਲਤ ਵਿਚ ਬਲੀ ਚੜ੍ਹ ਜਾਣਗੇ। ਚਾਹੇ ਲੰਬੀ ਤੋਂ ਜਰਨੈਲ ਸਿੰਘ ਹੋਵੇ, ਚਾਹੇ ਜਲਾਲਾਬਾਦ ਤੋਂ ਭਗਵੰਤ ਮਾਨ ਤੇ ਚਾਹੇ ਮਜੀਠਾ ਤੋਂ ਹਿੰਮਤ ਸਿੰਘ ਸ਼ੇਰਗਿੱਲ ਹੋਵੇ। ਆਪ ਦੇ ਨੇਤਾ ਤੇ ਵਰਕਰ ਖੁਦ ਅੰਦਰੋ ਅੰਦਰੀ ਇਕ ਦਰਦ ਹੰਢਾ ਰਹੇ ਹਨ ਕਿ ਆਖਿਰ ਜੇ ਪੰਜਾਬ ਵਿਚ ਆਪ ਜਿੱਤੀ ਤਾਂ ਮੁੱਖ ਮੰਤਰੀ ਕੌਣ ਹੋਵੇਗਾ। ਰਹਿੰਦਾ-ਖੂੰਹਦਾ ਜ਼ਖਮਾਂ 'ਤੇ ਲੂਣ ਮਨੀਸ਼ ਸਿਸੋਦੀਆ ਨੇ ਛਿੜਕ ਦਿੱਤਾ ਹੈ, ਇਹ ਕਹਿ ਕਿ ਪੰਜਾਬ ਦਾ ਮੁੱਖ ਮੰਤਰੀ ਕੇਜਰੀਵਾਲ ਹੋਵੇਗਾ। ਪੰਜਾਬ 'ਚ ਬਸਪਾ ਸਿਰਫ ਅੱਧੀ ਕੁ ਦਰਜਨ ਸੀਟਾਂ ਤੇ ਮੁਕਾਬਲੇ ਵਿਚ ਵੇਖੀ ਜਾ ਰਹੀ ਹੈ।

ਦੂਸਰੇ ਪਾਸੇ 2007 ਦੀ ਤਰ੍ਹਾਂ ਪੂਰਾ ਉੱਤਰ ਪ੍ਰਦੇਸ਼ ਇਸ ਵਾਰ ਵੀ ਨੀਲਾ-ਨੀਲਾ ਹੋਣ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ। ਇਸ ਸਭ ਬੁਣ-ਉਧੇੜ ਦੇ ਵਿਚ ਸਿਆਸੀ ਪ੍ਰਸਥਿਤੀ ਸਾਫ ਨਜ਼ਰ ਨਹੀਂ ਆ ਰਹੀ। ਮਤਲਬ ਕਿ ਆਪਣੇ ਆਪ ਨੂੰ ਸ਼ਾਹਕਾਰ ਕਹਾਉਣ ਵਾਲੀ ਕਿਸ ਪਾਰਟੀ ਦਾ ਸਿਆਸੀ ਟਾਈਟੈਨਿਕ ਜਹਾਜ਼ ਇਸ ਵਾਰ ਲੋਕ ਡੋਬ ਕੇ ਰੱਖ ਦੇਣ, ਇਸ ਗੱਲ ਦੀ ਉਡੀਕ 11 ਮਾਰਚ ਤੱਕ ਕਰਨੀ ਹੋਵੇਗੀ।

### ਕਾਂਗਰਸ ਤੇ ਭਾਜਪਾ ਰਿਸ਼ਤੇਦਾਰਾਂ ਲਈ ਤੜਪੀਆਂ

ਸਭ ਤੋਂ ਪਹਿਲਾਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਹ ਦਮਗੱਜਾ ਮਾਰਿਆ ਸੀ ਕਿ ਇਕ ਪਰਿਵਾਰ 'ਚੋਂ ਸਿਰਫ ਇਕ ਨੂੰ ਹੀ ਟਿਕਟ ਮਿਲੇਗੀ, ਬਸ਼ਰਤੇ ਕਿ ਉਸ ਪਰਿਵਾਰ 'ਚੋਂ ਪਹਿਲਾਂ ਕੋਈ ਸੰਸਦ ਮੈਂਬਰ ਤੇ ਜਾਂ ਕਿਸੇ ਹੋਰ ਅਹੁਦੇ ਤੇ ਨਾ ਹੋਵੇ। ਪਰ ਆਖਿਰ ਤੇ ਆ ਕੇ ਕੈਪਟਨ ਹਾਰ ਗਿਆ। ਮਤਲਬ ਜਲੰਧਰ ਤੋਂ ਮੌਜੂਦ ਸੰਸਦ ਮੈਂਬਰ ਸ੍ਰੀ ਸੰਤੋਖ ਚੌਧਰੀ ਦੇ ਬੇਟੇ ਵਿਕਰਮਜੀਤ ਚੌਧਰੀ ਨੂੰ ਫਿਲੌਰ ਹਲਕੇ ਤੋਂ ਟਿਕਟ ਦੇ ਦਿੱਤੀ ਗਈ ਤੇ ਪਹਿਲਾਂ ਇਹ ਟਿਕਟ ਵਿਕਰਮਜੀਤ ਚੌਧਰੀ ਦੀ ਮਾਤਾ ਨੂੰ ਦੇ ਦਿੱਤੀ ਗਈ। ਹਾਲਾਂਕਿ ਅਕਾਲੀ ਦਲ 'ਚੋਂ ਗਿਆ ਸਰਵਣ ਸਿੰਘ ਫਿਲੌਰ ਵੀ ਇੱਥੋਂ ਤਕੜਾ ਦਾਅਵੇਦਾਰ ਸੀ। ਪਰ ਲੱਗਦਾ ਉਸ ਦੀ ਸ਼ਰੀਫੀ ਦਾ ਜਿਹੜਾ ਫਾਇਦਾ ਅਕਾਲੀ ਦਲ ਉਠਾਉਂਦਾ ਰਿਹੈ ਤੇ ਉਹੀ ਨਜਾਇਜ਼ ਫਾਇਦਾ ਕਾਂਗਰਸ ਵੀ ਉਠਾ ਗਈ। ਉਧਰ ਲਾਲ ਸਿੰਘ ਦੇ ਬੇਟੇ ਨੂੰ ਵੀ ਟਿਕਟ ਦੇ ਦਿੱਤੀ ਗਈ ਤੇ ਰਹਿੰਦੀ ਸੂਚੀ ਵਿਚ ਸ਼ਾਇਦ ਲਾਲ ਸਿੰਘ ਵੀ ਬਾਜ਼ੀ ਮਾਰ ਜਾਵੇ। ਉਧਰ ਪ੍ਰਧਾਨ ਮੰਤਰੀ ਵੀ ਐਲਾਨ ਕਰ ਚੁੱਕੇ ਹਨ ਕਿ ਭਾਜਪਾ ਵਾਲੇ ਆਪਣੇ ਪੁੱਤਰਾਂ ਤੇ ਭਤੀਜਿਆਂ ਲਈ ਟਿਕਟਾਂ ਨਾ ਮੰਗਣ। ਪਰ ਉਤਰ ਪ੍ਰਦੇਸ਼ ਵਿਚ ਰਾਜਨਾਥ ਸਿੰਘ ਆਪਣੇ ਬੇਟੇ ਪੰਕਜ ਲਈ, ਕਲਰਾਜ ਮਿਸ਼ਰਾ ਆਪਣੇ ਬੇਟੇ ਅਮਿਤ ਮਿਸ਼ਰਾ ਲਈ ਤੇ ਰਾਜਸਥਾਨ ਦੇ ਰਾਜਪਾਲ ਕਲਿਆਣ ਸਿੰਘ ਆਪਣੀ ਤੀਜੀ ਪੀੜ੍ਹੀ ਦਾ ਫਿਕਰ ਕਰਦੇ ਹੋਏ, ਮਤਲਬ ਪੋਤਰੇ ਦੀ ਟਿਕਟ ਲਈ ਲੇਲੜੀਆਂ ਕੱਢ ਰਹੇ ਹਨ। ਹਾਲਾਂਕਿ ਉਸਦਾ ਆਪਣਾ ਪੁੱਤਰ ਰਾਜਵੀਰ ਸਿੰਘ ਖੁਦ ਮੌਜੂਦ ਲੋਕ ਸਭਾ ਦਾ ਮੈਂਬਰ ਹੈ।

### ਸਾਬਕਾ ਕਾਂਗਰਸੀ ਮੁੱਖ ਮੰਤਰੀਆਂ ਦੀਆਂ ਧੀਆਂ ਦਾ ਦਰਦ

ਪੰਜਾਬ ਤੇ ਉਤਰ ਪ੍ਰਦੇਸ਼ ਦੇ ਦੋ ਸਾਬਕਾ ਮਰਹੂਮ ਮੁੱਖ ਮੰਤਰੀਆਂ ਦੇ ਧੀਆਂ ਦੇ ਦਰਦ ਨੂੰ ਸ਼ਾਇਦ ਮੌਜੂਦਾ ਕਾਂਗਰਸ ਸਮਝ ਹੀ ਨਹੀਂ ਸਕੀ ਤੇ ਉਹ ਦੋਵੇਂ ਭਾਜਪਾ ਦੇ ਪਿੰਜਰੇ 'ਚ ਕੈਦ ਹੋ ਗਈਆਂ। ਪਹਿਲਾਂ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਰਹੇ ਬਹੁਗੁਣਾ ਦੀ ਧੀ ਭਾਜਪਾ 'ਚ ਗਈ ਤੇ ਹੁਣ ਪੰਜਾਬ ਦੇ ਮੁੱਖ ਮੰਤਰੀ ਰਹੇ ਸ. ਬੇਅੰਤ ਸਿੰਘ, ਜਿਸਦੀ 1992 ਵਿਚ ਚੰਡੀਗੜ੍ਹ ਦੇ ਸਕੱਤਰੇਤ 'ਚ ਖਾਲਸਤਾਨੀਆਂ ਨੇ ਹੱਤਿਆ ਕਰ ਦਿੱਤੀ ਸੀ, ਦੀ ਧੀ ਗੁਰਕੰਵਲ ਕੌਰ ਕਾਂਗਰਸ 'ਚ ਸਿਆਸੀ ਸੌਫੈਕੈਸ਼ਨ ਦੇ ਚਲਦਿਆਂ ਭਾਜਪਾ 'ਚ ਚਲੀ ਗਈ। ਬੇਅੰਤ ਸਿੰਘ ਦਾ ਪਰਿਵਾਰ ਪੰਜਾਬ 'ਚ ਸ਼ਾਂਤੀ ਸਥਾਪਤ ਕਰਨ ਦਾ ਸਿਹਰਾ ਬੇਅੰਤ ਸਿੰਘ ਦੇ ਸਿਰ ਹਮੇਸ਼ਾ ਹੀ ਬੰਨ੍ਹਦਾ ਰਿਹੈ। ਫਿਰ ਸਮਝ ਨਹੀਂ ਆਉਂਦੀ ਕਿ ਪੰਜਾਬ 'ਚ ਸ਼ਾਂਤੀ ਲਿਆਉਣ ਵਾਲੇ ਕਾਂਗਰਸ ਦੇ ਵਿਚ ਅਸ਼ਾਂਤੀ ਨਾਲ ਕਿੰਦਾਂ ਦਿਨ ਕੱਟੀ ਕਰਦੇ ਰਹੇ। ਚੱਲ ਬੀਬਾ ਕਾਂਗਰਸ ਵਿਚ ਸਾਹ ਘੁਟਦਾ ਸੀ, ਕਾਂਗਰਸ ਛੱਡ ਦਿੱਤੀ। ਖੁੱਲ੍ਹਾ ਹਵਾ (ਭਾਜਪਾ) 'ਚ ਸਾਹ ਤਾਂ ਲਵੋ। ਬਾਕੀ ਸਿਆਸੀ ਕੈਰੀਅਰ ਬਾਅਦ ਵਿਚ ਵੇਖਿਆ ਜਾਊ।

### ਲੰਮੀ ਤੋਂ ਕੌਣ ਲੰਮਾ ਪਊ

ਜੇ ਕੈਪਟਨ ਵੀ ਲੰਬੀ ਤੋਂ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੇ ਖਿਲਾਫ ਚੋਣ ਮੈਦਾਨ 'ਚ ਉਤਰਦਾ ਹੈ ਤਾਂ ਕੋਈ ਬਹੁਤਾ ਗੰਭੀਰ ਮਸਲਾ ਹੋਣ ਵਾਲਾ ਨਹੀਂ ਹੈ। ਹਾਂ ਇਸ ਤੀਸਰੀ ਧਿਰ ਲੜਾਈ 'ਚ ਜੇ ਜਰਨੈਲ ਸਿੰਘ ਜੋ ਆਪ ਦਾ ਉਮੀਦਵਾਰ ਹੈ, ਦਾ ਸੂਤ ਲੱਗ ਗਿਆ ਤਾਂ ਵੁਹ ਪੂਰੇ ਪੰਜਾਬ 'ਚ ਹੀਰੋ ਬਣ ਜਾਵੇਗਾ ਤੇ ਆਪ ਦੇ ਮੁੱਖ ਮੰਤਰੀ ਦੇ ਅਹੁਦੇ ਤੰਕ ਵੀ ਅੱਪੜ ਸਕਦਾ ਹੈ। ਜੇ ਸ. ਬਾਦਲ ਹਾਰ ਗਿਆ ਤਾਂ ਅਕਾਲੀ ਦਲ ਨੂੰ ਕੋਈ ਬਹੁਤਾ ਫਰਕ ਨਹੀਂ ਪੈਣਾ, ਕਿਉਂਕਿ ਉਹ ਸਭ ਕੁਝ ਆਪਣੇ ਜਿਉਂਦੇ ਜੀਅ ਸ. ਸੁਖਬੀਰ ਸਿੰਘ ਬਾਦਲ ਨੂੰ ਆਪਣੀ ਸਾਰੀ ਸਿਆਸੀ ਵਿਰਾਸਤ ਸੌਂਪਣ ਦੀ ਤਿਆਰੀ ਵਿਚ ਹਨ। ਜੇ ਕੈਪਟਨ ਹਾਰ ਗਿਆ ਤਾਂ ਪਾਰਟੀ ਦੇ ਅੰਦਰੋਂ ਹੀ ਤਿੱਖੇ ਸੁਰ ਉਭਰਨੇ ਲਾਜ਼ਮੀ ਹਨ, ਬੇਸ਼ੱਕ ਉਹ ਇਕ ਸੀਟ ਤੋਂ (ਪਟਿਆਲਾ) ਤੋਂ ਜਿੱਤ ਵੀ ਜਾਣ। ਜੇ ਕੈਪਟਨ ਨੇ ਆਪਣੀ ਮਜ਼ਬੂਤ ਸਿਆਸੀ ਹੋਂਦ ਦਿਖਾਉਣੀ ਸੀ ਤਾਂ ਉਹ ਸੁਖਬੀਰ ਬਾਦਲ ਦੇ ਖਿਲਾਫ ਜਾਂ ਬਿਕਰਮਜੀਤ ਮਜੀਠੀਆ ਦੇ ਖਿਲਾਫ ਚੋਣ ਲੜਦਾ। ਜੋ ਮਰਜ਼ੀ ਹੋਵੇ ਜਿਹੜਾ ਵੀ ਲੰਬੀ ਤੋਂ ਲੰਮਾ (ਹਾਰ) ਪੈ ਗਿਆ, ਫਿਰ ਉਹਦਾ ਬਾਕੀ ਦਾ ਸਾਰਾ ਸਿਆਸੀ ਕੈਰੀਅਰ ਸੁੱਤੇ ਦਾ ਹੀ ਸੰਘ ਜਾਣਾ ਹੈ।

### ਕਾਂਗਰਸ ਵਿਚ ਸਭ ਤੋਂ ਵੱਧ ਬਗਾਵਤ

ਇਸ ਵਕਤ ਪੰਜਾਬ ਵਿਚ ਜੇ ਕਿਸੇ ਪਾਰਟੀ ਵਿਚ ਸਭ ਤੋਂ ਵੱਧ ਬਗਾਵਤ ਹੈ ਤਾਂ ਉਹ ਹੈ ਕਾਂਗਰਸ ਪਾਰਟੀ। ਜਲੰਧਰ, ਰੋਪੜ, ਜਗਰਾਉਂ, ਭਦੌੜ, ਲੁਧਿਆਣਾ, ਬਲਾਚੌਰ, ਨਵਾਂ ਸ਼ਹਿਰ, ਬੰਗਾ, ਫਗਵਾੜਾ ਤੇ ਫਿਲੌਰ ਕੀ ਹਰ ਥਾਂ ਹੀ ਕਾਂਗਰਸ ਖਿੱਲਰੀ ਨਜ਼ਰ ਆਉਂਦੀ ਹੈ। ਜੇ 2012 ਦੀ ਤਰ੍ਹਾਂ ਇਸ ਵਾਰ ਵੀ ਕੈਪਟਨ ਅਮਰਿੰਦਰ ਸਿੰਘ ਦਾ ਸਿਆਸੀ 'ਟਾਈਟੈਨਿਕ' ਜਹਾਜ਼ ਡੁੱਬ ਜਾਵੇ ਤਾਂ ਕਿਸੇ ਨੂੰ ਕੋਈ ਬਹੁਤੀ ਹੈਰਾਨੀ ਵੀ ਨਹੀਂ ਹੋਣੀ ਚਾਹੀਦੀ।

ਜੇ ਮੁੜ 2012 ਦਾ ਇਤਿਹਾਸ ਦੁਹਰਾ ਹੋ ਗਿਆ ਤਾਂ ਇਸ ਪਿੱਛੇ ਸਭ ਤੋਂ ਵੱਡਾ ਹੱਥ ਅੰਬਿਕਾ ਸੋਨੀ ਦਾ ਹੀ ਹੋਵੇਗਾ। ਜਿਸਨੇ ਟਿਕਟਾਂ ਵੰਡਣ ਦੀ ਦਿਲਚਸਪੀ ਕੈਪਟਨ ਅਮਰਿੰਦਰ ਤੋਂ ਵੀ ਵੱਧ ਦਿਖਾਈ।

# ਕਰਤਾਰਪੁਰ ਤੋਂ ਬਸਪਾ ਉਮੀਦਵਾਰ ਬਲਵਿੰਦਰ ਕੁਮਾਰ ਨੇ ਦਾਖਲ ਕੀਤੇ ਨਾਮਾਂਕਨ ਪੱਤਰ

**ਫਗਵਾੜਾ (ਰੱਤੂ)-** ਬਹੁਜਨ ਸਮਾਜ ਪਾਰਟੀ (ਬਸਪਾ) ਦੇ ਵਿਧਾਨਸਭਾ ਹਲਕਾ ਕਰਤਾਰਪੁਰ ਤੋਂ ਉਮੀਦਵਾਰ ਬਲਵਿੰਦਰ ਕੁਮਾਰ ਨੇ ਅੱਜ ਸੋਮਵਾਰ ਨੂੰ ਨਾਮਾਂਕਨ ਪੱਤਰ ਦਾਖਲ ਕਰ ਦਿੱਤੇ। ਨਾਮਾਂਕਨ ਪੱਤਰ ਦਾਖਲ ਕਰਨ ਤੋਂ ਬਾਅਦ ਬਲਵਿੰਦਰ ਕੁਮਾਰ ਨੇ ਕਿਹਾ ਕਿ ਉਹ ਲੋਕਾਂ ਦੇ ਸਰਵਪੱਖੀ ਵਿਕਾਸ, ਭਾਈਚਾਰੇ ਤੇ ਖੁਸ਼ਹਾਲੀ ਦੇ ਮੁੱਦੇ 'ਤੇ ਚੋਣ ਲੜ ਰਹੇ ਹਨ। ਸੁਸਾਇਟੀ ਦੀਆਂ ਸਮੱਸਿਆਵਾਂ ਨੂੰ ਲੈ ਕੇ ਉਹ ਪਹਿਲਾਂ ਤੋਂ ਗੰਭੀਰ ਰਹੇ ਹਨ, ਇਸੇ ਕਰਕੇ ਹੀ ਉਨ੍ਹਾਂ ਨੇ ਸਰਕਾਰੀ ਅਫਸਰ (ਅਸਿਸਟੈਂਟ ਪਬਲਿਕ ਰਿਲੇਸ਼ਨ ਅਫਸਰ) ਦੀ ਨੌਕਰੀ ਛੱਡ ਕੇ ਰਾਜਨੀਤੀ ਦੇ ਮੈਦਾਨ ਵਿਚ ਕਦਮ ਰੱਖਿਆ, ਤਾਂਕਿ ਸਿਸਟਮ ਵਿਚ ਸੁਧਾਰ ਕਰਕੇ ਲੋਕਾਂ ਲਈ ਚੰਗਾ ਮਾਹੌਲ ਤਿਆਰ ਕੀਤਾ ਜਾ ਸਕੇ। ਬਲਵਿੰਦਰ ਕੁਮਾਰ ਨੇ ਕਿਹਾ ਕਿ ਕਰਤਾਰਪੁਰ ਦੇ ਲੋਕਾਂ ਤੋਂ ਮਿਲ ਰਹੇ ਭਰਵੇਂ ਹੁੰਗਾਰੇ ਤੋਂ ਸਾਫ ਹੈ ਕਿ ਉਨ੍ਹਾਂ ਦੀ ਇਸ ਹਲਕੇ ਤੋਂ ਜਿੱਤ ਤੈਅ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿਚ ਹੁਣ ਤੱਕ ਬਣਦੀਆਂ ਆ ਰਹੀਆਂ ਅਕਾਲੀ ਦਲ-ਕਾਂਗਰਸ ਸਰਕਾਰਾਂ ਨੇ ਲੋਕਾਂ ਦੇ ਚੰਗੇ ਹਾਲਾਤ ਲਿਆਉਣ ਲਈ ਕਦੇ ਗੰਭੀਰਤਾ ਨਾਲ ਕੰਮ ਨਹੀਂ ਕੀਤਾ। ਮਾੜੀ ਕਾਨੂੰਨ ਵਿਵਸਥਾ, ਖਰਾਬ ਸਿੱਖਿਆ ਤੇ ਸਿਹਤ ਵਿਵਸਥਾ, ਬੇਰੁਜ਼ਗਾਰੀ ਤੋਂ ਪਰੇਸ਼ਾਨ ਲੋਕਾਂ ਦੀ ਸੁਣਵਾਈ ਨਹੀਂ ਕੀਤੀ ਗਈ। ਬਲਵਿੰਦਰ ਕੁਮਾਰ ਨੇ ਕਰਤਾਰਪੁਰ ਹਲਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਵਾਰ ਉਹ ਬਦਲਾਅ, ਵਿਕਾਸ ਤੇ ਭਾਈਚਾਰੇ ਲਈ ਬਸਪਾ ਦੇ ਹੱਕ ਵਿਚ ਵੋਟ ਪਾਉਣ। ਇਸ ਮੌਕੇ 'ਤੇ ਬਸਪਾ ਆਗੂ ਕੂਰਾ ਰਾਮ, ਚਮਨ ਲਾਲ, ਸਾਦੀ ਲਾਲ, ਅਮਰਜੀਤ ਨੰਗਲ, ਹਰਜਿੰਦਰ ਸ਼ੇਖੇ, ਜਸਪਾਲ ਕੁੱਕੂ, ਜਗਦੀਸ਼, ਆਨੰਦ ਰੱਲ, ਰੂਬੀ ਬੱਲ, ਹਨੀ ਵਿਰਦੀ, ਸ਼ਾਮ ਕਟਾਰੀਆ, ਸੰਜੀਵ ਮੇਹਰਾ, ਲਵਪ੍ਰੀਤ ਭੋਗਪੁਰ, ਹਰਜਿੰਦਰ ਬਿੱਲਾ ਸਮੇਤ ਪਾਰਟੀ ਦੇ ਕਈ ਹੋਰ ਆਗੂ ਤੇ ਵਰਕਰ ਵੀ ਮੌਜੂਦ ਸਨ।



# ਲੰਬੇ ਸਮੇਂ ਬਾਅਦ ਚਰਚਾ ਦਾ ਵਿਸ਼ਾ ਬਣਿਆ 'ਲੰਬੀ'

(ਸਫਾ 1 ਦੀ ਬਾਕੀ)

ਬਣਾਇਆ ਹੈ। ਪਟਿਆਲਾ ਤੋਂ ਕੈਪਟਨ ਅਮਰਿੰਦਰ ਸਿੰਘ ਨੂੰ ਘੇਰਨ ਲਈ ਅਕਾਲੀ ਦਲ ਨੇ ਭਾਰਤੀ ਫੌਜ ਦੇ ਸਾਬਕਾ ਮੁਖੀ ਜਨਰਲ ਜੇ. ਜੇ. ਸਿੰਘ ਨੂੰ ਉਤਾਰਿਆ ਹੈ।

ਬੀਬੀ ਰਾਜਿੰਦਰ ਕੌਰ ਭੱਠਲ ਨੂੰ ਘੇਰਨ ਲਈ ਅਕਾਲੀ ਦਲ ਨੇ ਸੁਖਦੇਵ ਸਿੰਘ ਢੀਂਡਸਾ ਦੇ ਮੁੰਡੇ ਨੂੰ ਉਤਾਰ ਦਿੱਤਾ ਹੈ, ਜੋ ਕਿ ਇਸ ਵਕਤ ਪੰਜਾਬ ਦੇ ਵਿੱਤ ਮੰਤਰੀ ਹਨ। ਇਸ ਘੇਰ-ਘਿਰਾਓ ਦਰਮਿਆਨ ਇਕ ਚਿਹਰਾ ਅਜਿਹਾ ਬਚਿਆ ਹੈ, ਜਿਹੜੇ ਕਿਸੇ ਘੇਰੇ ਵਿਚ ਨਹੀਂ ਆ ਰਿਹਾ ਅਤੇ ਉਹ ਹੈ ਆਮ ਆਦਮੀ ਪਾਰਟੀ ਦਾ ਕਨਵੀਨਰ ਅਰਵਿੰਦ ਕੇਜਰੀਵਾਲ।

ਉਹ ਨਿਰੰਤਰ ਪੰਜਾਬ ਦੇ ਸਾਰੇ ਹਲਕਿਆਂ ਵਿਚ ਪ੍ਰਚਾਰ ਕਰ ਰਿਹਾ ਹੈ, ਜਦਕਿ ਬਾਕੀ ਲੀਡਰਾਂ ਨੂੰ ਆਪੋ-ਆਪਣੇ ਹਲਕਿਆਂ ਵਿਚ ਵਖਤ ਪਿਆ ਹੋਇਆ ਹੈ। ਪੰਜਾਬ ਵਿਚ ਚੋਣਾਂ ਦੀ ਤਿਆਰੀ ਕਾਫੀ ਸਮੇਂ ਤੋਂ ਚੱਲ ਰਹੀ ਹੈ, ਇਸ ਕਰਕੇ ਪ੍ਰਚਾਰ ਦੀ ਇੰਨੀ ਜ਼ਿਆਦਾ ਜ਼ਰੂਰਤ ਨਹੀਂ ਪਰ ਜਿਹਨਾਂ ਉਮੀਦਵਾਰਾਂ ਦੇ ਹਲਕੇ ਬਦਲੇ ਗਏ ਹਨ ਅਤੇ ਜਿਹਨਾਂ ਨੂੰ ਅਣਜਾਣ ਹਲਕਿਆਂ ਤੋਂ ਟਿਕਟ ਮਿਲੀ ਹੈ, ਉਹਨਾਂ ਦੀਆਂ ਮੁਸ਼ਕਿਲਾਂ ਕਾਫੀ ਵੱਧ ਗਈਆਂ ਹਨ, ਕਿਉਂਕਿ ਪ੍ਰਚਾਰ ਲਈ ਹੁਣ ਬਹੁਤ ਘੱਟ ਵਕਤ ਰਹਿ ਗਿਆ ਹੈ।

# ਮੱਧ ਸਾਗਰ ਹਾਦਸੇ 'ਚ 180 ਮੌਤਾਂ ਦਾ ਖਦਸ਼ਾ

**ਰੋਮ-** ਮੱਧ ਸਾਗਰ ਵਿੱਚ ਸ਼ਨਿਚਰਵਾਰ ਨੂੰ ਸ਼ਰਨਾਰਥੀ ਸਮੁੰਦਰੀ ਜਹਾਜ਼ ਨਾਲ ਵਾਪਰੇ ਹਾਦਸੇ ਵਿੱਚ ਚਾਰ ਵਿਅਕਤੀਆਂ ਦੀ ਮੌਤ ਗਈ ਜਦਕਿ ਤਕਰੀਬਨ 180 ਵਿਅਕਤੀ, ਜਿਨ੍ਹਾਂ ਦੇ ਮਾਰੇ ਜਾਣ ਦਾ ਖ਼ਦਸ਼ਾ ਹੈ, ਲਾਪਤਾ ਹਨ। ਇਹ ਜਾਣਕਾਰੀ ਰਾਹਤ ਦਲ ਦੇ ਅਧਿਕਾਰੀਆਂ ਨੇ ਇਸ ਹਾਦਸੇ 'ਚੋਂ ਬਚੇ ਕੁਝ ਵਿਅਕਤੀਆਂ ਨਾਲ ਗੱਲਬਾਤ ਮਗਰੋਂ ਦਿੱਤੀ।

ਆਈਓਐਮ (ਇੰਟਰਨੈਸ਼ਨਲ ਆਰਗੇਨਾਈਜ਼ੇਸ਼ਨ ਫਾਰ ਮਾਈਗਰੇਸ਼ਨ) ਅਤੇ ਸੰਯੁਕਤ ਰਾਸ਼ਟਰ ਸ਼ਰਨਾਰਥੀ ਏਜੰਸੀ (ਯੂਐਨਐਚਸੀਆਰ) ਦੇ ਰਾਹਮ ਕਾਮਿਆਂ ਨੇ ਲਿਬੀਆ 'ਚ ਵਾਪਰੇ ਜਲ ਹਾਦਸੇ 'ਚੋਂ ਬਚੇ ਚਾਰ ਮੁਸਾਫ਼ਰਾਂ ਨਾਲ ਗੱਲਬਾਤ ਕਰ ਕੇ ਜਾਣਕਾਰੀ ਇਕੱਠੀ ਕੀਤੀ। ਇਨ੍ਹਾਂ ਚਾਰ ਮੁਸਾਫਰਾਂ 'ਚੋਂ ਦੋ ਐਰੀਟਰੀ ਤੇ ਦੋ ਇਥੋਪੀਆ ਦੇ ਵਸਨੀਕ ਹਨ ਤੇ ਉਹ ਬੀਤੀ ਸ਼ਾਮ ਸਿਸਲੀ ਦੀ ਟਰੈਪੇਨੀ ਬੰਦਰਗਾਹ ਪਹੁੰਚੇ ਹਨ।

# ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਹੁਸੈਨਪੁਰ ਹੋਏ 'ਆਪ' ਵਿਚ ਸ਼ਾਮਲ

## ਜ਼ਿਲ੍ਹਾ ਨਵਾਂ ਸ਼ਹਿਰ ਵਿਚ ਬਾਦਲ ਦਲ ਹੋਇਆ ਹੋਰ ਕਮਜ਼ੋਰ

**ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ)-** ਜ਼ਿਲ੍ਹਾ ਨਵਾਂ ਸ਼ਹਿਰ ਵਿਚ ਅਕਾਲੀ ਦਲ ਬਾਦਲ ਨੂੰ ਉਦੋਂ ਕਰਾਰਾ ਝਟਕਾ ਲੱਗਿਆ ਜਦੋਂ ਇਸ ਜ਼ਿਲ੍ਹੇ ਦੇ ਹਲਕੇ ਬਲਾਚੌਰ ਤੋਂ ਚੁਣੇ ਹੋਏ ਮੈਂਬਰ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਮਹਿੰਦਰ ਸਿੰਘ ਹੁਸੈਨਪੁਰ ਆਪਣੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ। 'ਆਪ' ਦੇ ਪੰਜਾਬ ਪ੍ਰਭਾਰੀ ਸ੍ਰੀ ਸੰਜੇ ਸਿੰਘ ਨੇ ਜਥੇਦਾਰ ਹੁਸੈਨਪੁਰੀ, ਜਥੇਦਾਰ ਜੈ ਸਿੰਘ ਦਿਲਾਵਰਪੁਰ ਸਾਬਕਾ ਮੀਤ ਪ੍ਰਧਾਨ, ਜ਼ਿਲ੍ਹਾ ਨਵਾਂ ਸ਼ਹਿਰ, ਸ੍ਰੀ ਹਰਪ੍ਰਭਮਹਿਲ ਸਿੰਘ ਕੌਂਸਲਰ ਅਤੇ ਉਹਨਾਂ ਦੇ ਸਾਥੀਆਂ ਦਾ ਪਾਰਟੀ ਵਿਚ ਸ਼ਾਮਲ ਹੋਣ 'ਤੇ ਜ਼ੋਰਦਾਰ ਸਵਾਗਤ ਕੀਤਾ। ਇਸ ਮੌਕੇ ਹਲਕਾ ਨਵਾਂ ਸ਼ਹਿਰ ਦੇ 'ਆਪ' ਉਮੀਦਵਾਰ ਸ੍ਰੀ ਚਰਨਜੀਤ ਸਿੰਘ ਚੰਨੀ ਵੀ ਹਾਜ਼ਰ ਸਨ। ਕਈ ਦਹਾਕੇ ਬਾਦਲ ਦਲ ਦੇ ਜ਼ਿਲ੍ਹਾ ਪ੍ਰਧਾਨ ਰਹੇ ਸ੍ਰੀ ਹੁਸੈਨਪੁਰੀ ਸਿੱਖ ਸਿਆਸਤ ਵਿਚ ਇਕ ਟਕਸਾਲੀ ਆਗੂ ਵਜੋਂ ਜਾਣੇ ਜਾਂਦੇ ਹਨ। ਉਹਨਾਂ ਨੇ ਬੀਤੇ ਵਰ੍ਹੇ ਬਰਗਾੜੀ ਕਾਂਡ



ਮੋਗਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਬੇਅਦਬੀ ਤੋਂ ਦੁਖੀ ਹੋ ਕੇ ਬਾਦਲ ਦਲ ਤੋਂ ਅਸਤੀਫਾ ਦੇ ਦਿੰਤਾ ਸੀ। ਉਨ੍ਹਾਂ ਦੇ 'ਆਪ' ਵਿਚ ਚਲੇ ਜਾਣ ਨਾਲ, ਪਹਿਲਾਂ ਤੋਂ ਹੀ ਪੰਥਕ ਹਲਕਿਆਂ ਤੇ ਤਕੜੇ ਵਿਰੋਧ ਦਾ ਸਾਹਮਣਾ ਕਰ ਰਹੇ ਬਾਦਲ ਦਲ ਦੀ ਹਾਲਤ ਹੋਰ ਵੀ ਪਤਲੀ ਹੋ ਗਈ ਹੈ।

ਤਾਜ਼ਾ ਹਾਲਾਤ ਮੁਤਾਬਕ ਇਸੇ ਜ਼ਿਲ੍ਹੇ ਨਾਲ ਸਬੰਧਤ ਦੂਜੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਸੁਖਦੇਵ ਸਿੰਘ ਭੌਰ ਦੀਆਂ ਵੀ ਸ੍ਰੀ ਕੇਜਰੀਵਾਲ ਨਾਲ ਮੇਲ ਮੁਲਾਕਾਤਾਂ ਚੱਲ ਰਹੀਆ ਹਨ। ਬਰਗਾੜੀ ਕਾਂਡ ਮੌਕੇ ਭਾਵੇਂ ਸ੍ਰੀ ਭੌਰ ਅਤੇ ਸ੍ਰੀ ਹੁਸੈਨਪੁਰ ਦੇ ਨਾਲ ਹੀ ਤੀਜੇ ਮੈਂਬਰ ਭਾਈ ਗੁਰਬਖਸ਼ ਸਿੰਘ ਖਾਲਸਾ ਨੇ ਵੀ ਬਾਦਲ ਦਲ ਤੋਂ ਅਸਤੀਫਾ ਦੇ ਦਿੰਤਾ ਸੀ। ਪਰ ਉਸਨੇ ਮਹੀਨੇ ਕੁ ਵਿਚ ਹੀ ਆਪਣਾ ਰੋਸਾ ਭੁਲਾ ਕੇ ਬਾਦਲ ਦਲ ਵਿਚ ਛੜੱਪਾ ਮਾਰ ਦਿੱਤਾ ਸੀ। ਇੰਝ ਜ਼ਿਲ੍ਹੇ ਨਵਾਂ ਸ਼ਹਿਰ ਵਿਚ ਬਾਦਲ ਦਲ ਨਾਲ ਇਹੋ 'ਸਵਾ ਲੱਖ' ਮੈਂਬਰ ਰਹਿ ਗਿਆ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਦਿਹਾੜਾ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

## ਭਾਈ ਜਸਪਾਲ ਸਿੰਘ ਤੇ ਸਮੂਹ ਪਰਿਵਾਰ ਅਤੇ ਸਮੂਹ ਸਾਧ ਸੰਗਤ ਦੁਆਰਾ ਕੀਤੀ ਗਈ ਸੇਵਾ ਤਸਵੀਰਾਂ ਦੀ ਜ਼ੁਬਾਨੀ











# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਵਿਖੇ ਲੋਹੜੀ ਦਾ ਤਿਉਹਾਰ ਮਨਾਇਆ











ਦੇਸ਼ ਦੁਆਬਾ

# ਡੋਨਾਲਡ ਟਰੰਪ ਦੀ ਤਾਜਪੋਸ਼ੀ

ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਸ੍ਰੀ ਡੋਨਾਲਡ ਟਰੰਪ 20 ਜਨਵਰੀ ਨੂੰ ਅਮਰੀਕਾ ਦੇ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਜਾ ਰਹੇ ਹਨ। ਇਸ ਵਕਤ ਉਹਨਾਂ ਸਾਹਮਣੇ ਜੋ ਚੁਣੌਤੀਆਂ ਹਨ, ਉਹਨਾਂ ਵਿਚ ਘਰੇਲੂ ਅਤੇ ਕੌਮਾਂਤਰੀ ਦੋਵੇਂ ਕਿਸਮ ਦੀਆਂ ਹਨ। ਅਮਰੀਕਾ ਦਾ ਰਾਸ਼ਟਰਪਤੀ ਕਿਉਂਕਿ ਕੌਮਾਂਤਰੀ ਪੱਧਰ ਦਾ ਲੀਡਰ ਮੰਨਿਆ ਜਾਂਦਾ ਹੈ, ਇਸ ਕਰਕੇ ਉਹਨਾਂ ਦੇ ਲਈ ਕੌਮਾਂਤਰੀ ਚੁਣੌਤੀਆਂ ਵੀ ਬਹੁਤ ਜ਼ਿਆਦਾ



ਹਨ। ਇਸ ਸਮੇਂ ਦੁਨੀਆਂ ਵਿਚ ਆਰਥਿਕ, ਰਾਜਨੀਤਿਕ ਅਤੇ ਵਿਸ਼ਵ ਸ਼ਾਂਤੀ ਪੱਖੋਂ ਧਾਰਨਾਵਾਂ ਨੂੰ ਖੋਰਾ ਲੱਗਦਾ ਜਾ ਰਿਹਾ ਹੈ। ਸੋਵੀਅਤ ਸੰਘ ਦੇ ਟੁੱਟਣ ਤੋਂ ਬਾਅਦ ਰੂਸ ਨੇ ਆਪਣਾ ਗੁਆਚਿਆ ਮਾਣ ਪ੍ਰਾਪਤ ਕਰਨ ਲਈ ਫੌਜੀ ਸ਼ਕਤੀ ਨੂੰ ਹੀ ਇਕ ਵਾਰ ਫਿਰ ਹਥਿਆਰ ਬਣਾਇਆ ਹੈ। ਰੂਸ ਦੇ ਖਿੰਡਣ ਤੋਂ ਬਾਅਦ ਅਮਰੀਕਾ ਹੀ ਦੁਨੀਆਂ ਦਾ ਸ਼ਕਤੀਸ਼ਾਲੀ ਅਤੇ ਇੱਕਜੁਟ ਮੁਲਕ ਬਚਿਆ ਸੀ ਪਰ ਅਮਰੀਕਾ ਦੁਆਰਾ ਯੂਕਰੇਨ ਤੱਕ ਨਾਟੋ ਦੇ ਵਿਸਥਾਰ ਨੂੰ ਰੂਸ ਲਗਾਤਾਰ ਖੋਰਾ ਲਗਾ ਰਿਹਾ ਹੈ। ਚੀਨ ਨੂੰ ਘੇਰਨ ਲਈ ਅਮਰੀਕਾ ਜਾਪਾਨ, ਆਸਟ੍ਰੇਲੀਆ ਅਤੇ ਭਾਰਤ ਦਾ ਸਾਂਝਾ ਗਰੁੱਪ ਬਣਾਉਣ ਦੇ ਯਤਨ ਕਰ ਰਿਹਾ ਹੈ। ਕਿਊਬਾ, ਲਿਬੀਆ, ਇਰਾਕ, ਇਰਾਨ, ਉਤਰੀ ਕੋਰੀਆ ਅਤੇ ਸੀਰੀਆ ਆਦਿ ਦੇਸ਼ਾਂ 'ਤੇ ਵੱਖ-ਵੱਖ ਦੋਸ਼ ਲਗਾ ਕੇ ਕਈ ਕਿਸਮ ਦੀਆਂ ਪਾਬੰਦੀਆਂ ਲਗਾਈਆਂ ਗਈਆਂ। ਅਫਗਾਨਿਸਤਾਨ ਤੇ ਇਰਾਕ ਉਤੇ ਹਮਲਾ ਕਰਕੇ ਕਠਪੁਤਲੀ ਸਰਕਾਰਾਂ ਬਣਾਈਆਂ ਪਰ ਇਹਨਾਂ ਮੁਲਕਾਂ ਵਿਚ ਲਗਾਤਾਰ ਬਗਾਵਤਾਂ ਜਾਰੀ ਹਨ। ਇਸ ਦੇ ਨਾਲ ਹੀ ਅਮਰੀਕਾ ਦੇ ਲਈ ਵਿਸ਼ਵ ਆਰਥਿਕ ਮੰਦਵਾੜਾ ਵੀ ਇਕ ਵੱਡੀ ਚੁਣੌਤੀ ਹੈ। ਅਮਰੀਕਾ ਸਮੇਤ ਸਾਰਾ ਯੂਰਪ ਇਸ ਦੀ ਲਪੇਟ ਵਿਚ ਹੈ ਅਤੇ ਇਸ ਦਾ ਅਸਰ ਏਸ਼ੀਆ ਤੇ ਵੀ ਦੇਖਿਆ ਜਾ ਸਕਦਾ ਹੈ। ਕਿਸੇ ਵਕਤ ਅਮਰੀਕਾ ਅਤੇ ਯੂਰਪ ਵਿਸ਼ਵ ਵਪਾਰ ਵਿਚ ਮੋਹਰੀ ਹੋਇਆ ਕਰਦੇ ਸਨ ਪਰ ਹੁਣ ਇਹ ਤਵਾਜ਼ਨ ਏਸ਼ੀਆ ਵੱਲ ਖਿਸਕਦਾ ਜਾ ਰਿਹਾ ਹੈ। ਚੀਨ ਦੀ ਆਰਥਿਕ ਉਨਤੀ ਤੋਂ ਬਾਅਦ ਭਾਰਤ ਨੇ ਵੀ ਆਰਥਿਕ ਪੱਖੋਂ ਆਪਣੇ ਆਪ ਨੂੰ ਮਜ਼ਬੂਤ ਬਣਾਉਣ ਦੀਆਂ ਕੋਸ਼ਿਸ਼ਾਂ ਵਿੱਢੀਆਂ ਹਨ। 2008 ਵਿਚ ਆਈ ਮੰਦੀ ਵਿਚੋਂ ਨਿਕਲਣ ਲਈ ਓਬਾਮਾ ਪ੍ਰਸ਼ਾਸਨ ਨੇ ਬਹੁਤ ਤਾਕਤ ਲਗਾਈ ਹੈ ਪਰ ਹੁਣ ਤੱਕ ਸਮੱਸਿਆ ਪੂਰੀ ਤਰ੍ਹਾਂ ਹੱਲ ਨਹੀਂ ਹੋ ਸਕੀ। ਅਰਥਚਾਰਾ ਹੀ ਕਿਸੇ ਮੁਲਕ ਦੀ ਤਾਕਤ ਦਾ ਅਹਿਮ ਪਹਿਲੂ ਹੁੰਦਾ ਹੈ ਪਰ ਆਰਥਿਕ ਮੋਰਚੇ ਦੇ ਉਤੇ ਸ੍ਰੀ ਟਰੰਪ ਕੀ ਕਰ ਪਾਉਂਦੇ ਹਨ, ਇਹ ਉਹਨਾਂ ਦੀ ਪ੍ਰਾਪਤੀ ਜਾਂ ਨਾਕਾਮੀ ਦਾ ਹਿੱਸਾ ਹੋਵੇਗਾ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-18

## ਗੁਰਮਤਿ ਵਿੱਚ ਪਰਧਾਨ ਦੀ ਪ੍ਰੀਭਾਸ਼ਾ ਕੀ ਹੈ?

ਪਰਧਾਨ-ਸਭ ਤੋਂ ਉੱਚੇ, ਸ੍ਰੇਸ਼ਟ, ਉੱਤਮ, ਜਥੇਦਾਰ, ਆਗੂ, ਵਡਿਆਈ ਵਾਲੇ, ਮੁਖੀਏ ਮਾਈ ਭਾਈ ਜਿੰਨ੍ਹਾਂ ਨੇ ਰੱਬ ਨੂੰ ਅੰਦਰ ਵਸਿਆ ਜਾਣ ਲਿਆ-ਜਿਨਿ ਮਨਿ ਵਸਿਆ ਪਾਰਬ੍ਰਹਮ ਸੇ ਪੂਰੇ ਪਰਧਾਨ॥ (੪੫) ਅਤੇ ਜਿੰਨ੍ਹਾਂ ਨੇ ਦਿਲ ਸੱਚੇ ਗੁਰੂ ਨਾਲ ਜੋੜ ਲਿਆ ਹੈ-ਜਿਨਾ ਸਤਿਗੁਰ ਸਿਉ ਚਿਤੁ ਲਾਇਆ ਸੇ ਪੂਰੇ ਪਰਧਾਨ॥ (੪੫) ਜੋ ਦੁਨਿਆਵੀ ਰੁਤਬਿਆਂ ਵਾਲੇ ਲੀਡਰਾਂ ਅਤੇ ਡੇਰੇਦਾਰ ਸੰਪ੍ਰਦਾਈ ਸਾਧਾਂ ਨੂੰ ਛੱਡ ਕੇ ਕੇਵਲ ਕਰਤਾਰ ਨੂੰ ਹੀ ਸੀਸ ਨਿਵਾਉਂਦੇ ਹਨ-ਪੂਰੇ ਤੇ ਪਰਧਾਨ ਨਿਵਾਵਹਿ ਪ੍ਰਭ ਮਥਾ॥(੭੦੯) ਅਤੇ-ਜਿਨਾ ਮੁਹਬਤਿ ਇਕ ਸਿਉ ਤੇ ਪੂਰੇ ਪਰਧਾਨ॥੨॥ (੧੧੦੨) ਗੁਰੂ ਦੀ ਸ਼ਰਨ ਵਿੱਚ ਜਿੰਨ੍ਹਾਂ ਨੂੰ ਹਿਰਦੇ ਤਖਤ ਤੇ ਬੈਠਣ ਭਾਵ ਮਾਇਆ ਪਿੱਛੇ ਭਟਕਣ ਤੋਂ ਬਚੇ ਰਹਿਣ ਦੀ ਇਜ਼ਤ ਮਿਲਦੀ ਹੈ, ਉਨ੍ਹਾਂ ਨੂੰ ਕਰਤਾਰ ਆਗੂ ਪ੍ਰਧਾਨ ਬਣਾ ਦਿੰਦਾ ਹੈ-ਜਿਨ ਕਉ ਤਖਤਿ ਮਿਲੈ ਵਡਿਆਈ ਗੁਰਮੁਖਿ ਸੇ ਪਰਧਾਨ ਕੀਏ॥(੧੧੭੨) ਜਿਨ੍ਹਾਂ ਦੀ ਮਤ ਬੁੱਧ ਪੂਰੀ ਉੱਚੀ ਅਤੇ ਹਿਰਦੇ ਵਿੱਚ ਗੁਰੂ ਦਾ ਮੰਤ (ਉਪਦੇਸ਼) ਹੈ ਉਹ ਪੁਰਖ ਪ੍ਰਧਾਨ ਹਨ-ਮਤਿ ਪੂਰੀ ਪਰਧਾਨ ਤੇ, ਗੁਰ ਪੂਰੇ ਮਨ ਮੰਤ॥ (੨੫੯) ਸੋ ਅਜੋਕੇ ਗੁਰਦੁਵਾਰਾ ਸਹਿਬਾਨ, ਕਿਸੇ ਧਾਰਮਿਕ, ਸਮਾਜਿਕ ਸਭਾ ਸੁਸਾਇਟੀ ਜਾਂ ਅਦਾਰੇ ਦੇ ਪ੍ਰਧਾਨਾਂ ਨੂੰ ਉਪ੍ਰੋਕਤ ਗੁਰਬਾਣੀ ਅਨੁਸਾਰ ਗੁਣ ਧਾਰਨ ਕਰਨੇ ਚਾਹੀਦੇ ਹਨ।

ਪੈਸੇ, ਧੌਂਸ, ਚੌਧਰ, ਬਹੁ ਗਿਣਤੀ ਜਾਂ ਜਾਤ ਬਰਾਦਰੀ ਨੂੰ ਮੁੱਖ ਨਹੀਂ ਰੱਖਣਾ ਚਾਹੀਦਾ। ਨਿਰਪੱਖ ਹੋ ਮਨੁੱਖਤਾ ਦੀ ਸੇਵਾ ਕਰਨ ਵਾਲੇ ਸੱਜਨ ਹੀ ਪ੍ਰਧਾਨਗੀ ਦੇ ਕਾਬਲ ਹੋ ਸਕਦੇ ਹਨ।

ਜੇ ਕਿਤੇ ਐਸੇ ਸੱਜਨ ਪ੍ਰਧਾਨ ਬਣਨ ਤਾਂ ਨਿੱਤ ਦੀਆਂ ਲੜਾਈਆਂ ਤੋਂ ਮਨੁਖਤਾ ਖਾਸ ਕਰ ਸਿੱਖ ਕੌਮ, ਰਾਹਤ ਪ੍ਰਾਪਤ ਕਰ ਸਕਦੀ ਏ ਪਰ ਅੱਜ ਅਸੀ ਬਹੁਤੇ ਥਾਵਾਂ ਤੇ ਜਿਆਦਾ ਭੇਖ, ਜਾਤ-ਬਰਾਦਰੀ, ਚੌਧਰ, ਮਾਇਆਧਾਰੀ ਅਤੇ ਪਾਰਟੀਬਾਜੀ ਮੱਗਰ ਲੱਗ ਕੇ ਹੀ ਪ੍ਰਧਾਨਾਂ ਦੀ ਚੋਣ ਕਰਦੇ ਹਾਂ। ਘੱਟ ਤੋਂ ਘੱਟ ਸਿੱਖ ਕੌਮ ਜੋ ਸ਼ਬਦ "ਗੁਰੂ ਗ੍ਰੰਥ ਸਾਹਿਬ" ਨੂੰ ਗੁਰੂ ਮੰਨਦੀ ਹੈ, ਦੇ ਧਰਮ ਅਤੇ ਸਮਾਜਿਕ ਅਦਾਰਿਆਂ ਦੇ ਪ੍ਰਧਾਨ ਤਾਂ ਗੁਰਬਾਣੀ ਦੀ ਦਿੱਤੀ ਸੇਧ ਵਾਲੇ ਹੀ ਹੋਣੇ ਚਾਹੀਦੇ ਹਨ। ਗੁਰੂ ਭਲੀ ਕਰੇ ਕਦੇ ਇਹ ਚੰਗਾ ਸਮਾਂ ਵੀ ਆਵੇ! **(ਚਲਦਾ)**



ਅਵਤਾਰ ਸਿੰਘ ਮਿਸ਼ਨਰੀ
510-432-5827

# ਇਤਿਹਾਸਕ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਕੋਟਾਂ, ਲੁਧਿਆਣਾ

'ਜਿਥੈ ਜਾਇ ਬਹਿ ਮੇਰਾ ਸਤਿਗੁਰੂ ਸੋ ਥਾਨ ਸੁਹਾਵਾ ਰਾਮ ਰਾਜੇ' ਦੇ ਮਹਾਂਵਾਕ ਅਨੁਸਾਰ ਜਿੱਥੇ ਜਿੱਥੇ ਵੀ



ਗੁਰੂ ਸਾਹਿਬਾਨਾਂ ਨੇ ਆਪਣੇ ਪਵਿੱਤਰ ਚਰਨ ਪਾਏ ਉਹ ਅਸਥਾਨ ਪੂਜਣਯੋਗ ਹੋ ਗਏ। ਇਸੇ ਤਰ੍ਹਾਂ ਦਾ ਇਕ ਇਤਿਹਾਸਕ ਅਸਥਾਨ ਹੈ, ਗੁਰਦੁਆਰਾ ਮੰਜੀ ਸਾਹਿਬ ਕੋਟਾਂ। ਇਹ ਗੁਰਦੁਆਰਾ ਸਾਹਿਬ ਲੁਧਿਆਣਾ ਅੰਬਾਲਾ ਰੋਡ 'ਤੇ ਸਥਿਤ ਕਸਬਾ ਬੀਜਾ ਤੋਂ ਕੁੱਝ ਕਿਲੋਮੀਟਰ ਦੀ ਦੂਰੀ 'ਤੇ ਨੈਸਨਲ ਹਾਈਵੇ 1 'ਤੇ ਸੁਭਾਇਮਾਨ ਹੈ। ਜਿਸ ਦੀ ਸੁੰਦਰ ਇਮਾਰਤ ਕਾਫੀ ਦੂਰ ਤੋਂ ਦਿਖਾਈ ਦਿੰਦੀ ਹੈ। ਗੁਰਦੁਆਰਾ ਸਾਹਿਬ ਦਾ ਇਤਿਹਾਸਕ ਵੇਰਵਾ ਇਸ ਤਰ੍ਹਾਂ ਹੈ ਕਿ 12 ਅਗਸਤ 1953 ਨੂੰ ਸਰਦਾਰ ਹਰਭਜਨ ਸਿੰਘ ਪੁੱਤਰ ਬਾਬਾ ਕ੍ਰਿਪਾਲ ਸਿੰਘ ਅਤੇ ਇਨ੍ਹਾਂ ਦਾ ਸੀਰੀ ਗੁਰਦੇਵ ਸਿੰਘ ਦੋਵੇਂ ਹੀ ਹਲ ਚਲਾ ਰਹੇ ਸੀ। ਆਖਰੀ ਸਿਆੜਾਂ ਵੇਲੇ ਗੁਰਦੇਵ ਸਿੰਘ ਦੇ ਹਲ ਦਾ ਫਾਲਾ ਮੰਜੀ ਸਾਹਿਬ ਦੇ ਵਿਚ ਦੋ ਤਿੰਨ ਵਾਰ ਲੱਗਿਆ, ਬਲਦ ਤੇ ਗੁਰਦੇਵ ਸਿੰਘ ਕੁੱਝ ਡਰੇ, ਹਲ ਵਾਹੁਣਾ ਬੰਦ ਕਰਕੇ ਵਾਪਸ ਘਰ ਪਰਤ ਗਏ। ਘਰ ਜਾ ਕੇ ਬਾਬਾ ਕ੍ਰਿਪਾਲ ਸਿੰਘ ਪਾਸ ਇਹ ਜਿਕਰ ਕੀਤਾ। ਬਾਬਾ ਜੀ ਗੁਰੂ ਘਰ ਦੇ ਸਰਧਾਲੂ ਸਿੱਖ ਇਤਿਹਾਸ ਦੇ ਜਾਣੂ ਚਾਰੇ ਕੋਟਾਂ ਵਿਚ ਵੱਡੀ ਉਮਰ ਦੇ ਬਜੁਰਗ ਸਨ। ਉਨ੍ਹਾਂ ਇਲਾਕੇ ਦੀਆਂ ਸੰਗਤਾਂ ਨੂੰ ਇਕੱਠਾ ਕੀਤਾ ਤੇ ਜਗ੍ਹਾਂ ਪੁੱਟ ਕੇ ਵੇਖੀ ਤਾਂ ਪਵਿੱਤਰ ਮੰਜੀ ਸਾਹਿਬ ਦੇ ਦਰਸਨ ਹੋਏ ਅਤੇ ਉਨ੍ਹਾਂ ਕਿਹਾ ਕਿ ਇਹ ਆਸਣ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਪਾਤਸਾਹੀ ਛੇਵੀਂ ਦਾ ਹੈ। ਉਨ੍ਹਾਂ ਨੇ ਆਪਣੇ ਪਵਿੱਤਰ ਚਰਨ ਇਸ ਥਾਂ ਤੇ ਪਾਏ ਸਨ, ਜਦੋਂ ਗਵਾਲੀਅਰ ਕਿਲ੍ਹੇ 'ਚੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਰਿਹਾਅ ਹੋ ਕੇ ਜਹਾਂਗੀਰ ਦੇ ਨਾਲ ਇਸ ਅਸਥਾਨ 'ਤੇ ਬਿਰਾਜੇ ਸਨ। ਗੁਰਦੁਆਰਾ ਮੰਜੀ ਸਾਹਿਬ ਕੋਟਾਂ ਵਿਖੇ ਜਿਥੇ ਹਰ ਮਹੀਨੇ ਸੰਗਰਾਂਦ ਦਾ ਦਿਹਾੜਾ ਬੜੀ ਸਰਧਾ ਨਾਲ ਮਨਾਇਆ ਜਾਂਦਾ ਹੈ ਉਥੇ ਹਰ ਸਾਲ 12 ਤੋਂ 14 ਅਗਸਤ ਤੱਕ ਇਸ ਅਸਥਾਨ 'ਤੇ ਤਿੰਨ ਰੋਜਾ ਭਾਰੀ ਜੋੜ ਮੇਲਾ ਵੀ ਲੱਗਦਾ ਹੈ। ਜਿਸ ਵਿਚ ਰਾਗੀ, ਢਾਡੀ, ਕਥਾਵਾਚਕ, ਪ੍ਰਚਾਰਕ, ਕਵੀਸਰੀ ਜੱਥੇ ਅਤੇ ਮਹਾਨ ਵਿਦਵਾਨ ਗੁਰ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ। ਦੂਰ ਦੁਰਾਂਡੇ ਲੱਖਾਂ ਸੰਗਤਾਂ ਇਸ ਸਾਲਾਨਾ ਜੋੜ ਮੇਲੇ 'ਚ ਹਾਜਰੀ ਭਰਦਿਆ ਇਸ ਪਾਵਨ ਅਸਥਾਨ 'ਤੇ ਸਰਧਾ ਸਹਿਤ ਨਮਸਤਕ ਹੁੰਦੀਆ ਹਨ। ਇਤਿਹਾਸਕ ਗੁਰਦੁਆਰਾ ਛੇਵੀਂ ਪਾਤਸਾਹੀ ਸ੍ਰੀ ਮੰਜੀ ਸਾਹਿਬ ਕੋਟਾਂ ਇਕ ਸੰਸਾਰ ਪ੍ਰਸਿੱਧ ਤੀਰਥ ਅਸਥਾਨ ਬਣ ਚੁੱਕਾ ਹੈ। ਗੁਰਦੁਆਰਾ ਸਾਹਿਬ ਵਿਖੇ 24 ਘੰਟੇ ਗੁਰੂ ਕਾ ਲੰਗਰ ਵੀ ਸੰਗਤਾਂ ਨੂੰ ਛਕਾਇਆ ਜਾਂਦਾ ਹੈ,ਯਾਤਰੂਆਂ ਦੇ ਠਹਿਰਣ ਲਈ ਸਰਾਂ ਵੀ ਬਣੀ ਹੋਈ ਹੈ। ਇਥੋਂ ਦੇ ਪ੍ਰਬੰਧਾਂ ਦੀ ਦੇਖ ਰੇਖ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਕਰ ਰਹੀ ਹੈ।



ਤਸਵਿੰਦਰ ਸਿੰਘ ਬੜੈਚ
91-98763-22677

# ਮਾਉ-ਜ਼ੇ-ਤੁੰਗ ਦੀ ਜੁਗਤਿ ਤੇ ਮੌਜੇ!



ਤਰਲੋਚਨ ਸਿੰਘ ਦੁਪਾਲਪੁਰ
001-408-915-1268

ਕਦੇ ਕਦੇ ਅਖਬਾਰਾਂ ਜਾਂ ਬਿਜਲਈ ਮੀਡੀਏ ਵਿਚ ਇਹ ਸ਼ਬਦ ਪੜ੍ਹਨ-ਸੁਣਨ ਨੂੰ ਮਿਲਦਾ ਹੈ ਕਿ ਫਲਾਣੀ ਸਿਆਸੀ ਪਾਰਟੀ ਜਾਂ ਫਲਾਣੇ ਆਗੂ ਨੂੰ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ। ਨਹੀਂ ਤਾਂ ਉਸ ਨੂੰ ਬਾਅਦ ਵਿਚ ਪਛਤਾਉਣਾ ਪਵੇਗਾ। ਸਮਾਂ ਰਹਿੰਦਿਆਂ ਸਾਵਧਾਨ ਕਰਨ ਵਜੋਂ, ਕਿਸੇ ਲਈ ਇਹ ਸ਼ਬਦ ਉਦੋਂ ਵਰਤੇ ਜਾਂਦੇ ਹਨ, ਜਦੋਂ ਕੋਈ ਧਿਰ ਜਾਂ ਆਗੂ ਲੋਕ-ਭਾਵਨਾਵਾਂ ਨੂੰ ਰੌਂਦਦਾ ਹੋਇਆ ਮਨ-ਮਰਜੀਆਂ ਕਰੀ ਜਾਵੇਅਤੇ ਕਿਸੇ ਦੀ ਸੁਣੇ ਹੀ ਨਾ।

ਹਰੇਕ ਮੁਹਾਵਰੇ ਜਾਂ ਅਖਾਉਤ ਦੇ ਪਿਛੋਕੜ ਵਿਚ ਕੋਈ ਨਾ ਕੋਈ ਇਤਿਹਾਸਕ-ਮਿਥਿਹਾਸਕ ਕਹਾਣੀ ਜ਼ਰੂਰ ਪਈ ਹੁੰਦੀ ਹੈ। ਜਿੱਥੋਂ ਇਨ੍ਹਾਂ ਮਿੱਥ-ਮਨਾਉਤਾਂ ਦਾ ਮੁੱਢ ਬੱਝ ਜਾਂਦਾ ਹੈ ਤੇ ਇਹ ਸੀਨਾ-ਬ-ਸੀਨਾ ਕਿਸੇ ਭਾਸ਼ਾ, ਸੱਭਿਆਚਾਰ ਵਿਚ ਚਲਦੀਆਂ ਰਹਿੰਦੀਆਂ ਹਨ। ਬਹੁ-ਗਿਣਤੀ ਲੋਕ ਇਨ੍ਹਾਂ ਮੁਹਾਵਰਿਆਂ-ਅਖਾਉਤਾਂ ਦੀ ਵਰਤੋਂ ਤਾਂ ਬਾਖੂਬੀ ਕਰਦੇ ਰਹਿੰਦੇ ਹਨ। ਪਰ ਕੁਝ ਅਜਿਹੇ ਖਬਤੀ ਵੀ ਹੁੰਦੇ ਹਨ, ਜੋ ਇਨ੍ਹਾਂ ਦਾ ਖੁਰਾ ਖੋਜ ਲੱਭਣ ਲਈ ਖੋਜਾ-ਖਾਜੀ ਕਰਨੋਂ ਹਿਚਕਰਾਉਂਦੇ ਨਹੀਂ।

ਯਤਨ ਕਰਕੇ ਮੈਂ ਵੀ 'ਕੰਧ' 'ਤੇ ਲਿਖਿਆ ਪੜ੍ਹਨ' ਦਾ ਆਦਿ-ਜੁਗਾਦਿ ਲੱਭਣ ਲਈ, ਕਈ ਅਖਬਾਰਾਂ ਨਾਲ ਜੁੜੇ ਰਹੇ ਉੱਘੇ ਪੱਤਰਕਾਰ ਸ੍ਰੀ ਜਸਵੀਰ 'ਦੀਪ' ਨਵਾਂ ਸ਼ਹਿਰ ਨਾਲ ਸੰਪਰਕ ਕੀਤਾ। ਕਿਉਂਕਿ ਮੈਨੂੰ ਯਾਦ ਆਇਆ ਕਿ ਕਿਸੇ ਮਹਿਫਲ ਵਿਚ ਬੈਠਿਆਂ ਉਸਦੇ ਮੂੰਹੋਂ ਕੁਝ ਬੋਲ ਨਿਕਲੇ ਸਨ, ਇਸ ਕਥਨ ਬਾਰੇ। ਪਰ ਮੈਨੂੰ ਵਿਸਥਾਰਿਤ ਵੇਰਵਾ ਪੂਰਾ ਯਾਦ ਨਹੀਂ ਸੀ।ਸੋ ਦੀਪ ਜੀ ਦੇ ਦੱਸਣ ਮੁਤਾਬਕ ਇਸ ਦੀ ਸ਼ੁਰੂਆਤ ਚੀਨ ਦੇਸ਼ ਵਿਚ ਹੋਈ ਸੀ। ਉਸ ਦੇਸ਼ ਦੇ ਪ੍ਰਸਿੱਧ ਆਗੂ ਮਾਉ-ਜ਼ੇ-ਤੁੰਗ (1893-1976) ਦੇ ਲੰਬੇ ਸਿਆਸੀ ਜੀਵਨ ਵਿਚ ਕਈ ਤਰ੍ਹਾਂ ਦੇ ਉਤਰਾਅ-ਚੜ੍ਹਾਅ ਆਏ। ਕਹਿੰਦੇ ਇਕ ਵਾਰ ਅਜਿਹਾ ਸਮਾਂ ਆਇਆ ਕਿ ਉਸਨੇ ਦੇਸ਼ ਵਾਸੀਆਂ ਨੂੰ ਸੱਦਾ ਦਿੱਤਾ ਕਿ ਉਹ ਸਰਕਾਰ ਜਾਂ ਪ੍ਰਸ਼ਾਸਨ ਪ੍ਰਤੀ ਆਪਣੇ ਤੌਖਲੇ, ਬਿਨਾਂ ਕਿਸੇ ਡਰ-ਭਉਤੋਂ ਕੰਧਾਂ ਉਤੇ ਲਿਖ ਦਿਆ ਕਰਨ। ਆਪਣੇ ਆਗੂ ਦੀ ਸਲਾਹ ਮੰਨਦਿਆਂ ਚੀਨੀ ਲੋਕਾਂ ਨੇ ਵੀ ਬੇਖੌਫ ਹੋ ਕੇ ਸੱਚੋ-ਸੱਚ ਲਿਖ ਲਿਖ ਕੰਧਾਂ ਭਰਨੀਆਂ ਸ਼ੁਰੂ ਕਰ ਦਿੱਤੀਆਂ। ਇੰਞ ਰਾਜ-ਭਾਗ ਚਲਾ ਰਹੇ ਸਿਆਸੀ ਆਗੂਆਂ ਨੂੰ ਇਸ ਗੱਲ ਦਾ ਇਲਮ ਹੋਣਾ ਸ਼ੁਰੂ ਹੋ ਗਿਆ ਕਿ ਉਨ੍ਹਾਂ ਦੇ ਪ੍ਰਸ਼ਾਸਨ ਬਾਰੇ ਜਨਤਾ ਦੇ ਕਿਹੋ ਜਿਹੇ ਵਿਚਾਰ ਹਨ।

ਤਬਦੀਲੀ ਕੁਦਰਤ ਦਾ ਅਟੱਲ ਨਿਯਮ ਹੈ। ਜਿਹੜਾ ਕੋਈ ਸਾਧਨ ਬੀਤੇ ਕੱਲ੍ਹ ਵਰਤਿਆ ਜਾ ਰਿਹਾ ਹੋਵੇ, ਦੂਜੇ ਦਿਨ ਉਹ ਪੁਰਾਣਾ ਹੋ ਜਾਂਦਾ ਹੈ ਤੇ ਨਵਾਂ ਸਾਹਮਣੇ ਆ ਜਾਂਦਾ ਹੈ। ਉਸ ਸਮੇਂ ਕੰਧਾਂ 'ਤੇ ਲਿਖਿਆ ਪੜ੍ਹ ਕੇ ਮਾਉ-ਜ਼ੇ-ਤੁੰਗ ਵਰਗੇ ਆਗੂ ਸਮਾਂ ਰਹਿੰਦਿਆਂ 'ਸੁਧਰਦੇ' ਰਹੇ ਹੋਣਗੇ। ਭਾਵ ਕਿ ਤਤਕਾਲੀ ਚੀਨੀ ਲੋਕਾਂ ਅੱਗੇ ਇਹ ਨੌਬਤ ਹੀ ਨਹੀਂ ਆਈ ਹੋਣੀ ਕਿ ਉਨ੍ਹਾਂ ਨੂੰ 'ਕੰਧ' 'ਤੇ ਲਿਖਿਆ ਪੜ੍ਹ ਲੈਣ' ਦੀਆਂ ਦੁਹਾਈਆਂ ਦੇਣੀਆਂ ਪਈਆਂ ਹੋਣ।

ਵਰ੍ਹੇ ਬੀਤ ਗਏ, ਕੋਠਿਆਂ ਮਕਾਨਾਂ ਦੀਆਂ ਕੰਧਾਂ ਦੀ ਥਾਂ ਆ ਗਈਆਂ 'ਫੇਸ-ਬੁੱਕ' ਵਰਗੀਆਂ ਸੋਸ਼ਲ ਸਾਈਟਾਂ ਦੀਆਂ ਕੰਧਾਂ (ਵਾਲ) ਜਿੱਥੇ ਲੋਕ ਆਜ਼ਾਦੀ ਨਾਲ ਆਪਣੇ ਖਿਆਲਾਤ ਲਿਖੀ ਜਾ ਰਹੇ ਹਨ। ਭਾਵੇਂ ਮਾਡਰਨ ਯੁੱਗ ਵਿਚ ਕਿਸੇ ਤਹਿਰੀਕ ਦੇ ਪ੍ਰਚਾਰ-ਪਸਾਰ ਲਈ ਆਪੋ ਆਪਣੀ 'ਵਾਲ' (ਕੰਧ)'ਤੇ ਲਿਖਣ ਦਾ ਤਰੀਕਾ ਬੇਹੱਦ ਕਾਰਗਰ ਸਿੱਧ ਹੋ ਰਿਹਾ ਹੈ। ਪਰ ਸਾਡੇ ਦੇਸ਼ ਦੇ ਬਹੁਤੇ ਸਿਆਸਤਦਾਨਾਂ ਨੂੰ ਐਸੀ ਭੈੜੀ ਵਾਦੀ ਪਈ ਹੋਈ ਹੈ ਕਿ ਉਹ 'ਵਾਲ' ਤੇ ਲਿਖੇ ਹੋਏ ਨੂੰ ਅਣਡਿੱਠ ਕਰਕੇ, ਭਰੇ ਫਿੱਸੇ ਪਏ ਲੋਕਾਂ ਨੂੰ ਚੁਟਕਲੇ ਸੁਣਾਈ ਜਾਂਦੇ ਹਨ!

ਕੁਰਸੀ ਦੇ ਲਾਲਚ ਵਿਚ ਅੰਨ੍ਹੇ ਹੋਇਆਂ ਨੂੰ ਕੰਧਾਂ 'ਤੇ ਸਾਫ ਸਾਫ ਲਿਖਿਆ ਹੋਇਆ ਨਜ਼ਰ ਹੀ ਨਹੀਂ ਆਉਂਦਾ। ਸ਼ਾਇਦ ਇਸੇ ਕਾਰਨ ਮਾਉ-ਜ਼ੇ-ਤੁੰਗ ਦੇ ਇਸ ਫਾਰਮੂਲੇ ਦੀ ਦੁਰਗਤੀ ਤੋਂ ਹਿਰਖੇ ਕਈ ਲੋਕਾਂ ਨੇ, ਸਿਆਸੀ ਆਗੂਆਂ ਦੇ ਕੰਨ ਜਾਂ ਅੱਖਾਂ ਖੋਲ੍ਹਣ ਲਈ 'ਮੌਜੇ' (ਜੁੱਤੀ) ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ। ਬੇਸ਼ੱਕ ਇਹ ਗੁਸੈਲ-ਢੰਗ ਸੱਭਿਅਕ ਨਹੀਂ ਮੰਨਿਆ ਜਾ ਸਕਦਾ ਪਰ ਫਾਰਸੀ ਦੀ ਕਹਾਵਤ ਹੈ - 'ਤੰਗ-ਆਮਦ, ਬਜੰਦ-ਆਮਦ!'


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਜਾਤੀ ਤੋੜ ਕੇ ਜਮਾਤ ਬਣੇਗੀ: ਡਾ. ਚੌਥੀ ਰਾਮ





**ਚੰਡੀਗੜ੍ਹ (ਬਿਊਰੋ)–** ਅੱਜ ਇੱਥੇ ਪੰਜਾਬ ਕਲਾ ਭਵਨ ਸੈਕਟਰ 16 ਦੇ ਰੰਧਾਵਾ ਆਡੀਟੋਰੀਅਮ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਪੰਜਾਬੀ ਅਕਾਦਮੀ ਦਿੱਲੀ ਅਤੇ ਪੰਜਾਬ ਕਲਾ ਪ੍ਰੀਸ਼ਦ ਦੇ ਸਹਿਯੋਗ ਨਾਲ 'ਜਾਤ ਜਮਾਤ ਅਤੇ ਸਾਹਿਤ' ਵਿਸ਼ੇ 'ਤੇ ਦੋ ਰੋਜ਼ਾ ਕੌਮੀ ਸੈਮੀਨਾਰ ਸ਼ੁਰੂ ਹੋਇਆ ਹੈ। ਉਦਘਾਟਨੀ ਸੈਸ਼ਨ ਦੀ ਪ੍ਰਧਾਨਗੀ ਡਾ. ਐਸ ਐਸ ਜੌਹਲ ਨੇ ਕੀਤੀ, ਜਦੋਂਕਿ ਮੁੱਖ ਮਹਿਮਾਨ ਵਜੋਂ ਟ੍ਰਿਬਿਊਨ ਸਮੂਹ ਦੇ ਮੁੱਖ ਸੰਪਾਦਕ ਹਰੀਸ਼ ਖਰੇ ਪੁੱਜੇ। ਸਵਾਗਤੀ ਭਾਸ਼ਨ ਡਾ. ਸਰਬਜੀਤ ਸਿੰਘ ਅਤੇ ਉਦਘਾਟਨੀ ਸ਼ਬਦ ਗੁਰਤੇਜ ਸਿੰਘ ਗੁਰਾਇਆ ਨੇ ਕਹੇ।

ਇਸ ਮੌਕੇ ਕੁੰਜੀਵਤ ਭਾਸ਼ਨ ਵਿੱਚ ਬਨਾਰਸ ਯੂਨੀਵਰਸਿਟੀ ਦੇ ਡਾ. ਚੌਥੀ ਰਾਮ ਯਾਦਵ ਨੇ ਕਿਹਾ ਕਿ ਜਾਤੀ ਤੋੜ ਕੇ ਜਮਾਤ ਬਣੇਗੀ। ਦਲਿਤਾਂ ਵਿੱਚ ਵੀ ਬ੍ਰਾਹਮਣਵਾਦ ਪੈਦਾ ਹੋ ਗਿਆ ਹੈ। ਕਾਸਟ ਵਿਚੋਂ ਕਲਾਸ ਅਤੇ ਫਿਰ ਕਲਾਸਲੈੱਸ ਸਮਾਜ ਬਣਨਾ ਸੀ ਪਰ ਅਜਿਹਾ ਨਹੀਂ ਹੋ ਸਕਿਆ। ਉਨ੍ਹਾਂ ਨੇ ਹਿੰਦੂਵਾਦ, ਜਾਤੀਵਾਦ ਸਮੇਤ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਵੀ ਆਪਣੇ ਤਰਕਪੂਰਨ ਬੇਬਾਕ ਸ਼ਬਦਾਂ ਨਾਲ ਰਗੜੇ ਲਾਏ। ਇਸ ਮੌਕੇ ਹਰੀਸ਼ ਖ਼ਰੇ ਨੇ ਕਿਹਾ, 'ਸਾਨੂੰ ਸਭ ਨੂੰ ਆਪਣੀ ਸਮਾਜਿਕ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ। ਚੰਗੀਆਂ ਗੱਲਾਂ 'ਤੇ ਅਮਲ ਹੋਣਾ ਚਾਹੀਦਾ ਹੈ, ਜੋ ਵੀ ਹੋ ਰਿਹਾ ਹੈ ਠੀਕ ਹੈ, ਸਾਨੂੰ ਆਪਣੇ ਵਿਚਾਰ ਜ਼ਰੂਰ ਪ੍ਰਗਟ ਕਰਨੇ ਚਾਹੀਦੇ ਹਨ।' ਉਨ੍ਹਾਂ ਨੇ ਸੈਮੀਨਾਰ ਦੀ ਸ਼ਲਾਘਾ ਕੀਤੀ। ਸ੍ਰੀ ਜੌਹਲ ਨੇ ਕਿਹਾ ਕਿ ਸਾਹਿਤ ਦੀ ਕੋਈ ਜਾਤ ਨਹੀਂ ਹੁੰਦੀ। ਮੂਲ ਧਰਮ ਵਿੱਚ ਵੀ ਜਾਤ ਪਾਤ ਨਹੀਂ। ਲਖਵਿੰਦਰ ਜੌਹਲ ਨੇ ਧੰਨਵਾਦੀ ਸ਼ਬਦ ਕਹੇ। ਦੂਜੇ ਸੈਸ਼ਨ ਵਿੱਚ ਮੁੱਖ ਬੁਲਾਰੇ ਵਜੋਂ ਡਾ. ਸੁਬੋਧ ਮਾਲਾਕਰ ਆਸਤਿਕ, ਨਾਸਤਿਕ, ਹਿੰਦੂਵਾਦ, ਸੰਵਾਦ, ਵਰਣਾਂ, ਸੰਪਰਦਾਇਕਤਾ, ਕਾਨੂੰਨੀ ਰੂਪ, ਨਿਯਮਾਂਵਲੀ, ਵੇਦ ਯਤਨ, ਸਿੱਖਿਆ ਤੋਂ ਦੂਰੀ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਦਿੱਲੀ ਤੋਂ ਆਏ ਡਾ. ਅਪੂਰਵਾਨੰਦ ਨੇ ਜਾਤ, ਜਮਾਤ ਅਤੇ ਸਾਹਿਤ ਦੇ ਸੰਦਰਭ ਵਿੱਚ ਮਾਰਕਸ ਅਤੇ ਏਂਗਲਜ਼ ਦੀ ਗੱਲ ਕੀਤੀ। ਉਨ੍ਹਾਂ ਵਿਅੰਗ ਕੀਤਾ ਕਿ ਭਾਰਤ ਵਿੱਚ ਜਾਤੀਵਾਦ ਹੀ ਧਰਮ ਨਿਰਪੱਖਤਾ ਹੈ। ਡਾ. ਜਸਬੀਰ ਕੌਰ ਕੇਸਰ ਨੇ ਮਨੁੱਖਤਾ ਦੇ ਭਲੇ ਲਈ ਗੁਰੂਆਂ, ਪੀਰਾਂ, ਫਕੀਰਾਂ ਦੀ ਗੱਲ ਕੀਤੀ। ਡਾ. ਰਘਬੀਰ ਸਿਰਜਣਾ ਨੇ ਇਸ ਮਾਮਲੇ ਨੂੰ ਗੁੰਝਲਦਾਰ ਅਤੇ ਗੰਭੀਰ ਦੱਸਿਆ। ਡਾ. ਭੂਪਿੰਦਰ ਬਰਾੜ ਨੇ ਪ੍ਰਧਾਨਗੀ ਭਾਸ਼ਨ ਵਿੱਚ ਕਿਹਾ ਕਿ ਪਛਾਣ ਇਕਹਿਰੀ ਨਹੀਂ ਹੁੰਦੀ, ਇਸ ਦੀਆਂ ਬਹੁਤ ਪਰਤਾਂ ਹੁੰਦੀਆਂ ਹਨ। ਤੀਜੇ ਸੈਸ਼ਨ ਦੀ ਪ੍ਰਧਾਨਗੀ ਰਾਜਿੰਦਰ ਸਿੰਘ ਚੀਮਾ ਸਾਬਕਾ ਐਡਵੋਕੇਟ ਜਨਰਲ ਪੰਜਾਬ ਨੇ ਕੀਤੀ। ਮੁੱਖ ਬੁਲਾਰੇ ਵਜੋਂ ਡਾ. ਹਰੀਸ਼ ਪੁਰੀ ਨੇ ਭਾਰਤੀ ਸੰਵਿਧਾਨ, ਮਨੁੱਖੀ ਅਧਿਕਾਰੀ ਬਾਰੇ ਗੱਲ ਕੀਤੀ। ਡਾ. ਤੇਜਵੰਤ ਸਿੰਘ ਗਿੱਲ ਨੇ ਵੀ ਜਾਤ, ਜਮਾਤ ਅਤੇ ਸਾਹਿਤ ਦੇ ਸਬੰਧਾਂ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਇਨ੍ਹਾਂ ਸੈਸ਼ਨਾਂ ਦਾ ਮੰਚ ਸੰਚਾਲਣ ਕ੍ਰਮਵਾਰ ਸੁਸ਼ੀਲ ਦੁਸਾਂਝ, ਡਾ. ਸੁਖਦੇਵ ਸਿੰਘ ਸਿਰਸਾ ਅਤੇ ਡਾ. ਕਰਮਜੀਤ ਸਿੰਘ ਨੇ ਕੀਤਾ। ਇਸ ਮੌਕੇ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਤਿਆਰ ਕੀਤਾ ਕੈਲੰਡਰ ਵੀ ਰਿਲੀਜ਼ ਕੀਤਾ ਗਿਆ।



ਸੈਮੀਨਾਰ ਦੇ ਦੂਸਰੇ ਦਿਨ ਦੇ ਪਹਿਲੇ ਸੈਸ਼ਨ ਦੀ ਪ੍ਰਧਾਨਗੀ ਪਦਮ ਸ੍ਰੀ ਡਾ. ਸੁਰਜੀਤ ਪਾਤਰ ਨੇ ਕੀਤੀ। ਪ੍ਰਧਾਨਗੀ ਮੰਡਲ ਵਿਚ ਦਰਸ਼ਨ ਬੁੱਟਰ, ਜਸਵਿੰਦਰ, ਸੁਖਵਿੰਦਰ ਅਮ੍ਰਿਤ, ਗੁਲਜ਼ਾਰ ਪੰਧੇਰ ਅਤੇ ਸੁਭਾਸ਼ ਚੰਦਰ ਕੁਰਕਸ਼ੇਤਰਾ ਯੂਨੀਵਰਸਿਟੀ ਸ਼ਾਮਲ ਸਨ। ਇਸ ਸੈਸ਼ਨ ਦੇ ਮੁੱਖ ਬੁਲਾਰੇ ਡਾ. ਸੁਰਜੀਤ ਹਾਂਸ ਤੇ ਡਾ. ਸੁਰਜੀਤ ਭੱਟੀ ਸਨ। ਡਾ. ਹਾਂਸ ਨੇ ਆਪਣੇ ਭਾਸ਼ਣ ਵਿਚ ਪੰਜਾਬੀ ਦੇ ਮੱਧਕਾਲੀ ਸਾਹਿਤ ਵਿਚ ਸਾਹਿਤਕਾਰਾਂ ਦੀ ਭੂਮਿਕਾ ਦਾ ਜ਼ਿਕਰ ਕਰਦਿਆਂ ਭਗਤ ਬਾਣੀ ਤੇ ਆਧੁਨਿਕ ਸਾਹਿਤ ਵਿਚੋਂ ਆਪਣੇ ਨੁਕਤੇ ਪੇਸ਼ ਕੀਤੇ। ਦੂਸਰੇ ਬੁਲਾਰੇ ਡਾ. ਸੁਰਜੀਤ ਭੱਟੀ ਨੇ ਦਲਿਤ ਸਾਹਿਤ ਦੀ ਆਧੁਨਿਕ ਸਮਾਜ ਵਿਚ ਸਾਰਥਿਕਤਾ ਅਤੇ ਦਵੰਦ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਪ੍ਰਧਾਨਗੀ ਭਾਸ਼ਣ ਵਿਚ ਸੁਰਜੀਤ ਪਾਤਰ ਨੇ ਕਿਹਾ ਕਿ ਭਾਰਤੀ ਸਰੰਚਨਾ ਵਿਚ ਜਾਤ ਬੜੀ ਗੁੰਝਲਦਾਰ ਇਕਾਈ ਹੈ ਅਤੇ ਇਸ ਨੇ ਭਾਰਤੀ ਸਮਾਜ ਦੀਆਂ ਤੰਦਾਂ ਨੂੰ ਬੁਰੀ ਤਰ੍ਹਾਂ ਜਕੜਿਆ ਹੋਇਆ ਹੈ। ਉਨ੍ਹਾਂ ਇਸ ਬਾਰੇ ਆਪਣੇ ਨਿੱਜੀ ਤਜਰਬੇ ਵੀ ਸਾਂਝੇ ਕੀਤੇ। ਸੈਮੀਨਾਰ ਦੇ ਆਖਰੀ ਸੈਸ਼ਨ ਦਾ ਵਿਸ਼ਾ 'ਸਿੱਖਿਆ, ਮੰਡੀ ਤੇ ਮਨੁੱਖੀ ਅਧਿਕਾਰ' ਸੀ। ਇਸ ਸੈਸ਼ਨ ਦੇ ਮੁੱਖ ਬੁਲਾਰੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਦਿੱਲੀ ਦੇ ਵਿਦਿਆਰਥੀ ਆਗੂ ਉਮਰ ਖਾਲਿਦ, ਰਾਮਾ ਨਾਗਾ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਐਸ਼ਐਸ਼ ਐਫ਼ ਦੇ ਆਗੂ ਦਮਨਪ੍ਰੀਤ ਸਿੰਘ ਸਨ। ਇਨ੍ਹਾਂ ਸਾਰੇ ਵਿਦਿਆਰਥੀ ਆਗੂਆਂ ਨੇ ਸਿੱਖਿਆ ਦੇ ਬਾਜ਼ਾਰੀਕਰਨ ਉਤੇ ਪ੍ਰਤੀਰੋਧ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨਿੱਜੀਕਰਨ ਤੋਂ ਬਾਅਦ ਸਿੱਖਿਆ ਦਾ ਬਾਜ਼ਾਰੀਕਰਨ ਕਰਦੀ ਰਹੇਗੀ ਤਾਂ ਭਾਰਤ ਵਿਚ ਰਹਿੰਦੇ ਕਮਜ਼ੋਰ ਵਰਗ ਦੇ ਲੋਕ ਇਸ ਹੱਕ ਤੋਂ ਵਾਂਝੇ ਰਹਿ ਜਾਣਗੇ। ਇਨ੍ਹਾਂ ਆਗੂਆਂ ਨੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਸਿੱਖਿਆ ਮੁਨਾਫ਼ੇ ਲਈ ਨਹੀਂ ਸਗੋਂ, ਸਮਾਜ ਭਲਾਈ ਲਈ ਹੋਣੀ ਚਾਹੀਦੀ ਹੈ। ਇਸ ਸੈਸ਼ਨ ਦੀ ਪ੍ਰਧਾਨਗੀ ਬੜੌਦਾ ਯੀਨੀਵਰਸਿਟੀ ਤੋਂ ਡਾ. ਰਾਜ ਕੁਮਾਰ ਹੰਸ ਨੇ ਕੀਤੀ। ਪ੍ਰਧਾਨਗੀ ਮੰਡਲ ਵਿਚ ਹਰਕਿਸ਼ਨ ਸਿੰਘ ਮਹਿਤਾ, ਕੇਂਦਰੀ ਸਭਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਸੈਮੀਨਾਰ ਦੇ ਕਨਵੀਨਰ ਡਾ. ਤੇਜਵੰਤ ਗਿੱਲ, ਬੀਬੀ ਸੁਰਿੰਦਰ ਕੌਰ ਅਤੇ ਚੇਤਨ ਜੋਸ਼ੀ ਸ਼ਾਮਲ ਸਨ। ਇਸ ਸੈਸ਼ਨ ਦੀ ਮੰਚ ਸੰਚਾਲਨਾ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਜਨਰਲ ਸਕੱਤਰ ਡਾ. ਸੁਰਜੀਤ ਨੇ ਕੀਤੀ। ਸਭਾ ਦੇ ਜਨਰਲ ਸਕੱਤਰ ਸੁਸ਼ੀਲ ਦੁਸਾਂਝ ਨੇ ਧੰਨਵਾਦੀ ਸ਼ਬਦਾਂ ਦੇ ਨਾਲ ਪੰਜਾਬੀ ਭਾਸ਼ਾ ਨੂੰ ਪੰਜਾਬ ਅਤੇ ਚੰਡੀਗੜ੍ਹ ਵਿਚ ਹਰ ਪੱਧਰ 'ਤੇ ਅਮਲੀ ਰੂਪ ਵਿਚ ਲਾਗੂ ਕਰਨ, ਰਾਜਸੀ ਪਾਰਟੀਆਂ ਦੇ ਚੋਣ ਮਨੋਰਥ ਪੱਤਰਾਂ ਵਿਚ ਪੰਜਾਬੀ ਭਾਸ਼ਾ ਨੂੰ ਅਹਿਮ ਮੁੱਦੇ ਵਜੋਂ ਸ਼ਾਮਲ ਕਰਨ ਅਤੇ ਸਿਆਸੀ ਪਾਰਟੀਆਂ ਦੇ ਚੋਣ ਮਨੋਰਥ ਪਤੱਰਾਂ ਨੂੰ ਕਾਨੂੰਨੀ ਦਸਤਾਵੇਜ ਦਾ ਦਰਜਾ ਦੇਣ ਦੀ ਮੰਗ ਕਰਦਿਆਂ ਤਿੰਨ ਮਤੇ ਪੇਸ਼ ਕੀਤੇ। ਇਨ੍ਹਾਂ ਮਤਿਆਂ ਨੂੰ 350 ਦੇ ਕਰੀਬ ਹਾਜ਼ਰ ਲੇਖਕਾਂ ਅਤੇ ਪਾਠਕਾਂ ਨੇ ਦੋਵੇਂ ਹੱਥ ਖੜੇ ਕਰ ਕੇ ਮਨਜ਼ੂਰੀ ਦਿੱਤੀ। ਸੈਮੀਨਾਰ ਵਿਚ ਗੁਲਜ਼ਾਰ ਸਿੰਘ ਸੰਧੂ, ਅਵਤਾਰ ਸਿੰਘ ਪਾਲ, ਗੁਰਨਾਮ ਕੰਵਰ, ਡਾ.ਕਰਮਜੀਤ ਸਿੰਘ, ਤਰਲੋਚਨ ਝਾਂਡੇ, ਕਰਮ ਸਿੰਘ ਵਕੀਲ, ਤਰਲੋਚਨ ਤਰਨਤਾਰਨ, ਸਰਦਾਰ ਪੰਛੀ, ਤਸਕੀਨ, ਸ਼ਬਦੀਸ਼, ਦੇਸ ਰਾਜ ਕਾਲੀ, ਡਾ.ਹਰੀਸ਼ ਪੁਰੀ ਅਤੇ ਸਤੀਸ਼ ਗੁਲਾਟੀ ਆਦਿ ਲੇਖਕ ਹਾਜ਼ਰ ਸਨ।

# ਸਿਖਲਾਈ ਸੈਂਟਰ ਵਿੱਚ ਕੋਰਸ ਮੁਕੰਮਲ ਕਰਨ ਵਾਲੀਆਂ ਲੜਕੀਆਂ ਅਤੇ ਮਹਿਲਾਵਾਂ ਨੂੰ ਪ੍ਰਮਾਣ ਪੱਤਰ ਅਤੇ ਸਿਲਾਈ ਮਸ਼ੀਨਾਂ ਦਿਤੀਆਂ

**ਹੁਸ਼ਿਆਰਪੁਰ–** ਅਰਪਨ ਸੰਸਥਾ ਵਲੋਂ ਸੋਸਵਾ ਨਾਰਥ ਪੰਜਾਬ ਦੀ ਮੱਦਦ ਨਾਲ ਚਲਾਏ ਜਾ ਰਹੇ ਕਟਿੰਗ ਟੇਲਰਿੰਗ ਸਿਖਲਾਈ ਸੈਂਟਰ ਵਿੱਚ ਕੋਰਸ ਮੁਕੰਮਲ ਕਰਨ ਵਾਲੀਆਂ ਲੜਕੀਆਂ ਅਤੇ ਮਹਿਲਾਵਾਂ ਨੂੰ ਪ੍ਰਮਾਣ ਪੱਤਰ ਅਤੇ ਸਿਲਾਈ ਮਸ਼ੀਨਾਂ ਦਿਤੀਆਂ ਗਈਆਂ। ਇਸ ਸਬੰਧੀ ਅਰਪਨ ਵਲੋਂ ਸ਼੍ਰੀ ਗੁਰੂ ਰਵਿਦਾਸ ਮੰਦਿਰ ਮੈਦਾ ਮਾਜ਼ਰਾ ਵਿੱਚ ਕਰਵਾਏ ਗਏ ਸਮਾਗਮ ਵਿੱਚ ਨਾਇਬ ਤਹਿਸੀਲਦਾਰ ਨੰਗਲ ਦਲੀਪ ਸਿੰਘ ਮੁੱਖ ਮਹਿਮਾਨ ਵਜੋਂ ਪਹੁੰਚੇ। ਸਮਾਗਮ ਵਿੱਚ ਹਾਜਰ ਲੜਕੀਆਂ ਆਸ਼ਾ, ਜੀਵਨ ਜੋਤੀ, ਮਨਜੀਤ ਕੌਰ, ਨੀਲਮ, ਰਮਨ ਕੁਮਾਰੀ, ਰਿੰਕੀ, ਮਮਤਾ ਦੇਵੀ, ਰਜਨੀ, ਗੁਰਪ੍ਰੀਤ ਕੁਮਾਰੀ, ਪਰਮਿਲਾ ਦੇਵੀ, ਰਜਨੀ, ਵੰਦਨਾ ਕੁਮਾਰੀ, ਸੋਨੀਆ ਰਾਣੀ, ਬਬੀਤਾ ਦੇਵੀ, ਜਤਿੰਦਰ ਕੁਮਾਰੀ ਆਦਿ ਨੇ ਸਿਲਾਈ ਸੈਂਟਰ ਦੇ ਤਜ਼ਰਬੇ ਸਾਂਝੇ ਕੀਤੇ ਅਤੇ ਦੱਸਿਆ ਕਿ ਇਸ ਸੈਂਟਰ ਵਿੱਚ ਆਕੇ ਉਨ੍ਹਾਂ ਨੇ ਕਈ ਨਵੀਂਆਂ ਗੱਲਾਂ ਸਿਖੀਆਂ ਹਨ। ਇਸ ਮੌਕੇ ਮੁੱਖ ਮਹਿਮਾਨ ਨਾਇਬ ਤਹਿਸੀਲਦਾਰ ਨੰਗਲ ਦਲੀਪ ਸਿੰਘ ਨੇ ਹਾਜਰ ਲੜਕੀਆਂ ਅਤੇ ਮਹਿਲਾਵਾਂ ਨੂੰ ਸੰਬੋਧਨ ਕਰਦਿਆਂ ਕਿਹਾਕਿ ਅੱਜ ਦੇ ਸਮੇਂ ਵਿੱਚ ਮਹਿਲਾਵਾਂ ਕਿਸੇ ਗੱਲੋਂ ਘੱਟ ਨਹੀਂ ਹਨ। ਉਨ੍ਹਾਂ ਕਿਹਾਕਿ ਜੇਕਰ ਮਹਿਲਾਵਾਂ ਨੂੰ ਕੁੱਝ ਕਰਨ ਅਤੇ ਸਿੱਖਣ ਦਾ ਮੌਕਾ ਮਿਲ਼ੇ ਤਾਂ ਉਹ ਪੁਰਸ਼ਾਂ ਨਾਲੋਂ ਵੀ ਵੱਧ ਲਗਨ ਨਾਲ ਸਿਖਦੀਆਂ ਹਨ ਅਤੇ ਮਿਹਨਤ ਕਰਦੀਆਂ ਹਨ। ਉਹਨਾਂ ਨੇ ਔਰਤਾਂ ਨੂੰ ਬੇਨਤੀ ਕੀਤੀ ਕਿ ਉਹ ਕੁੜੀਆਂ ਨਾਲ ਕਿਸੇ ਵੀ ਤਰਾਂ ਦਾ ਪੱਖਪਾਤ ਨਾ ਕਰਨ ਅਤੇ ਉਹਨਾ ਨੂੰ ਵੀ ਮੁੰਡਿਆਂ ਦੇ ਬਰਾਬਰ ਹੀ ਸਹੂਲਤਾਂ ਦੇਣ। ਇਸ ਮੌਕੇ ਰੋਟਰੀ ਕਲੱਬ ਦੇ ਸਾਬਕਾ ਜਿਲ੍ਹਾ ਗਵਰਨਰ ਅਤੇ ਅਰਪਨ ਸੰਸਥਾ ਦੇ ਪ੍ਰਧਾਨ ਪਰਮਿੰਦਰ ਸੰਧੂ ਨੇ ਸਮਾਜ ਵਿੱਚ ਫੈਲ ਰਹੀਆਂ ਸਮਾਜਿਕ ਬੁਰਾਈਆਂ ਅਨਪੜਤਾ, ਨਸ਼ੇ, ਕੰਨਿਆ ਭਰੂਣ ਹੱਤਿਆ ਆਦਿ ਨਾਲ ਲੜਣ ਲਈ ਲੜਕੀਆਂ ਨੂੰ ਅੱਗੇ ਹੋਕੇ ਕੰਮ ਕਰਨ ਦਾ ਸੁਨੇਹਾ ਦਿਤਾ। ਉਨ੍ਹਾਂ ਨੇ ਸਮਾਜ ਵਿੱਚ ਔਰਤਾਂ ਪ੍ਰਤੀ ਵੱਧ ਰਹੇ ਅਪਰਾਧਾਂ ਤੇ ਚਿੰਤਾ ਪ੍ਰਗਟ ਕਰਦਿਆਂ ਲੜਕੀਆਂ ਨੂੰ ਆਰਥਿਕ ਤੋਰ ਤੇ ਆਤਮ ਨਿਰਭਰ ਬਣਨ ਦੀ ਪ੍ਰੇਰਨਾ ਦਿਤੀ। ਉਨ੍ਹਾਂ ਦੱਸਿਆ ਕਿ ਔਰਤਾਂ ਨੂੰ ਆਤਮ-ਨਿਰਭਰ ਬਣਾਉਣ ਲਈ ਸਰਕਾਰ ਵਲੋਂ ਕਈ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਹਨ ਅਤੇ ਮਹਿਲਾਵਾਂ ਨੂੰ ਇਨ੍ਹਾਂ ਦਾ ਭਰਪੂਰ ਲਾਭ ਉਠਾਉਣਾ ਚਾਹੀਦਾ ਹੈ ਤਾਂ ਜੋ ਸਮਾਜ ਅਤੇ ਦੇਸ਼ ਦਾ ਸਹੀ ਦਿਸ਼ਾ ਵਿੱਚ ਵਿਕਾਸ ਹੋ ਸਕੇ। ਇਸ ਮੋਕੇ ਅਰਪਨ ਸੰਸਥਾ ਦੇ ਡਾਇਰੈਕਟਰ ਕੁਲਦੀਪ ਚੰਦ ਨੇ ਕਟਿੰਗ ਟੇਲਰਿੰਗ ਸਿਖਲਾਈ ਸੈਂਟਰ ਵਿੱਚ ਕੋਰਸ ਮੁਕੰਮਲ ਕਰ ਚੁਕੀਆਂ ਲੜਕੀਆਂ ਵਲੋਂ ਪਰਿਵਾਰ ਦੀ ਆਰਥਿਕ ਆਤਮ ਨਿਰਭਰਤਾ ਲਈ ਕੀਤੇ ਜਾ ਰਹੇ ਕੰਮਾ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਆਸ ਪ੍ਰਗਟ ਕੀਤੀ ਕਿ ਆਣ ਵਾਲੇ ਬੈਚ ਦੀਆਂ ਸਿਖਿਆਰਥਣਾ ਵੀ ਇਸ ਸੈਂਟਰ ਵਿੱਚ ਸਿਖਲਾਈ ਪ੍ਰਾਪਤ ਕਰਕੇ ਇਸ ਕਿੱਤੇ ਨੂੰ ਅਪਣਾਉਣਗੀਆਂ।



ਇਸ ਮੌਕੇ ਅਰਪਨ ਸੰਸਥਾ ਦੇ ਮੈਡਮ ਰੇਖਾ ਭਾਟੀਆ ਨੇ ਇਸ ਸਿਖਲਾਈ ਕੋਰਸ ਦੌਰਾਨ ਦਿਤੀ ਗਈ ਟ੍ਰੇਨਿੰਗ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਦੱਸਿਆ ਕਿ ਇਸ ਸੈਂਟਰ ਵਿੱਚ ਆਣ ਵਾ਼ਲੀਆਂ ਲੜਕੀਆਂ ਅਤੇ ਮਹਿਲਾਵਾਂ ਨੂੰ ਆਧੁਨਿਕ ਫੈਸ਼ਨ ਡਿਜਾਇੰਨਿਗ ਵਾਲੀਆਂ ਮਸੀਨਾਂ ਦੀ ਵੀ ਸਿਖਲਾਈ ਦਿਤੀ ਗਈ ਹੈ। ਅਰਪਨ ਸੰਸਥਾ ਦੇ ਪ੍ਰੋਜੈਕਟ ਕੋਆਰਡੀਨੇਟਰ ਮੈਡਮ ਇੰਦੂ ਕਪਿਲਾ ਨੇ ਅਰਪਨ ਸੰਸਥਾ ਵਲੋਂ ਇਲਾਕੇ ਵਿੱਚ ਕੀਤੇ ਜਾ ਰਹੇ ਸਮਾਜ ਭਲਾਈ ਦੇ ਕੰਮਾ ਬਾਰੇ ਵਿਸਥਾਰ ਵਿੱਚ ਦੱਸਿਆ। ਇਸ ਮੌਕੇ ਐਲ ਐਚ ਵੀ ਮੈਡਮ ਲੀਲਾ ਸ਼ਰਮਾ, ਏ ਐਨ ਐਮ ਸੀਮਾ ਦੇਵੀ, ਰੀਮਾ ਕੁਮਾਰੀ, ਸੁਨੀਤਾ ਦੇਵੀ, ਸਰਪੰਚ ਜੋਹਲ ਸੁਰਿੰਦਰ ਕੁਮਾਰ, ਨੰਗਲ ਤਹਿਸੀਲ ਦੇ ਕਰਮਚਾਰੀ ਮੋਹਿਤ ਕੁਮਾਰ, ਸਤੀਸ਼ ਕੁਮਾਰ, ਮਦਨ ਲਾਲ, ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ ਮੈਦਾ ਮਾਜ਼ਰਾ ਦੇ ਪ੍ਰਧਾਨ ਗੋਰਵ ਸਹੋਤਾ, ਪ੍ਰਸ਼ਾਂਤ ਕੁਮਾਰ, ਮੋਹਿਤ ਕੁਮਾਰ ਪੰਮੀ, ਕਮਲ ਦੜੋਚ, ਕ੍ਰਿਪਾਲ ਚੰਦ, ਰਾਜਵੀਰ, ਸੋਮਨਾਥ, ਅਸ਼ੋਕ ਕੁਮਾਰ, ਚੰਨੀ, ਵਿਕੀ, ਹੈਰੀ ਸੰਧੂ, ਬਿਆਸਾ ਦੇਵੀ, ਆਸ਼ਾ ਵਰਕਰ ਅਨੀਤਾ, ਰਾਕੇਸ਼, ਵੀਨਾ ਕੁਮਾਰੀ ਆਦਿ ਹਾਜਰ ਸਨ।

**ਰਿਪੋਰਟ– ਕੁਲਦੀਪ ਚੰਦ** (91–94175–63054)



# ਮੁਕਤਸਰ ਦਾ ਯੁੱਧ ਜਾਂ ਮਾਘੀ ਦਾ ਤੀਰਥ ਇਸ਼ਨਾਨ?



ਅਵਤਾਰ ਸਿੰਘ ਮਿਸ਼ਨਰੀ
510-432-5827

ਮੁਕਤਸਰ ਦਾ ਜੰਗ-ਜੰਗ ਫ਼ਾਰਸੀ ਦਾ ਲਫ਼ਜ਼ ਹੈ ਜਿਸ ਦਾ ਅਰਥ ਹੈ ਯੁੱਧ ਲੜਾਈ। ਆਮ ਤੌਰ ਤੇ ਜੰਗਾਂ ਜ਼ਰ-ਜ਼ੋਰੂ-ਜ਼ਮੀਨ ਖਾਤਿਰ ਹਨ ਪਰ ਗੁਰੂ ਜੀ ਨੂੰ ਜ਼ੋਰ ਤੇ ਜ਼ੁਲਮ ਦੇ ਖਿ਼ਲਫ਼ ਲੜਾਈਆਂ ਲੜਨੀਆਂ ਪਈਆਂ।ਹਰ ਪਾਸਿਉਂ ਲਤਾੜੇ ਹੋਏ ਲੋਕਾਂ ਨੂੰ ਸਵੈਮਾਨਤਾ ਭਾਵ ਸਿਰ ਉਚਾ ਕਰਕੇ ਤੁਰਨ-ਫਿਰਨ ਦੀ ਅਜ਼ਾਦੀ ਆਦਿ ਲਈ ਧਰਮ ਜੁੱਧ ਕੀਤੇ। ਦਸ਼ਮੇਸ਼ ਜੀ ਨੇ-ਚੂੰਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ॥ ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ (ਜ਼ਫ਼ਰਨਾਮਾਂ) ਭਾਵ ਜਦ ਅਮਨ-ਅਮਾਨ, ਸੁਖ-ਸ਼ਾਂਤੀ, ਆਪਸੀ ਗਲ-ਬਾਤ ਦੇ ਸਾਰੇ ਹੀਲੇ-ਚਾਰੇ ਖਤਮ ਹੋ ਜਾਣ ਵਿਰੋਧੀ ਹੇਰਾ-ਫੇਰੀਆਂ ਤੇ ਉੱਤਰ ਆਵੇ ਤਾਂ ਫਿਰ ਤਲਵਾਰ ਪਕੜਨੀ ਜਾਇਜ਼ ਹੈ। ਲਾਲਾ ਦੌਲਤ ਰਾਇ ਵੀ ਲਿਖਦੇ ਹਨ ਕਿ ਗੁਰੂ ਜੀ ਨੇ ਹਿੰਦੂ ਪਹਾੜੀ ਰਾਜਿਆਂ ਅਤੇ ਮੁਗਲਾਂ ਦੀ ਕੋਈ ਥਾਂ ਨਹੀਂ ਮੱਲੀ ਅਤੇ ਨਾਂ ਹੀ ਵਿਰੋਧੀਆਂ ਤੇ ਕੋਈ ਵਧੀਕੀ ਕੀਤੀ ਬਲਕਿ ਉਹ ਤਾਂ ਮਾਰਸ਼ਲ ਸਪਿਰਟ ਪੈਦਾ ਕਰਨ ਵਿੱਚ ਲੱਗੇ ਹੋਏ ਸਨ ਇਸ ਲਈ ਉਨ੍ਹਾਂ ਨੂੰ ਤੰਗ ਪਰੇਸ਼ਾਨ ਕੀਤਾ ਗਿਆ ਤਾਂ ਉਨ੍ਹਾਂ ਮਜ਼ਬੂਰਨ ਤਲਵਾਰ ਪਕੜੀ।ਗੌਰ ਤਲਬ ਹੈ ਕਿ ਜਦ ਮਕਾਰੀ, ਵਿਕਾਰੀ ਤੇ ਹੰਕਾਰੀ ਮੁਗਲਾਂ ਤੇ ਪਹਾੜੀ ਰਾਜਿਆਂ ਨੇ ਗੁਰੂ ਜੀ ਦਾ ਸੰਤ-ਸਿਪਾਹੀ ਰਵੱਈਆ ਫੌਜੀ ਟਰੇਨਿੰਗ ਆਦਿਕ ਚੜ੍ਹਦੀ ਕਲਾ ਵਿੱਚ ਜਾਂਦਾ ਵੇਖਿਆ, ਜਿਨ੍ਹਾਂ ਗਰੀਬ ਲੋਕਾਂ ਨੂੰ ਹਕੂਮਤ ਅਤੇ ਕੱਟੜਪੰਥੀ ਧਾਰਮਿਕ ਆਗੂਆਂ ਨੇ ਦਬਾਇਆ ਹੋਇਆ ਸੀ ਜਿਹੜੇ ਇੱਥੋਂ ਤੱਕ ਡਰੇ ਹੋਏ ਸਨ ਕਿ-ਕੰਮ ਹਮਾਰਾ ਤੋਲਣ ਤੱਕੜੀ।ਨੰਗੀ ਕਰਦ ਕਦੇ ਨਹੀਂ ਪਕੜੀ। ਚਿੜੀ ਉੱਡੇ ਤਉ ਹਮ ਡਰ ਜਾਂਇ।ਦੁਸ਼ਮਣ ਸੇ ਕੈਸੇ ਲੜ ਪਾਂਏ। ਉਹ ਲੋਕ ਜ਼ੁਲਮ-ਜ਼ਬਰ ਦੇ ਵਿਰੁੱਧ ਉੱਠ ਖੜੇ ਹੋਏ ਤਾਂ ਮੁਗਲੀਆ ਹਕੂਮਤ ਤੇ ਪਹਾੜੀ ਰਾਜਿਆਂ ਗੁਰੂ ਜੀ ਨੂੰ ਅਨੰਦਪੁਰ ਛੱਡ ਜਾਣ ਲਈ ਅਤੇ ਹਕੂਮਤ ਦੇ ਅੰਡਰ ਚੱਲਣ ਲਈ ਕਹਿ ਦਿੱਤਾ ਤਾਂ ਗੁਰੂ ਜੀ ਨੇ ਇਨ੍ਹਾਂ ਨੂੰ ਮੂੰਹ ਤੋੜਵਾਂ ਜਵਾਬ ਦਿੱਤਾ ਕਿ ਅਸੀਂ ਕਿਸੇ ਦੀ ਚੱਪਾ ਵੀ ਭੋਇੰ ਨਹੀਂ ਮੱਲੀ ਹੋਈ, ਅਨੰਦਪੁਰ ਸਾਡਾ ਜ਼ਰ ਖਰੀਦ ਹੈ, ਅਸੀਂ ਅਮਨ ਪਸੰਦ ਸ਼ਹਿਰੀ ਅਤੇ ਅਕਾਲ ਪੁਰਖ ਦੇ ਅਧੀਨ ਹਾਂ ਜਿਸ ਦੇ ਅਧੀਨ ਸਾਰਾ ਜਗਤ ਹੈ।ਪਹਿਲਾਂ ਕਿਸੇ ਤੇ ਵਾਰ ਕਰਦੇ ਨਹੀਂ ਪਰ ਜਦ ਦੁਸ਼ਮਣ ਹੋਸ਼ੇ ਹਥਿਆਰਾਂ ਤੇ ਉੱਤਰ ਆਵੇ ਤਾਂ ਅਸੀਂ ਸਵੈਮਾਨ ਲਈ, ਜ਼ਾਲਮਾਂ ਦਾ ਮੂੰਹ ਭੰਨ ਸਕਦੇ ਹਾਂ, ਜਿਸ ਮੂੰਹ ਨੂੰ ਗਰੀਬਾਂ ਤੇ ਮਜ਼ਲੂਮਾਂ ਦਾ ਖੂਨ ਚੂਸਣ ਦੀ ਆਦਿਤ ਪੈ ਚੁੱਕੀ ਹੈ। ਅਸੀਂ ਉਸ ਰਹਿਬਰ ਬਾਬਾ ਨਾਨਕ ਦੇ ਵਾਰਿਸ ਹਾਂ ਜਿਸ ਨੇ ਬਲੰਦ ਬਾਂਗ ਕਿਹਾ ਸੀ-ਰਾਜੇ ਸ਼ੀਹ ਮਕਦਮ ਕੁੱਤੇ॥ਜਾਇ ਜਗਾਇਨ ਬੈਠੇ ਸੁਤੇ (੧੨੮੮) ਬਾਬਰ ਨੂੰ ਜ਼ਾਬਰ ਕਹਿਣ ਵਾਲੇ ਗੁਰੂ ਦੇ ਅਨੁਯਾਈ ਹਾਂ।

ਜਦ ਜ਼ਾਲਮ ਹਕੂਮਤ ਬਾਜ ਨਾ ਆਈ ਤਾਂ ਪਹਿਲਾਂ ਭੰਗਾਣੀ ਦਾ ਜੁੱਧ ਹੋਇਆ ਜਿਸ ਵਿੱਚ ਵੈਰੀ ਦਾ ਭਾਰੀ ਨੁਕਸਾਨ ਅਤੇ ਗੁਰਸਿੱਖਾਂ ਦੇ ਹੌਂਸਲੇ ਹੋਰ ਬੁਲੰਦ ਹੋ ਗਏ। ਇਵੇਂ ਇੱਕਾ-ਦੁੱਕਾ ਨਦੌਣ, ਗੁਲ੍ਹੇਰ ਦੇ ਜੰਗਾਂ ਬਾਦ ਅਨੰਦਪੁਰ ਦੀਆਂ ਤਿੰਨ ਲੜਾਈਆਂ ਹੋਈਆਂ, ਵੈਰੀਆਂ ਨੂੰ ਹਰ ਲੜਾਈ ਵਿੱਚ ਮੂੰਹ ਦੀ ਖਾਣੀ ਪਈ।ਆਖਿਰ ਹਕੂਮਤ ਨੇ ਪਹਾੜੀ ਰਾਜਿਆਂ ਦੀਆਂ ਝੂਠੀਆਂ ਚੁਗਲੀਆਂ ਅਤੇ ਸ਼ਾਹੀ ਫੌਜਾਂ ਦੇ ਵਕਾਰ ਨੂੰ ਦੇਖ ਗੁਰੂ ਨੂੰ ਪਕੜਨ ਵਾਸਤੇ ਅਨੰਦਪੁਰ ਨੂੰ ਦੂਰ-ਦੂਰ ਤੱਕ ਘੇਰਾ ਪਾ ਲਿਆ, ਜੋ ਸੱਤ ਮਹੀਨੇ ਤੱਕ ਜਾਰੀ ਰਿਹਾ। ਜਦ ਫੇਰ ਵੀ ਕੋਈ ਕਾਮਜ਼ਾਬੀ ਪ੍ਰਾਪਤ ਨਾਂ ਹੋਈ ਤਾਂ ਬਹਰੋਂ ਰਸਤ-ਪਾਣੀ ਦੇ ਰਸਤੇ ਬੰਦ ਕਰ ਦਿੱਤੇ ਪਰ ਸਿੰਘ ਫਿਰ ਵੀ ਸ਼ੇਰ-ਝੱਪਟ ਦੁਆਰਾ ਰਾਸ਼ਨ-ਪਾਣੀ ਲੈ ਜਾਂਦੇ ਰਹੇ, ਤਾਂ ਮੁਗਲ ਸੈਨਾ ਤੇ ਪਹਾੜੀ ਰਾਜਿਆਂ ਆਪਣੀ ਜਾਨ ਖਲਾਸੀ ਦੀ ਖਾਤਿਰ ਕੁਰਾਨ ਤੇ ਗਊ ਦੀਆਂ ਕਸਮਾਂ ਖਾ, ਵਾਸਤੇ ਪਾ, ਗੁਰੂ ਜੀ ਨੂੰ ਕਹਿ ਦਿੱਤਾ ਅਤੇ ਔਰੰਗਜ਼ੇਬ ਤੋਂ ਵੀ ਸ਼ਾਹੀ ਫੁਰਮਾਨ ਜ਼ਾਰੀ ਕਰਵਾ ਲਿਆ ਕਿ ਇੱਕ ਵਾਰ ਤੁਸੀਂ ਅਨੰਦਪੁਰ ਖਾਲੀ ਕਰ ਦਿਉ, ਅਸੀਂ ਤੁਹਾਨੂੰ ਕੁੱਝ ਨਹੀਂ ਕਹਾਂਗੇ ਤੇ ਸਾਡੀ ਇਜ਼ਤ ਔਰੰਗਜ਼ੇਬ ਦੇ ਦਰਬਾਰ ਬਚ ਜਾਵੇਗੀ। ਜਦ ਇਹ ਪਰਵਾਨਾ ਆਇਆ ਤਾਂ ਗੁਰੂ ਜੀ ਨੇ ਸਿੰਘਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵੈਰੀ ਬੜਾ ਮਕਾਰ ਹੈ, ਸ਼ਾਮ, ਦਾਮ, ਦੰਡ, ਭੇਦ ਦੀ ਨੀਤੀ ਵਰਤ ਕੇ, ਨੁਕਸਾਨ ਕਰਨਾ ਚਾਹੁੰਦਾ ਹੈ।ਇਸ ਲਈ ਇਸ ਤੇ ਵਿਸ਼ਵਾਸ਼ ਕਰਨਾ ਖਤਰੇ ਤੋਂ ਖਾਲੀ ਨਹੀਂ। ਲੰਬੇ ਅਰਸੇ ਤੋਂ ਰਸਤ ਪਾਣੀ ਮੁੱਕ ਜਾਣ, ਸਿੰਘ-ਸਿੰਘਣੀਆਂ ਤੇ ਜੰਗੀ ਜਨਵਰਾਂ ਦੇ ਬੀਮਾਰ ਤੇ ਕਮਜ਼ੋਰ ਹੋ ਜਾਣ ਕਰਕੇ, ਕੁਝ ਸਮੇ ਲਈ ਸਿੰਘਾਂ ਗੁਰੂ ਜੀ ਨੂੰ ਸਲਾਹ ਦਿੱਤੀ ਕਿ ਕਿਤੇ ਨਿਵੇਕਲੀ ਥਾਂ ਤੇ ਹੋਰ ਮਜ਼ਬੂਤ ਹੋ ਕੇ ਦੁਸ਼ਮਣ ਦਾ ਮੁਕਾਬਲਾ ਕੀਤਾ ਜਾਵੇ ਪਰ ਗੁਰੂ ਜੀ ਨਾਂ ਮੰਨੇ ਤੇ ਫਿਰ ਕਿਹਾ ਇਨ੍ਹਾਂ ਬੇਈਮਾਨਾਂ ਦਾ ਕੋਈ ਭਰੋਸਾ ਨਹੀ ਕਰਨਾ। ਵੈਰੀਆਂ ਦਾ ਇਮਾਨ ਪਰਖਣ ਲਈ ਗੁਰੂ ਜੀ ਨੇ ਸਿੰਘਾਂ ਨੂੰ ਕਿਹਾ ਕਿ ਕੁਝ ਫਟੇ ਪੁਰਾਣੇ ਕਪੜੇ ਤੇ ਟੁੱਟੇ ਫੁੱਟੇ ਛਿੱਤਰਾਂ ਆਦਿ ਦੀਆਂ ਪੰਡਾਂ ਬੰਨ੍ਹ ਕੇ, ਖੱਚਰਾਂ ਆਦਿ ਤੇ ਲੱਧ ਕੇ ਬਾਹਰ ਭੇਜ ਦਿੱਤੀਆਂ ਜਾਣ। ਜਦ ਐਸਾ ਕੀਤਾ ਗਿਆ, ਤਾਂ ਵੈਰੀ ਸਭ ਕਸਮਾਂ ਛਿੱਕੇ ਟੰਗ, ਪਿਛੇ ਟੁੱਟ ਪਿਆ। ਜਦ ਟੁੱਟੇ ਛਿੱਤਰ ਤੇ ਫਟੇ ਕਪੜੇ ਹੀ ਹੱਥ ਲੱਗੇ ਤਾਂ ਨਮੋਸ਼ੀ ਦੀ ਹਾਲਤ ਵਿੱਚ ਪਿਛੇ ਮੁੜ ਗਿਆ। ਉਧਰ ਗੁਰੂ ਜੀ ਨੇ ਸਿੰਘਾਂ ਨੂੰ ਕੁਝ ਸਮਾਂ ਹੋਰ ਸਬਰ ਨਾਲ ਜ਼ਬਰ ਦਾ ਟਾਕਰਾ ਕਰਨ ਲਈ ਕਿਹਾ। ਅਖੀਰ ਜਦ ਸਿੰਘ, ਜੰਗੀ ਜਾਨਵਰ ਭੁੱਖ, ਬੀਮਾਰੀ ਅਤੇ ਕਮਜੋਰੀ ਨਾਲ ਨਿਢਾਲ ਹੋ ਮਰਨ ਲੱਗੇ, ਤਾਂ ਐਸੇ ਹਲਾਤਾਂ ਵਿੱਚ ਸਿੰਘਾਂ ਦੀ ਬੇਨਤੀ ਮੰਨ, ਕੁਰਾਨ ਤੇ ਗਊ ਦੀਆਂ ਕਸਮਾਂ ਦਾ ਵਾਸਤਾ ਪੈਂਦਾ ਦੇਖ ਅਤੇ ਔਰੰਗਜ਼ੇਬ ਦੇ ਇਹ ਕਹਿਣ ਤੇ ਕਿ ਇੱਕ ਵਾਰ ਤੁਸੀ ਅਨੰਦਪੁਰ ਖਾਲੀ ਕਰ ਦਿਓ, ਸਾਡਾ ਸ਼ਾਹੀ ਵਿਕਾਰ ਵੀ ਬਣਿਆ ਰਹੇ ਅਤੇ ਤੁਹਾਡੀ ਵਾ ਵੱਲ ਵੀ ਕੋਈ ਨਹੀਂ ਦੇਖੇਗਾ। ਭਾਵੇਂ ਗੁਰੂ ਜੀ ਔਰੰਗੇ ਤੇ ਪਹਾੜੀਆਂ ਦੀ ਬਦਨੀਤੀ ਜਾਣਦੇ ਸਨ ਪਰ ਅਨੰਦਪੁਰ ਦੀ ਅੰਦਰਲੀ ਹਾਲਤ ਬਹੁਤ ਹੀ ਪਤਲੀ ਪੈ ਜਾਣ ਕਰਕੇ 6-7 ਪੋਹ ਦੀ ਰਾਤ ਨੂੰ ਦਸੰਬਰ ਦੇ ਪਹਿਲੇ ਹਫਤੇ ਅਨੰਦਪੁਰ ਨੂੰ ਸਦਾ ਲਈ ਛੱਡ ਕੀਰਤਪੁਰ ਵੱਲ ਚੱਲ ਪਏ। ਵੇਖੋ ਗੁਰੂ ਸੂਰਮੇ ਦਾ ਦਿਲ ਵੈਰੀ ਦਲ ੧੦ ਲੱਖ ਦੀ ਗਿਣਤੀ ਵਿੱਚ, ਇੱਕ ਸਾਧਾਰਣ ਜਿਹੇ ਨਗਰ ਚਮਕੌਰ ਗੜੀ 'ਤੇ ਚੜ੍ਹ ਆਇਆ ਸੀ ਜਿਸ ਵਿੱਚ ਕੁਝ ਗਿਣਤੀ ਦੇ ਹੀ ਸਿੰਘ ਸਨ। ਇਸ ਲੰਬੇ ਘੇਰੇ ਵਿੱਚ ਵੀ ਗੁਰੂ ਸੂਰਮੇ ਨੇ ਦਿਲ ਨਹੀਂ ਛੱਡਿਆ, ਵੈਰੀ ਅੱਗੇ ਹੱਥਿਆਰ ਨਹੀਂ ਸੁੱਟੇ, ਬੜੀ ਵਿਉਂਤਬੰਦੀ ਨਾਲ ਵੈਰੀ ਦਲ ਨੂੰ ਭੜਥੂ ਪਾਈ ਰੱਖਿਆ।

ਸਰਸਾ ਤੇ ਪਿਆ ਪਰਵਾਰ ਵਿਛੋੜਾ-ਅਜੇ ਗੁਰੂ ਜੀ ਸਿੰਘਾਂ ਸਮੇਤ ਕੀਰਤਪੁਰ ਹੀ ਲੰਘੇ ਸਨ ਕਿ ਦਿਨ ਦੇ ਚੜਦੇ ਸਾਰ ਹੀ ਕਹਿਲੂਰੀਏ ਅਜਮੇਰ ਚੰਦ ਤੇ ਸਰਹੰਦ ਦੇ ਨਾਜ਼ਮ ਵਜੀਰ ਖਾਂ ਨੇ ਆਪਣੀਆਂ ਸ਼ਾਹੀ ਫੌਜਾਂ ਲੈ ਹੱਲਾ ਕਰ ਦਿੱਤਾ। ਹੋਰ ਫੌਜੀ ਤੇ ਮੁਲਖੱਈਆ ਅਨੰਦਪੁਰ ਸਾਹਿਬ ਨੂੰ ਲੁੱਟਣ ਜਾ ਪਏ। ਇਧਰ ਜਦ ਵੈਰੀ ਸਾਰੀਆਂ ਕਸਮਾਂ ਤੋੜ ਗਲ ਆ ਪਿਆਂ ਤਾਂ ਸਰਸਾ ਕਿਨਾਰੇ ਸਿੰਘਾਂ ਨੇ ਭੁੱਖੇ ਸ਼ੇਰਾਂ ਵਾਂਗ ਵੈਰੀ ਦੇ ਚੰਗੇ ਆਹੂ ਲਾਹੇ। ਜਿੱਥੇ ਵੈਰੀ ਦਲ ਦਾ ਭਾਰੀ ਨੁਕਸਾਨ ਹੋਇਆ ਉਥੇ ਗੁਰੂ ਜੀ ਦੇ ਕੁਝ ਜਾਨੋਂ ਪਿਆਰੇ ਸਿੰਘ ਵੀ ਭਾਈ ਉਦੇ ਸਿੰਘ ਦੀ ਅਗਵਾਈ 'ਚ ਸ਼ਹੀਦ ਹੋ ਗਏ।ਨਿਰਭਉ ਤੇ ਨਿਰਵੈਰ ਗੁਰੂ ਨੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸਿੰਘਾਂ ਨਾਲ ਰਲ ਕੇ ਕੀਤਾ ਅਤੇ ਅਰਦਾਸਾ ਸੋਧ ਕੇ ਸਰਸਾ ਨਦੀ ਪਾਰ ਕਰਨ ਲਈ ਠਿੱਲ ਪਏ। ਬਰਸਾਤ ਕਾਰਨ ਇਸ ਬਰਸਾਤੀ ਨਦੀ ਦਾ ਵੇਗ ਬਹੁਤ ਤਿੱਖਾ ਸੀ ਸਾਰੇ ਸਿੰਘਾਂ ਕੋਲ ਘੋੜੇ ਵੀ ਨਹੀਂ ਸਨ ਅਤੇ ਹੜ ਅੱਗੇ ਘੋੜਿਆਂ ਦੀ ਵੀ ਪੇਸ਼ ਨਹੀਂ ਸੀ ਜਾ ਰਹੀ।ਇਵੇਂ ਬਹੁਤੇ ਸਿੰਘ ਸਿੰਘਣੀਆਂ ਹੜ ਵਿੱਚ ਰੁੜ੍ਹ ਗਏ। ਕੇਵਲ ਮਾਤਾ ਗੁਜਰੀ ਨਾਲ ਛੋਟੇ ਸਾਹਿਬਜ਼ਾਦੇ, ਗੁਰੂ ਜੀ ਦੇ ਮਹਿਲਾਂ ਨਾਲ ਭਾਈ ਮਨੀ ਸਿੰਘ, ਗੁਰੂ ਜੀ ਨਾਲ ਵੱਡੇ ਸਾਹਿਬਜ਼ਾਦੇ ਅਤੇ ਬਾਕੀ ਬਚੇ ਸਿੰਘ, ਸਰਸਾ ਪਾਰ ਕਰ, ਰੋਪੜ ਵੱਲ ਚੱਲ ਪਏ ਪਰ ਵੈਰੀ ਸੂਕਦੀ ਸਰਸਾ ਵਿੱਚ ਵੜਨੋਂ ਡਰਦਾ ਰਿਹਾ।ਏਨੇ ਨੂੰ ਗੁਰੂ ਜੀ ਬਹੁਤ ਦੂਰ ਚਲੇ ਗਏ, ਉਧਰ ਜਿਹੜੇ ਸਿੰਘ ਸਰਸਾ ਵਿੱਚ ਰੁੜ੍ਹ ਗਏ ਤੇ ਕਿਤੇ ਦੂਰ ਲਹਿੰਦੇ ਪਾਸੇ ਰੁੜਦੇ ਹੋਏ ਕੁਝ ਕੰਢੇ ਜਾ ਲਗੇ, ਓਧਰ ਪੋਹ ਦੀ ਸਰਦੀ, ਲੰਬੇ ਸਮੇ ਦੀ ਭੁੱਖ, ਕਮਜੋਰੀ, ਸਰਸਾ ਦੇ ਬਰਫਾਨੀ ਤੇ ਤੂਫਾਨੀ ਪਾਣੀ ਨੇ ਉਨ੍ਹਾਂ ਦਾ ਬੁਰਾ ਹਾਲ ਕਰ ਦਿੱਤਾ ਅਤੇ ਉਹ ਨਿਢਾਲ ਹੋਏ ਵੈਰੀ ਦੇ ਹੱਥ ਆਉਣ ਨਾਲੋਂ ਜਿਧਰ ਵੀ ਉਨ੍ਹਾਂ ਨੂੰ ਰਾਹ ਮਿਲਿਆ ਚਲੇ ਗਏ।ਇਧਰ ਗੁਰੂ ਜੀ ਨੇ ਵੱਡੇ ਸਾਹਿਬਜ਼ਾਦੇ ਤੇ 40 ਕੁ ਸਿੰਘਾਂ ਨਾਲ ਭਾਈ ਬੁੱਧੀ ਚੰਦ ਦੀ ਕੱਚੀ ਹਵੇਲੀ ਵਿੱਚ ਜਾ ਮੁਕਾਮ ਕੀਤਾ। ਏਨੇ ਨੂੰ ਵੈਰੀ ਦਲ ਦੀ ਤਾਜਾ ਦਮ ਫੌਜ ਗੋਲੀ ਸਿਕੇ ਬਰੂਦ ਤੇ ਅਧੁਨਿਕ ਹਥਿਆਰਾਂ ਨਾਲ ਲੈਸ ਹੋ, ਮਾਰੋ-ਮਾਰ ਕਰਦੀ ਹੋਈ ਕੱਚੀ ਗੜੀ ਦੇ ਦੁਆਲੇ ਇੱਕਠੀ ਹੋ ਗਈ। ਇਸ ਵਿੱਚ ਸੂਬਾ ਸਰਹੰਦ, ਸੂਬਾ ਲਹੌਰ ਅਤੇ ਸੂਬਾ ਕਸ਼ਮੀਰ, ਦਿੱਲੀ ਤੋਂ ਸ਼ਾਹੀ ਫੌਜਾਂ ਅਤੇ ਪਹਾੜੀ ਰਾਜੇ, ਲੁਟੇਰੇ ਗੁਜਰ ਤੇ ਰੰਗੜ ਆਦਿਕ ਮੁਲਖਈਆ ਵੀ ਸ਼ਾਮਲ ਹੋ ਗਿਆ।ਇਤਿਹਾਸਕਾਰ ਲਿਖਦਾ ਹੈ ਕਿ 10 ਲੱਖ ਫੌਜ ਨੇ ਗੜੀ ਨੂੰ ਘੇਰਾ ਪਾ ਲਿਆ, ਔਰੰਗੇ ਦਾ ਹੁਕਮ ਸੀ ਕਿ ਗੁਰੂ ਨੂੰ ਜਿੰਦਾ ਗ੍ਰਿਫਤਾਰ ਕਰਨਾ ਜਾਂ ਸਿਰ ਵੱਢ ਕੇ ਲਿਆਉਣਾ ਹੈ ਪਰ "ਪਾਪੀ ਔਰੰਗਾ ਕੀ ਜਾਣੇ ਮੌਜਾਂ ਦੇ ਮਾਹੀ ਸਰਕਾਰ ਦੀਆਂ ਗੁੱਝੀਆਂ ਰਮਜ਼ਾਂ ਨੂੰ" ਮਹਾਨ ਜਰਨੈਲ ਸੂਰਮੇ ਨੇ ਸਿੰਘਾਂ ਦੇ ਛੋਟੇ-ਛੋਟੇ ਜਥੇ ਬਣਾ ਕੇ, ਭੂਤਰੇ ਹੋਏ ਵੈਰੀ ਨਾਲ ਦੋ ਹੱਥ ਕਰਨ ਦੀ ਤਿਆਰੀ ਕੀਤੀ। ਉਸ ਦਿਨ 8 ਪੋਹ ਦੀ ਰਾਤ ਸੀ, ਵੈਰੀ ਨੇ ਧਾਵਾ ਬੋਲ ਦਿੱਤਾ ਤਾਂ ਸਿੰਘ ਵੀ ਬਾਜਾਂ ਵਾਂਗ ਵੈਰੀ 'ਤੇ ਝਪਟ ਪਏ, ਲੱਖਾਂ ਦੀ ਕਟਾ-ਵੱਢ ਕਰਦੇ, ਸ਼ਹੀਦੀ ਜ਼ਾਮ ਪੀਂਦੇ ਹੋਏ ਵੇਰੀਆਂ ਦੇ ਸੁਪਨੇ ਚਕਨਾ ਚੂਰ ਕਰ ਗਏ। ਜਿਨ੍ਹਾਂ ਵਿੱਚ ਗੁਰੂ ਜੀ ਦੇ ਵੱਡੇ ਦੋ ਪੁੱਤਰ ਤੇ ਪੰਜਾਂ ਪਿਆਰਿਆਂ ਚੋਂ ਦੋ ਪਿਆਰੇ ਵੀ ਸ਼ਹੀਦੀ ਪਾ ਗਏ,ਬਾਕੀ ਗੜੀ ਅੰਦਰ ਸਿਰਫ 11 ਸਿੰਘ ਬਚੇ-ਭਾਈ ਦਇਆ ਸਿੰਘ ਧਰਮ ਸਿੰਘ, ਮਾਨ ਸਿੰਘ, ਸੰਗਤ ਸਿੰਘ, ਸੰਤ ਸਿੰਘ, ਰਾਮ ਸਿੰਘ, ਕੇਹਰ ਸਿੰਘ, ਸੰਤੋਖ ਸਿੰਘ, ਦੇਵਾ ਸਿੰਘ, ਜਿਊਣ ਸਿੰਘ, ਕਾਠਾ ਸਿੰਘ।



ਵੈਰੀਆਂ ਨੇ ਵੀ ਅੰਦਾਜਾ ਲਾਇਆ ਕਿ ਹੁਣ ਥੋੜੇ ਹੀ ਸਿੰਘ ਗੁਰੂ ਸਮੇਤ ਬਚੇ ਹਨ। ਰਾਤ ਨੂੰ ਤਾਂ ਲੜਾਈ ਦੀ ਲੋੜ ਨਹੀਂ ਸਵੇਰੇ ਹੱਥੋ-ਹੱਥ ਗੁਰੂ ਗੋਬਿੰਦ ਸਿੰਘ ਸਮੇਤ ਸਿੰਘਾਂ ਨੂੰ ਜਿਉਂਦੇ ਫੜ ਲਵਾਂਗੇ, ਇਉਂ ਜਰਨੈਲਾਂ ਨੂੰ ਬੇਫਿਕਰੀ ਹੋ ਗਈ।ਹੁਣ ਗੁਰੂ ਜੀ ਨੇ ਖੁਦ ਮੈਦਾਨੇ ਜੰਗ ਵਿੱਚ ਵੈਰੀ ਦਾ ਮੁਕਾਬਲਾ ਕਰਕੇ ਸ਼ਹੀਦ ਹੋਣ ਦੀ ਤਮੱਨਾ ਕੀਤੀ ਪਰ ਸਿੰਘਾਂ ਪਰਵਾਨ ਨਾਂ ਕੀਤਾ ਤੇ ਕਿਹਾ ਕਿ ਤੁਹਾਡੇ ਸਾਫ ਬਚ ਕੇ ਨਿਕਲ ਜਾਣ ਨਾਲ ਇੱਕ ਤਾਂ ਵੈਰੀਆਂ ਦੇ ਦਿਲ ਟੁੱਟਣਗੇ ਤੇ ਦੂਜਾ ਆਪ ਜੀ ਅਨੇਕਾਂ ਸਿੰਘ ਹੋਰ ਪੈਦਾ ਕਰ ਸਕਦੇ ਹੋ। ਇਉਂ ਸਿੰਘਾਂ ਨੇ ਪੰਜਾਂ ਦੇ ਰੂਪ ਵਿੱਚ ਗੁਰੂ ਜੀ ਨੂੰ ਗੜੀ ਚੋਂ ਚਲੇ ਜਾਣ ਦਾ ਹੁਕਮ ਦੇ ਦਿੱਤਾ।ਗੁਰੂ ਜੀ ਹੁਕਮ ਮੰਨ ਤਿਆਰ ਹੋ ਗਏ ਪਰ ਸਿੰਘ ਗੁਰੂ ਜੀ ਨੂੰ ਇਕੱਲਾ ਵੀ ਨਹੀ ਜਾਣ ਦੇਣਾ ਚਾਹੁੰਦੇ ਸਨ।ਸੋ ਪੰਜਾਂ ਚੋਂ ਭਾਈ ਦਇਆ ਸਿੰਘ, ਧਰਮ ਸਿੰਘ ਅਤੇ ਭਾਈ ਮਾਨ ਸਿੰਘ ਨੂੰ ਨਾਲ ਜਾਣ ਲਈ ਤਿਆਰ ਕੀਤਾ ਗਿਆ।ਗੁਰੂ ਜੀ ਸਾਫ ਬਚ ਕੇ ਤਾਂ ਹੀ ਜਾ ਸਕਦੇ ਸਨ ਕਿ ਜੇ ਗੜੀ ਚੋਂ ਰੁੱਕ-2 ਗੋਲੀ ਚਲਦੀ ਰਹੇ, ਜੈਕਾਰੇ ਛੁੱਟਦੇ ਤੇ ਧੌਂਸੇ ਵਜਦੇ ਰਹਿਣ।ਬਾਕੀ ਸਿੰਘਾਂ ਚੋਂ ਭਾਈ ਸੰਗਤ ਸਿੰਘ ਜੀ ਦੀ ਸ਼ਕਲ-ਸੂਰਤ ਗੁਰੂ ਜੀ ਨਾਲ ਮਿਲਦੀ ਸੀ, ਵੈਰੀ ਨੂੰ ਭੁਲੇਖਾ ਪਾਉਣ ਲਈ ਗੁਰੂ ਨੇ ਆਪਣਾ ਬਾਣਾ ਤੇ ਕਲਗੀ ਤੋੜਾ ਭਾਈ ਸੰਗਤ ਸਿੰਘ ਜੀ ਦੇ ਸੀਸ ਸਜਾ, ਗੜੀ ਦੇ ਚਹੋਂ ਪਾਸਿਓਂ ਭਾਈ ਦਇਆ ਸਿੰਘ, ਧਰਮ ਸਿੰਘ ਤੇ ਭਾਈ ਮਾਨ ਸਿੰਘ ਸਮੇਤ ਤਾੜੀਆਂ ਵਜਾਉਂਦੇ ਤੇ ਇਹ ਨਾਹਰਾ ਲਾਉਂਦੇ ਹੋਏ ਕਿ "ਪੀਰੇ ਹਿੰਦ ਮੇ ਰਵੱਦ" ਭਾਵ ਹਿੰਦ ਦਾ ਪੀਰ ਗੁਰੂ ਜਾ ਰਿਹਾ ਹੈ। ਜਦ ਨਸ਼ੇ ਚ ਘੂਕ ਸੁੱਤੇ ਵੈਰੀਆਂ ਨੇ ਇਹ ਨਾਹਰਾ ਸਣਿਆਂ ਤਾਂ ਉਬੜਵਾਹੇ ਉੱਠ, ਹਨੇਰੇ ਵਿੱਚ ਹੀ ਤਲਵਾਰਾਂ ਚਲਾਉਂਦੇ, ਅਲੀ-ਅਲੀ ਕਰਕੇ ਟੁੱਟ ਪਏ ਅਤੇ ਆਪਸ ਵਿੱਚ ਹੀ ਕਟਾ-ਵੱਧ ਕਰੀ ਗਏ ਕਿਉਂਕਿ ਨਸ਼ੇ ਵਿੱਚ ਮਤਿ ਮਾਰੀ ਜਾਂਦੀ ਹੈ ਗੁਰ ਫੁਰਮਾਨ ਹੈ-ਜਿਤੁ ਪੀਤੇ ਮਤਿ ਦੂਰਿ ਹੋਇ ਬਰਲ ਪਵੈ ਵਿਚਿ ਆਇ॥ ਆਪਨਾ ਪਰਾਇਆ ਨਾ ਪਛਾਨਹੀ ਖਸਮੌਂ ਧਕੇ ਖਾਇ (੫੫੪) ਉਧਰ ਗੁਰੂ ਜੀ ਸਿੰਘਾਂ ਨੂੰ ਦੱਸੀ ਤਾਰੇ ਦੀ ਸੇਧ ਮੁਤਾਬਿਕ ਨੰਗੇ ਪੈਰੀਂ ਝਾੜੀਆਂ ਤੇ ਕੰਡਿਆਂ ਚੋਂ ਲੰਘਦੇ ਹੋਏ ਮਾਛੀਵਾੜੇ ਦੇ ਜੰਗਲ ਵਿੱਚ ਜਾ ਪਹੁੰਚੇ, ਏਨੇ ਨੂੰ ਭਾਈ ਦਇਆ ਸਿੰਘ, ਧਰਮ ਸਿੰਘ ਤੇ ਭਾਈ ਮਾਨ ਸਿੰਘ ਵੀ ਪਹੁੰਚ ਗਏ। ਉਨ੍ਹਾਂ ਗੁਰੂ ਜੀ ਦੇ ਪੈਰਾਂ ਚੋਂ ਕੰਢੇ ਕੱਢੇ ਤੇ ਮੁੱਠੀ ਚਾਪੀ ਕੀਤੀ।

ਉਧਰ ਵੈਰੀ ਨੇ ਦਿਨ ਚੜ੍ਹਦੇ ਸਾਰ ਹੀ ਗੜੀ ਤੇ ਧਾਵਾ ਬੋਲ ਦਿੱਤਾ ਤਾਂ ਗੜੀ ਵਿਚਲੇ ਸਿੰਘ ਵੀ ਤਲਵਾਰਾਂ ਸੂਤ ਕੇ ਬਾਹਰ ਆਏ ਅਤੇ ਲੜਦੇ ਹੋਏ ਸ਼ਹੀਦੀਆਂ ਪਾ ਗਏ ਪਰ ਜਿਉਂਦੇ ਜੀ ਵੈਰੀ ਦੇ ਹੱਥ ਨਾ ਆਏ।ਵੈਰੀ ਭਾਈ ਸੰਗਤ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਸਮਝ ਖੁਸ਼ੀਆਂ ਮਨਾਉਂਣ ਲਗੇ। ਉਧਰ ਭਾਈ ਪੰਜਾਬਾ ਤੇ ਗੁਲਾਬਾ ਜੋ ਉੱਘੇ ਮਸੰਦ ਸਨ ਗੁਰੂ ਜੀ ਨੂੰ ਆਪਨੇ ਘਰ ਲੈ ਗਏ। ਭਾਈ ਨਬੀ ਖਾਂ ਤੇ ਗਨੀ ਖਾਂ ਵੀ ਜੋ ਮਾਛੀਵਾੜੇ ਦੇ ਰਹਿਣ ਵਾਲੇ ਅਤੇ ਘੋੜਿਆਂ ਦੇ ਵਾਪਾਰੀ ਸਨ ਨੂੰ ਜਦ ਪਤਾ ਲੱਗਾ ਤਾਂ, ਗੁਰੂ ਦੀ ਪਿਆਰ ਖਿੱਚ ਸਦਕਾ ਆ ਮਿਲੇ ਅਤੇ ਕਾਫੀ ਦਿਨ ਗੁਰੂ ਜੀ ਇੱਥੇ ਰਹੇ। ਆਖਿਰ ਨੀਤੀ ਵਰਤਦੇ ਗੁਰੂ ਜੀ ਉੱਚ ਦੇ ਪੀਰ ਬਣ, ਇੱਕ ਪਲੰਘ ਉੱਤੇ ਬੈਠ, ਭਾਈ ਨਬੀ ਖਾਂ, ਗਨੀ ਖਾਂ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਨਾਲ ਮਾਛੀਵਾੜੇ ਤੋਂ ਚੱਲ ਪਏ, ਭਾਈ ਦਇਆ ਸਿੰਘ ਮੋਰ ਦੀ ਚੌਰ ਕਰਦੇ ਗਏ। ਰਸਤੇ ਵਿੱਚ ਸੂਬੇ ਦੇ ਸੂਹੀਏ ਮਿਲੇ, ਪੁਛਿਆ ਇਹ ਕੌਣ ਹਨ? ਪ੍ਰੀਤ ਪਿਆਰਿਆਂ ਕਿਹਾ ਸਾਡੇ ਪੀਰ, ਸੂਹੀਆਂ ਦਾ ਸ਼ੱਕ ਦੂਰ ਹੋ ਗਿਆ। ਵੈਸੇ ਵੀ ਭਾਈ ਨਬੀ ਖਾਂ ਤੇ ਗਨੀ ਖਾਂ ਦਾ ਉੱਘੇ ਵਾਪਾਰੀ ਹੋਣ ਕਰਕੇ, ਲੋਕ ਬੜਾ ਮਾਨ ਤਾਨ ਕਰਦੇ ਸਨ। ਇਉਂ ਗੁਰੂ ਜੀ ਕਈ ਪਿੰਡਾਂ ਚੋਂ ਲੰਘਦੇ ਹੋਏ ਆਲਮਗੀਰ ਪਹੁੰਚੇ,ਇਥੇ ਭਾਈ ਮਨੀ ਸਿੰਘ ਦਾ ਵੱਡਾ ਭਾਈ ਨਿਗਾਹੀਆ ਸਿੰਘ ਆਪਣੇ ਪੁੱਤਰ ਸਮੇਤ ਮਿਲਿਆ। ਦੋਵੇਂ ਪਿਉ-ਪੁੱਤਰ ਵੀ ਘੋੜਿਆਂ ਦੇ ਵਾਪਾਰੀ ਸਨ ਨੇ ਸਤਿਗੁਰਾਂ ਨੂੰ ਇੱਕ ਵਧੀਆ ਘੋੜਾ ਭੇਟ ਕੀਤਾ। ਗੁਰੂ ਜੀ ਹੁਣ ਘੋੜ ਸਵਾਰ ਹੋ ਗਏ ਅਤੇ ਭਾਈ ਨਬੀ ਖਾਂ ਤੇ ਭਾਈ ਗਨੀ ਖਾਂ ਨੂੰ ਵਡਮੁਲੀ ਸੇਵਾ ਲਈ, ਇੱਕ ਯਾਦਗਾਰ ਪੱਤਰ ਦੇ, ਬੜੇ ਸਤਿਕਾਰ ਨਾਲ ਵਿਦਾ ਕੀਤਾ। ਹੁਣ ਗੁਰੂ ਜੀ ਪਿੰਡ ਹੇਹਰੀਂ ਪਹੁੰਚ ਗਏ, ਇਥੇ ਮਹੰਤ ਕ੍ਰਿਪਾਲ ਦਾਸ ਦਾ ਡੇਰਾ ਸੀ ਜਿਸ ਨੇ ਭੰਗਾਣੀ ਦੇ ਯੁੱਧ ਵਿੱਚ, ਆਪਣੇ ਕੁਤਕੇ ਨਾਲ ਵੈਰੀਆਂ ਦੇ ਸਿਰ ਫੇਹੇ ਸਨ, ਦੇ ਚੇਲੇ ਨੇ ਭੜੀ ਆਓ ਭਗਤ ਕੀਤੀ ਪਰ ਜਦ ਪਤਾ ਲੱਗਾ, ਕਿ ਹਕੂਮਤ ਬਾਗੀ ਗੁਰੂ ਨੂੰ ਪਨਾਹ ਦੇਣ ਵਾਲਿਆਂ ਨੂੰ ਭਾਰੀ ਸਜਾਵਾਂ ਦੇ ਰਹੀ ਹੈ ਤਾਂ ਉਸਨੇ ਗੁਰੂ ਜੀ ਨੂੰ ਜਲਦੀ ਵਿਦਾ ਕਰ ਦਿੱਤਾ। ਇਸ ਤੋਂ 8 ਮੀਲ ਅੱਗੇ ਸੀਲੋਆਣੀ ਪਹੁੰਚੇ, ਉੱਥੇ ਰਾਇ ਕੋਟ ਦਾ ਚੌਧਰੀ ਰਾਇ ਕੱਲਾ ਆਇਆ ਹੋਇਆ ਸੀ, ਉਸ ਨੇ ਪੀਰ ਸਮਝ ਆਦਰ ਮਾਨ ਦਿੱਤਾ। ਜਦ ਉਸ ਨੂੰ ਮੁਗਲ ਹਕੂਮਤ ਦੀ ਬਦਨੀਤ ਅਤੇ ਜ਼ੁਲਮਾਂ ਦਾ ਪਤਾ ਲੱਗਾ ਤਾਂ ਬੜਾ ਅਫਸੋਸ ਕਰ ਲੋੜੀਂਦੀ ਸੇਵਾ ਲਈ ਆਪਣੇ-ਆਪ ਨੂੰ ਪੇਸ਼ ਕੀਤਾ।ਇਥੋਂ ਹੀ ਰਾਇ ਕੱਲੇ ਨੇ ਇੱਕ ਚੌਧਰੀ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਖਬਰ ਲੈਣ ਲਈ ਭੇਜਿਆ, ਜਿਸ ਦਾ ਨਾਂ "ਮਾਹੀ" ਸੀ।ਇਥੋਂ ਸਰਹੰਦ 25 ਕੁ ਮੀਲ ਤੇ ਹੈ।ਮਾਹੀ ਅਗਲੇ ਦਿਨ ਹੀ ਸਾਹਿਬਜ਼ਾਦਿਆਂ ਦੀ ਖਬਰ ਲੈ ਆਇਆ ਕਿ ਕਿ ਲੂਣ ਹਰਾਮੀ ਗੰਗੂ ਬਾਮਣ ਨੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਨੂੰ ਮੁੱਖਬਰੀ ਕਰਕੇ ਫੜਾੜਿਆ ਫਿਰ ਪਾਪੀ ਅਤੇ ਕੌਮ ਧਰੋਹੀ ਸੁੱਚਾ ਨੰਦ ਦੇ ਇਹ ਕਹਿਣ 'ਤੇ ਕਿ ਇਹ ਸਪੋਲੀਏ ਨੇ, ਸੱਪ ਦੇ ਬੱਚੇ ਮਾਰ ਦੇਣੇ ਚਾਹੀਏ ਪਰ ਕਾਜੀ ਨੇ ਕਿਹਾ, ਜਨਾਬ ਕੁਰਾਨਿ ਪਾਕ ਮਸੂਮਾਂ ਤੇ ਜੁਲਮ ਦੀ ਇਜ਼ਾਜਤ ਨਹੀਂ ਦਿੰਦਾ। ਮਲੇਰ ਕੋਟਲੇ ਦਾ ਨਵਾਬ ਸ਼ੇਰ ਖਾ ਵੀ ਹਾਅ ਦਾ ਨਾਹਰਾ ਮਾਰਦਾ ਸੂਬੇ ਦੀ ਕਚਿਹਰੀ ਚੋਂ ਵਾਕ ਆਊਟ ਕਰ ਗਿਆ ਤਾਂ ਸੂਬੇ ਨੇ ਸ਼ਾਹੀ ਕਾਜ਼ੀ ਤੋਂ ਫਤਵਾ ਲੈ, ਮਸੂਮ ਜਿੰਦਾ ਨੂੰ ਬੜੀ ਬੇ ਦਰਦੀ ਨਾਲ ਦੀਵਾਰ ਵਿੱਚ ਚਿਣ ਅਤੇ ਮਾਤਾ ਗੁਜਰੀ ਜੀ ਨੂੰ ਵੀ ਠੰਡੇ ਬੁਰਜ ਵਿੱਚ ਸ਼ਹੀਦ ਕਰ ਦਿੱਤਾ। ਜਿਸ ਬੁਰਜ ਦਾ ਨਾਮੋਂ ਨਿਸ਼ਾਨ ਅੱਜ ਦੇ ਕਾਰ ਸੇਵਾ ਵਾਲੇ ਭੇਖੀ ਸਾਧਾਂ ਨੇ ਮਿਟਾ ਦਿੱਤਾ ਹੈ।

ਇਹ ਸੁਣ ਗੁਰੂ ਜੀ ਬੋਲੇ ਜਦੋਂ ਕੋਈ ਜ਼ਾਬਰ ਹਕੂਮਤ ਇਤਨੀ ਗਿਰਾਵਟ ਤੱਕ ਆ ਜਾਵੇ ਤਾਂ ਉਸ ਦਾ ਅੰਤ ਨੇੜੇ ਹੁੰਦਾ ਹੈ। ਗੁਰੂ ਜੀ ਨੇ ਤੀਰ ਦੀ ਨੋਕ ਨਾਲ, ਕਾਹੀ ਦਾ ਬੂਟਾ ਜੜੋਂ ਪੁੱਟਦਿਆਂ ਕਿਹਾ ਕਿ ਹੁਣ ਜ਼ਾਲਮ ਮੁਗਲ ਹਕੂਮਤ ਦੀਆਂ ਜੜਾਂ ਪੁੱਟੀਆਂ ਗਈਆਂ! ਚੌਧਰੀ ਰਾਇ ਕੱਲੇ ਨੇ ਵਿਦਾਇਗੀ ਸਮੇਂ ਵਧੀਆ ਘੋੜੇ ਤੇ ਸ਼ਸਤਰ ਭੇਟ ਕੀਤੇ। ਗੁਰੂ ਜੀ ਨੇ ਪਿਆਰ ਭਰੀ ਯਾਦਗਰ ਵਜੋਂ ਗਾਤਰੇ ਦੀ ਕ੍ਰਿਪਾਨ ਭਾਈ ਰਾਏ ਕੱਲੇ ਨੂੰ ਦਿੱਤੀ।ਅੱਗੇ ਸਤਿਗੁਰੂ ਜੀ ਦੀਨੇ ਪਹੁੰਚ ਗਏ, ਇੱਥੇ ਰਾਏ ਜੋਧ ਦੇ ਪੋਤਰੇ ਚੌਧਰੀ ਲਖਮੀਰ-ਸ਼ਮੀਰ ਤੇ ਤਖਤ ਮੱਲ ਬੇਨਤੀ ਕਰਕੇ ਘਰ ਲੈ ਗਏ। ਇਥੇ ਹੀ ਭਾਈ ਰੂਪ ਚੰਦ ਦੇ ਪੋਤਰੇ ਧਰਮ ਸਿੰਘ ਤੇ ਪਰਮ ਸਿੰਘ ਵੀ ਹਾਜ਼ਰ ਹੋਏ। ਜਿਉਂ-2 ਮਾਲਵੇ ਦੇ ਪਿੰਡਾਂ ਵਿੱਚ ਖਬਰ ਖਿਲਰਦੀ ਗਈ ਅਤੇ ਹਜਾਰਾਂ ਸਿੰਘ ਦਰਸ਼ਨਾਂ ਨੂੰ ਆਉਣ ਲੱਗ ਪਏ।ਉਧਰ ਚਮਕੌਰ ਦੀ ਗੜੀ ਦੁਆਲੇ ਇਕੱਠਾ ਹੋਇਆ ਵੈਰੀ ਤੇ ਮੁਲਖਈਆ ਇਹ ਖਬਰ ਸੁਣ ਕੇ ਚਾਲੇ ਪਾ ਗਿਆ ਸੀ ਕਿ ਗੁਰੂ ਜੀ ਗੜੀ ਵਿੱਚ ਮਾਰੇ ਗਏ ਤੇ ਕੋਈ ਉੱਥੇ ਜਿੰਦਾ ਨਹੀਂ ਬਚਿਆ,ਇਹ ਖਬਰ ਅੱਗੇ ਮੁਲਖਈਏ ਨੇ ਸਭ ਪਾਸੇ ਫੈਲਾ ਦਿੱਤੀ ਸੀ।ਗੁਰੂ ਜੀ ਦੀਨੇ ਤੱਕ ਅਜੇ ਪੀਰ ਦੇ ਲਿਬਾਸ ਵਿੱਚ ਹੀ ਸਨ, ਵਿਰਲਿਆਂ ਨੂੰ ਹੀ ਅਸਲੀਅਤ ਦਾ ਪਤਾ ਸੀ।ਇਥੋਂ ਹੀ ਗੁਰੂ ਜੀ ਨੇ ਜ਼ਾਲਮ ਬਾਦਸ਼ਾਹ ਔਰੰਗਜ਼ੇਬ ਨੂੰ ਫਤਿਹ ਦੀ ਚਿੱਠੀ (ਜ਼ਫਰਨਾਮਾ) ਲਿਖਿਆ ਜਿਸ ਵਿੱਚ ਹਿੰਦੂ ਪਹਾੜੀ ਰਾਜਿਆਂ ਤੇ ਔਰੰਜ਼ੇਬ ਦੇ ਜਰਨੈਲਾਂ ਦੀਆਂ ਸਾਰੀਆਂ ਕਾਲੀਆਂ ਕਰਤੂਤਾਂ ਦਾ ਜ਼ਿਕਰ ਕੀਤਾ।ਔਰੰਗਜ਼ੇਬ ਨੂੰ ਜਣਾਇਓ ਨੇ ਕਿ ਤੇਰੀ ਤੇ ਤੇਰੇ ਹਾਕਮਾਂ ਦੀ ਇਹ ਨੀਚਤਾ ਤੇਰੀ ਹਕੂਮਤ ਦੀ ਬੇੜੀ ਹੁਣ ਖਾਰੇ ਸਮੁੰਦਰ ਵਿੱਚ ਡੋਬ ਕੇ ਹੀ ਰਹੇਗੀ।ਇਹ ਚਿੱਠੀ ਭਾਈ ਦਇਆ ਸਿੰਘ ਸਮੇਤ ਚਾਰ ਸਿੰਘਾਂ ਨੂੰ ਦੇ, ਔਰੰਗੇ ਪਾਸ ਪਹੁੰਚਾਈ।

ਇੱਧਰ ਸੂਬੇ ਸਰਹੰਦ ਨੂੰ ਜਦ ਇਹ ਖਬਰ ਮਿਲੀ ਤਾਂ ਉਸ ਦੀ ਛਾਤੀ ਤੇ ਸੱਪ ਲੇਟ ਗਿਆ,ਉਧਰੋਂ ਔਰੰਗਜ਼ੇਬ ਦੀਆਂ ਝਿੜਕਾਂ ਨੇ, ਗੁਰੂ ਜੀ ਵਿਰੁੱਧ ਹੋਰ ਈਰਖਾ-ਵੈਰ ਦੇ ਭਾਂਬੜ ਮਚਾ ਦਿੱਤੇ। ਸੂਬੇ ਨੇ ਚੌਧਰੀ ਲਖਮੀਰ ਨੂੰ ਬੜੀ ਤਾੜਨਾ ਭਰੀ ਚਿੱਠੀ ਲਿਖੀ ਕਿ ਮੁਗਲ ਹਕੂਮਤ ਦੇ ਬਾਗੀ ਗੁਰੂ ਨੂੰ ਮੇਰੇ ਹਵਾਲੇ ਕਰੋ, ਨਹੀਂ ਤਾਂ ਤੁਹਾਡਾ ਵੀ ਓਹੀ ਹਾਲ ਹੋਵੇਗਾ, ਜੋ ਗੁਰੂ ਦਾ ਹੋਇਆ ਹੈ। ਅੱਗੋਂ ਚੌਧਰੀ ਲਖਮੀਰ ਨੇ ਬੜੇ ਠਰੱਮੇ ਨਾਲ ਉੱਤਰ ਭੇਜਿਆ, ਜਿਵੇਂ ਤੁਸੀਂ ਆਪਣੇ ਪੀਰਾਂ ਦੀ ਖਿਦਮਤ ਕਰਦੇ ਹੋ, ਤਿਵੇਂ ਅਸੀਂ ਵੀ ਆਪਣੇ ਦਿਲ ਦੇ ਪਾਤਸ਼ਾਹ ਗੁਰੂ ਦੀ ਸੇਵਾ ਕਰ ਰਹੇ ਹਾਂ ਜਿਸ ਨੇ ਕਦੇ ਕਿਸੇ ਗੁਆਂਢੀ ਤੇ ਹਮਲਾ ਕਰਕੇ, ਚੱਪਾ ਜ਼ਮੀਨ ਨਹੀਂ ਸਾਂਭੀ। ਦੂਜਿਆਂ ਦੀ ਖਾਤਿਰ ਦੁੱਖ ਸਹਾਰਨੇ, ਗੁਰੂ ਵਾਂਗ ਕੁਰਬਾਨੀ ਕਿਸੇ ਭਾਗਾਂ ਵਾਲੇ ਨੂੰ ਹੀ ਨਸੀਬ ਹੁੰਦੀ ਹੈ। ਇਉਂ ਚੌਧਰੀ ਲਖਮੀਰ ਨੇ ਵੀ ਇੱਕ ਆਦਮੀ ਚਿੱਠੀ ਦੇ ਕੇ ਸਰਹੰਦ ਭੇਜਿਆ ਅਤੇ ਛੇਤੀ ਖਬਰ ਦੇਣ ਲਈ ਕਿਹਾ।ਚੌਧਰੀ ਲਖਮੀਰ ਵਲੋਂ, ਕੋਰਾ ਜਵਾਬ ਮਿਲਣ ਤੇ, ਸੂਬੇ ਨੇ ਹਸਨ ਖਾਂ ਫੌਜਦਾਰ ਨੂੰ, ਗੁਰੂ ਤੇ ਚੜ੍ਹਾਈ ਕਰਨ ਦਾ ਹੁਕਮ ਦੇ ਦਿੱਤਾ।ਇਹ ਖਬਰ ਸਰਹੰਦ ਵਿੱਚ ਖਿਲਰੀ ਅਤੇ ਸਰਹੰਦੋਂ ਅੱਗੇ ਦੁਆਬੇ ਤੇ ਮਾਝੇ ਵਿੱਚ ਵੀ ਪਿੰਡ-2 ਸਿੱਖਾਂ ਵਿੱਚ ਫੈਲ ਗਈ ਤਾਂ ਚੌਧਰੀ ਲਖਮੀਰ ਨੇ ਸਤਿਗੁਰੂ ਜੀ ਨੂੰ ਵੀ ਦੀਨੇ ਪਿੰਡ ਖਬਰ ਦੇ ਦਿੱਤੀ। ਓਧਰ ਹਾੜੀ ਦੀ ਫਸਲ ਦੇ ਦਿਨ ਨੇੜੇ ਆ ਗਏ, ਕਿਸਾਨ ਫਸਲਾਂ ਸਾਂਭਣ ਵਿੱਚ ਰੁੱਝੇ ਹੋਏ ਸਨ, ਜਿੰਨ੍ਹਾਂ ਦੀ

(ਬਾਕੀ ਸਫਾ 20 ਤੇ)

# ਕੇਂਦਰ ਸਰਕਾਰ ਦੀਆਂ ਯੋਜਨਾਵਾਂ ਦੀ ਪੁਣ-ਛਾਣ



ਗੁਰਮੀਤ ਸਿੰਘ ਪਲਾਹੀ
91-98158-02070

**ਅਸਲ ਵਿੱਚ ਇਹਨਾਂ ਯੋਜਨਾਵਾਂ ਵਿੱਚੋਂ ਬਹੁਤੀਆਂ ਉਸ ਸਮੇਂ ਚਾਲੂ ਕੀਤੀਆਂ ਗਈਆਂ, ਜਦੋਂ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚ ਚੋਣਾਂ ਹੋਣੀਆਂ ਸਨ ਅਤੇ ਸਰਕਾਰ ਇਨ੍ਹਾਂ ਚੋਣਾਂ ਵਿੱਚ ਆਪਣੀ ਰਾਜਨੀਤਕ ਪਾਰਟੀ ਲਈ ਲਾਹਾ ਲੈਣ ਲਈ 'ਕੁਝ ਨਵਾਂ', 'ਕੁਝ ਹੋਰ ਨਵਾਂ' ਕਰ-ਦਿਖਾ ਕੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਣਾ ਲੋਚਦੀ ਸੀ। ਨਵੀਂ ਬੋਤਲ ਵਿੱਚ ਪਾਈ ਪੁਰਾਣੀ ਸ਼ਰਾਬ ਜਾਣ ਕੇ ਦੇਸ਼ ਦੀ ਜਨਤਾ ਨੇ ਇਨ੍ਹਾਂ ਯੋਜਨਾਵਾਂ ਵਿੱਚੋਂ ਬਹੁਤੀਆਂ ਨੂੰ ਦਿਲੋਂ-ਮਨੋਂ ਕਦੇ ਵੀ ਪ੍ਰਵਾਨ ਨਹੀਂ ਕੀਤਾ, ਨਹੀਂ ਤਾਂ ਹੁਣ ਤੱਕ ਭਾਰਤ ਸਵੱਛ ਬਣਿਆ ਹੁੰਦਾ, ਜਨ-ਧਨ ਯੋਜਨਾ 'ਚ ਸਿਰਫ਼ ਸਵਾ ਅਰਬ ਦੀ ਆਬਾਦੀ ਵਿੱਚੋਂ ਕੇਵਲ 21 ਕਰੋੜ ਖਾਤੇ ਹੀ ਨਾ ਖੁੱਲ੍ਹਦੇ, ਸਾਂਸਦ ਗ੍ਰਾਮ ਯੋਜਨਾ ਚੱਲਣ ਤੋਂ ਪਹਿਲਾਂ ਹੀ ਨਾ ਮਰਦੀ, ਫ਼ਸਲ ਬੀਮਾ ਯੋਜਨਾ ਨੂੰ ਕਿਸਾਨਾਂ ਵੱਲੋਂ ਦੁਰਕਾਰਿਆ ਨਾ ਜਾਂਦਾ, ਡਿਜੀਟਲ ਇੰਡੀਆ ਦਾ ਇੱਕੋ ਫੇਜ਼ ਚਲਾਉਣ ਉਪਰੰਤ ਸਰਕਾਰ ਥੱਕ ਨਾ ਜਾਂਦੀ, ਸਕਿੱਲ ਇੰਡੀਆ ਨੌਜਵਾਨਾਂ ਦੀ ਪਹਿਲੀ ਪਸੰਦ ਬਣਦੀ, ਗੰਗਾ ਮਾਈ ਹੁਣ ਤੱਕ ਸਾਫ਼-ਸੁਥਰੀ ਹੋ ਗਈ ਹੁੰਦੀ ਅਤੇ ਨੋਟ-ਬੰਦੀ ਸਰਕਾਰ ਦੇ ਗਲੇ ਦੀ ਹੱਡੀ ਨਾ ਬਣਦੀ।**

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 2014 ਤੋਂ ਲੈ ਕੇ ਹੁਣ ਤੱਕ ਲੱਗਭੱਗ ਪੌਣਾ ਸੈਂਕੜਾ ਯੋਜਨਾਵਾਂ ਆਪਣੇ ਕਰੀਬ ਪੌਣੇ ਤਿੰਨ ਸਾਲਾਂ ਦੇ ਕਾਰਜ ਕਾਲ ਦੌਰਾਨ ਲੋਕ ਭਲਾਈ ਹਿੱਤ ਚਾਲੂ ਕੀਤੀਆਂ ਗਈਆਂ ਹਨ। ਇਨ੍ਹਾਂ ਯੋਜਨਾਵਾਂ ਵਿੱਚੋਂ ਕੁਝ ਦੇਸ਼ ਵਿੱਚ ਚਰਚਾ ਦਾ ਵਿਸ਼ਾ ਬਣੀਆਂ ਹਨ, ਪਰ ਬਹੁਤੀਆਂ ਕਾਗ਼ਜ਼ੀਂ-ਪੱਤਰੀਂ ਸ਼ੁਰੂ ਹੋਈਆਂ ਅਤੇ ਕਾਗ਼ਜ਼ਾਂ ਵਿੱਚ ਹੀ ਦਫ਼ਨ ਹੋ ਕੇ ਰਹਿ ਗਈਆਂ ਹਨ। ਬਿਨਾਂ ਜ਼ਮੀਨੀ ਪੱਧਰ ਉੱਤੇ ਵਿਚਾਰ-ਚਰਚਾ ਕੀਤਿਆਂ ਫੋਕੀ ਵਾਹ-ਵਾਹ ਲੁੱਟਣ ਲਈ ਕਾਹਲੀ ਨਾਲ ਆਰੰਭੀਆਂ ਗਈਆਂ ਕਈ ਯੋਜਨਾਵਾਂ ਲੋਕਾਂ ਦੇ ਵਿਹੜਿਆਂ ਤੱਕ ਪੁੱਜਣ ਤੋਂ ਪਹਿਲਾਂ ਹੀ ਸਿਰਫ਼ ਬਾਬੂਆਂ ਤੇ ਅਫ਼ਸਰਾਂ ਦੇ ਮੇਜ਼ਾਂ ਦੁਆਲੇ ਚੱਕਰ ਕੱਟਦੀਆਂ ਹੁਣ ਵੀ ਉਥੇ ਹੀ ਤੁਰ-ਫਿਰ ਰਹੀਆਂ ਹਨ।

### ਕੁਝ ਚਰਚਿਤ ਯੋਜਨਾਵਾਂ

28 ਅਗਸਤ 2014 ਨੂੰ ਆਰੰਭੀ ਗਈ ਪ੍ਰਧਾਨ ਮੰਤਰੀ ਜਨ-ਧਨ ਯੋਜਨਾ, 11 ਅਕਤੂਬਰ 2014 ਨੂੰ ਸ਼ੁਰੂ ਕੀਤੀ ਸਾਂਸਦ ਆਦਰਸ਼ ਗ੍ਰਾਮ ਯੋਜਨਾ ਅਤੇ ਇਸੇ ਦਿਨ ਚਾਲੂ ਕੀਤੀ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ, 2 ਅਕਤੂਬਰ 2014 ਨੂੰ ਆਰੰਭੀ ਸਵੱਛ ਭਾਰਤ ਯੋਜਨਾ, ਪਹਿਲੀ ਜੁਲਾਈ 2015 ਨੂੰ ਸ਼ੁਰੂ ਕੀਤੀ ਡਿਜੀਟਲ ਇੰਡੀਆ ਤੇ 15 ਜੁਲਾਈ 2015 ਨੂੰ ਚਾਲੂ ਕੀਤੀ ਸਕਿੱਲ ਇੰਡੀਆ ਯੋਜਨਾ, 25 ਜੂਨ 2015 ਨੂੰ ਲੋਕਾਂ ਸਾਹਵੇਂ ਪੇਸ਼ ਕੀਤਾ ਸਮਾਰਟ ਸਿਟੀ ਮਿਸ਼ਨ, 10 ਜੁਲਾਈ 2014 ਨੂੰ ਆਰੰਭਿਆ ਨਿਮਾਮੀ ਗੰਗੇ ਪ੍ਰਾਜੈਕਟ, ਆਦਿ ਕੁਝ ਇਹੋ ਜਿਹੀਆਂ ਯੋਜਨਾਵਾਂ, ਪ੍ਰਾਜੈਕਟ, ਮਿਸ਼ਨ ਹਨ, ਜਿਨ੍ਹਾਂ ਦਾ ਪ੍ਰਚਾਰ ਸਰਕਾਰ ਵੱਲੋਂ ਸੋਸ਼ਲ ਮੀਡੀਆ ਉੱਤੇ ਤੇ ਮੀਡੀਆ ਵਿੱਚ ਜ਼ੋਰ-ਸ਼ੋਰ ਨਾਲ ਕੀਤਾ ਗਿਆ, ਪਰ ਇਨ੍ਹਾਂ ਪ੍ਰਾਜੈਕਟਾਂ-ਯੋਜਨਾਵਾਂ ਨੂੰ ਨਾ ਤਾਂ ਲੋਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ ਹੈ ਅਤੇ ਨਾ ਹੀ ਸਰਕਾਰੀ ਤੌਰ 'ਤੇ ਇਨ੍ਹਾਂ ਪ੍ਰਾਜੈਕਟਾਂ ਦੀ ਸਫ਼ਲਤਾ ਲਈ ਭਰਪੂਰ ਯਤਨ ਹੋਏ ਹਨ।

ਅਸਲ ਵਿੱਚ ਇਹਨਾਂ ਯੋਜਨਾਵਾਂ ਵਿੱਚੋਂ ਬਹੁਤੀਆਂ ਉਸ ਸਮੇਂ ਚਾਲੂ ਕੀਤੀਆਂ ਗਈਆਂ, ਜਦੋਂ ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚ ਚੋਣਾਂ ਹੋਣੀਆਂ ਸਨ ਅਤੇ ਸਰਕਾਰ ਇਨ੍ਹਾਂ ਚੋਣਾਂ ਵਿੱਚ ਆਪਣੀ ਰਾਜਨੀਤਕ ਪਾਰਟੀ ਲਈ ਲਾਹਾ ਲੈਣ ਲਈ 'ਕੁਝ ਨਵਾਂ', 'ਕੁਝ ਹੋਰ ਨਵਾਂ' ਕਰ-ਦਿਖਾ ਕੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਣਾ ਲੋਚਦੀ ਸੀ। ਨਵੀਂ ਬੋਤਲ ਵਿੱਚ ਪਾਈ ਪੁਰਾਣੀ ਸ਼ਰਾਬ ਜਾਣ ਕੇ ਦੇਸ਼ ਦੀ ਜਨਤਾ ਨੇ ਇਨ੍ਹਾਂ ਯੋਜਨਾਵਾਂ ਵਿੱਚੋਂ ਬਹੁਤੀਆਂ ਨੂੰ ਦਿਲੋਂ-ਮਨੋਂ ਕਦੇ ਵੀ ਪ੍ਰਵਾਨ ਨਹੀਂ ਕੀਤਾ, ਨਹੀਂ ਤਾਂ ਹੁਣ ਤੱਕ ਭਾਰਤ ਸਵੱਛ ਬਣਿਆ ਹੁੰਦਾ, ਜਨ-ਧਨ ਯੋਜਨਾ 'ਚ ਸਿਰਫ਼ ਸਵਾ ਅਰਬ ਦੀ ਆਬਾਦੀ ਵਿੱਚੋਂ ਕੇਵਲ 21 ਕਰੋੜ ਖਾਤੇ ਹੀ ਨਾ ਖੁੱਲ੍ਹਦੇ, ਸਾਂਸਦ ਗ੍ਰਾਮ ਯੋਜਨਾ ਚੱਲਣ ਤੋਂ ਪਹਿਲਾਂ ਹੀ ਨਾ ਮਰਦੀ, ਫ਼ਸਲ ਬੀਮਾ ਯੋਜਨਾ ਨੂੰ ਕਿਸਾਨਾਂ ਵੱਲੋਂ ਦੁਰਕਾਰਿਆ ਨਾ ਜਾਂਦਾ, ਡਿਜੀਟਲ ਇੰਡੀਆ ਦਾ ਇੱਕੋ ਫੇਜ਼ ਚਲਾਉਣ ਉਪਰੰਤ ਸਰਕਾਰ ਥੱਕ ਨਾ ਜਾਂਦੀ, ਸਕਿੱਲ ਇੰਡੀਆ ਨੌਜਵਾਨਾਂ ਦੀ ਪਹਿਲੀ ਪਸੰਦ ਬਣਦੀ, ਗੰਗਾ ਮਾਈ ਹੁਣ ਤੱਕ ਸਾਫ਼-ਸੁਥਰੀ ਹੋ ਗਈ ਹੁੰਦੀ ਅਤੇ ਨੋਟ-ਬੰਦੀ ਸਰਕਾਰ ਦੇ ਗਲੇ ਦੀ ਹੱਡੀ ਨਾ ਬਣਦੀ। ਅਸਲ ਵਿੱਚ ਇਹ ਯੋਜਨਾਵਾਂ, ਇਹ ਪ੍ਰਾਜੈਕਟ, ਇਹ ਮਿਸ਼ਨ ਸਮੇਂ-ਸਮੇਂ ਸਿਆਸੀ ਲਾਹਾ ਲੈਣ ਲਈ ਆਰੰਭ ਕੀਤੇ ਗਏ, ਜੋ ਆਪਣੀ ਮੌਤੇ ਆਪ ਮਰਦੇ ਨਜ਼ਰ ਆ ਰਹੇ ਹਨ।

### ਲਾਭ ਕੀ ਹੋਇਆ?

ਕੀ ਪ੍ਰਧਾਨ ਮੰਤਰੀ ਯੋਜਨਾਵਾਂ ਦਾ ਲਾਭ ਆਮ ਜਨਤਾ ਨੂੰ ਹੋਇਆ? ਉਦਾਹਰਣ ਪ੍ਰਧਾਨ ਮੰਤਰੀ ਜਨ-ਧਨ ਯੋਜਨਾ ਦੀ ਲਈਏ। ਇਸ ਯੋਜਨਾ ਦਾ ਮੰਤਵ ਦੇਸ਼ ਦੇ ਲੋਕਾਂ ਨੂੰ ਵਿੱਤੀ ਸੇਵਾਵਾਂ ਦੇਣਾ ਸੀ। ਇਸ ਯੋਜਨਾ ਤਹਿਤ ਬਿਨਾਂ ਕੋਈ ਪੈਸਾ ਜਮ੍ਹਾਂ ਕਰਾਇਆਂ 10 ਸਾਲ ਦੀ ਉਮਰ ਤੋਂ ਵੱਧ ਵਾਲਾ ਕੋਈ ਵੀ ਵਿਅਕਤੀ ਆਪਣਾ ਖਾਤਾ ਬੈਂਕ ਵਿੱਚ ਖੋਲ੍ਹ ਸਕਦਾ ਹੈ। ਇਹ ਸਕੀਮ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਲੋਕਾਂ ਨੂੰ ਡੈਬਿਟ, ਕਰੈਡਿਟ ਕਾਰਡ, ਬੀਮਾ ਮੁਹੱਈਆ ਕਰਨ ਲਈ ਉਲੀਕੀ ਗਈ ਸੀ। ਦੇਸ਼ ਵਿੱਚ 21 ਕਰੋੜ ਤੋਂ ਵੱਧ ਲੋਕਾਂ ਦੇ ਖਾਤੇ ਵੱਖੋ-ਵੱਖਰੀਆਂ ਬੈਂਕਾਂ ਵਿੱਚ ਖੋਲ੍ਹੇ ਗਏ। ਕੁਝ ਲੋਕਾਂ ਨੇ ਆਪਣੀ ਪਾਕਿਟ ਵਿੱਚੋਂ ਖਾਤਿਆਂ 'ਚ ਕੋਈ ਰਕਮ ਵੀ ਜਮ੍ਹਾਂ ਨਾ ਕਰਵਾਈ, ਪਰ ਕਾਫ਼ੀ ਲੋਕਾਂ ਨੇ ਆਪਣੀ ਕਿਰਤ-ਕਮਾਈ ਵਿੱਚੋਂ ਬੱਚਤ ਕੀਤੀ ਰਕਮ ਲੱਗਭੱਗ 33075 ਕਰੋੜ ਰੁਪਏ ਬੈਂਕਾਂ 'ਚ ਜਮ੍ਹਾਂ ਕਰਵਾਈ। ਗ਼ਰੀਬ ਲੋਕਾਂ ਨੂੰ ਖਾਤੇ ਖੋਲ੍ਹਣ ਨਾਲ ਕੀ ਸੁਵਿਧਾ ਮਿਲੀ, ਇਹ ਤਾਂ ਬਾਅਦ 'ਚ ਵੇਖਣ ਵਾਲੀ ਗੱਲ ਹੈ, ਪਰ ਦੇਸ਼ ਦੇ ਕਾਰਪੋਰੇਟ ਸੈਕਟਰ ਨੂੰ ਬੈਂਕਾਂ ਤੋਂ ਕਰਜ਼ਾ ਲੈਣ ਦੀ ਸੌਖ ਹੋ ਗਈ, ਜਿਹੜੇ ਸਰਕਾਰੀ ਮਿਲੀ-ਭੁਗਤ ਨਾਲ ਲੋਕਾਂ ਦਾ ਪੈਸਾ ਹਜ਼ਮ ਕਰ ਕੇ ਜਾਂ ਤਾਂ ਦੀਵਾਲੀਏ ਬਣ ਜਾਂਦੇ ਹਨ ਜਾਂ ਵੱਡੀਆਂ ਰਕਮਾਂ ਹਜ਼ਮ ਕਰ ਕੇ ਵਿਦੇਸ਼ਾਂ 'ਚ ਜਾ ਡੇਰੇ ਲਾਉਂਦੇ ਹਨ।



ਭਾਰਤੀ ਲੋਕਾਂ ਦੇ ਜਜ਼ਬਾਤ ਨੂੰ ਵੇਖਦਿਆਂ ਜੁਲਾਈ 2014 ਨੂੰ ਗੰਗਾ ਨਦੀ ਨੂੰ ਪ੍ਰਦੂਸ਼ਣ-ਮੁਕਤ ਕਰਨ ਲਈ ਜੋ ਯੋਜਨਾ ਆਰੰਭੀ ਗਈ, ਉਸ ਦਾ ਨਤੀਜਾ ਕੁਝ ਖ਼ਾਸ ਨਿਕਲਦਾ ਨਜ਼ਰ ਨਹੀਂ ਆ ਰਿਹਾ। ਇਸ ਸੁੰਦਰੀਕਰਨ ਪ੍ਰਾਜੈਕਟ ਲਈ ਹਰਦੁਆਰ ਤੋਂ ਕਾਨਪੁਰ ਤੱਕ 300 ਤੋਂ ਜ਼ਿਆਦਾ ਨਾਲਿਆਂ-ਖਾਲਿਆਂ ਨੂੰ ਰੋਕਣ ਲਈ ਸੀਵਰੇਜ ਪਲਾਂਟ ਉਸਾਰੇ ਜਾਣੇ ਸਨ। ਕਾਸ਼ੀ 'ਚ ਪਹਿਲਾਂ 23 ਨਾਲੇ ਸਿੱਧੇ ਗੰਗਾ 'ਚ ਡਿੱਗਦੇ ਸਨ। ਉਨ੍ਹਾਂ ਦੀ ਸੰਖਿਆ ਹੁਣ 49 ਹੋ ਗਈ ਹੈ, ਜਦੋਂ ਕਿ ਕਾਨਪੁਰ ਦੇ 24 ਨਾਲੇ ਗੰਗਾ ਨਦੀ 'ਚ ਜ਼ਹਿਰ ਘੋਲ ਰਹੇ ਹਨ। ਕਾਨਪੁਰ ਵਿੱਚ ਗੰਗਾ ਨੂੰ ਪ੍ਰਦੂਸ਼ਣ- ਮੁਕਤ ਕਰਨ ਅਤੇ ਗੰਗਾ ਨਦੀ ਦੇ ਘਾਟਾਂ ਨੂੰ ਵਿਕਸਤ ਕਰਨ ਲਈ 600 ਕਰੋੜ ਰੁਪਏ ਦੀ ਯੋਜਨਾ ਬਣਾਈ ਗਈ ਸੀ, ਪਰ ਇਸ ਦਾ ਕੰਮ ਠੱਪ ਪਿਆ ਹੈ। ਕੇਂਦਰ ਸਰਕਾਰ ਵੱਲੋਂ 700 ਕਰੋੜ ਰੁਪਏ ਜੋ ਟ੍ਰੀਟਮੈਂਟ ਪਲਾਂਟ ਲਗਾਉਣ ਲਈ ਮਨਜ਼ੂਰ ਹੋਏ ਸਨ, ਉਨ੍ਹਾਂ ਦਾ ਕੰਮ ਵੀ ਪੂਰਾ ਨਹੀਂ ਹੋਇਆ।

ਇਹੋ ਹਾਲ ਸਵੱਛ ਭਾਰਤ ਅਭਿਆਨ ਦਾ ਹੈ, ਜਿਸ ਦੇ ਤਹਿਤ ਦੇਸ਼ ਦੇ 4041 ਸ਼ਹਿਰਾਂ ਨੂੰ ਸਵੱਛ-ਸੁੰਦਰ ਬਣਾਉਣ ਲਈ ਯੋਜਨਾਵਾਂ ਦਾ ਐਲਾਨ ਕੀਤਾ ਗਿਆ, ਪਰ ਪੈਸੇ ਅਤੇ ਅਧਿਕਾਰੀਆਂ, ਨੇਤਾਵਾਂ ਦੀ ਇਸ ਮੁਹਿੰਮ ਪ੍ਰਤੀ ਲਗਾਅ ਲਈ ਇੱਛਾ ਸ਼ਕਤੀ ਦੀ ਕਮੀ ਨੇ ਇਹ ਯੋਜਨਾ ਚੌਪਟ ਕਰ ਕੇ ਰੱਖ ਦਿੱਤੀ ਹੈ, ਭਾਵੇਂ ਕਿ ਸਰਕਾਰੀ ਰੇਡੀਓ, ਟੀ ਵੀ ਅਤੇ ਕੁਝ ਨਿੱਜੀ ਟੀ ਵੀ ਚੈਨਲਾਂ ਉੱਤੇ ਇਸ ਯੋਜਨਾ ਦਾ ਪ੍ਰਚਾਰ ਜ਼ੋਰ-ਸ਼ੋਰ ਨਾਲ ਕੀਤਾ ਜਾਂਦਾ ਹੈ ਅਤੇ ਕਿਹਾ ਜਾ ਰਿਹਾ ਹੈ ਕਿ ਦੇਸ਼ ਦੇ ਤਿੰਨ ਮਿਲੀਅਨ ਸਰਕਾਰੀ ਕਰਮਚਾਰੀਆਂ, ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਨੂੰ ਇਸ ਅਭਿਆਨ ਨਾਲ ਜੋੜਿਆ ਗਿਆ ਹੈ। ਸਰਕਾਰ ਦਾ ਟੀਚਾ 2019 ਦੀ 2 ਅਕਤੂਬਰ ਤੱਕ ਦੇਸ਼ ਦੇ ਪੇਂਡੂ ਖਿੱਤੇ 'ਚ ਇੱਕ ਕਰੋੜ 20 ਲੱਖ ਪੱਕੀਆਂ ਲੈਟਰੀਨਾਂ ਬਣਾਉਣ ਦਾ ਹੈ।

ਸਵੱਛ ਭਾਰਤ ਮਿਸ਼ਨ ਲਈ ਇੱਕ ਸਵੱਛ ਭਾਰਤ ਕੋਸ਼ ਬਣਾ ਕੇ 31 ਜਨਵਰੀ 2016 ਤੱਕ 3.69 ਬਿਲੀਅਨ ਰੁਪਏ ਰੱਖੇ ਗਏ ਹਨ ਅਤੇ 14623 ਕਰੋੜ ਰੁਪਏ ਭਾਰਤ ਦੇ 2016 ਦੇ ਬੱਜਟ ਵਿੱਚ ਵੀ ਰੱਖੇ ਗਏ ਹਨ। ਭਾਵੇਂ ਕਿ 4041 ਸ਼ਹਿਰਾਂ ਨੂੰ ਸੁੰਦਰ-ਸਵੱਛ ਬਣਾਉਣ ਲਈ 6200 ਕਰੋੜ ਰੁਪਏ ਦਾ ਖ਼ਰਚਾ ਮਿੱਥਿਆ ਗਿਆ ਹੈ, ਪਰ ਪਿੰਡਾਂ ਨੂੰ ਸੁੰਦਰ ਬਣਾਉਣ ਦਾ ਮਿਸ਼ਨ ਕਿੱਥੇ ਹੈ; ਜਿੱਥੋਂ ਦੇ ਲੋਕ ਬਹੁਤ ਹੀ ਭੈੜੀਆਂ ਹਾਲਤਾਂ ਵਿੱਚ ਰਹਿ ਰਹੇ ਹਨ; ਜਿੱਥੋਂ ਦੀਆਂ ਗਲੀਆਂ-ਨਾਲੀਆਂ ਗੰਦਗੀ ਨਾਲ ਭਰੀਆਂ ਰਹਿੰਦੀਆਂ ਹਨ; ਜਿੱਥੋਂ ਦੇ 60 ਫ਼ੀਸਦੀ ਤੋਂ ਵਧੇਰੇ ਲੋਕਾਂ ਕੋਲ ਘਰਾਂ, ਲੈਟਰੀਨਾਂ ਦੀ ਸੁਵਿਧਾ ਨਹੀਂ ਹੈ? ਇਥੋਂ ਤੱਕ ਕਿ ਸ਼ਹਿਰਾਂ, ਪਿੰਡਾਂ 'ਚ ਗ਼ਰੀਬੀ ਰੇਖਾ ਤੋਂ ਹੇਠਲੇ ਪੱਧਰ ਉੱਤੇ ਰਹਿਣ ਵਾਲੇ ਲੋਕ ਕੱਚੇ ਮਕਾਨਾਂ 'ਚ ਰਹਿਣ ਲਈ ਮਜਬੂਰ ਹਨ। ਆਜ਼ਾਦੀ ਉਪਰੰਤ ਬਣੀਆਂ ਸਰਕਾਰਾਂ ਵੱਲੋਂ ਦੇਸ਼ ਵਿੱਚ ਵੱਡੀ ਪੱਧਰ ਉੱਤੇ ਕੀਤੇ ਵਿਕਾਸ ਦੇ ਅੰਕੜੇ ਪੇਸ਼ ਕੀਤੇ ਜਾਂਦੇ ਹਨ, ਵਿਕਾਸ ਕਰਦੇ ਭਾਰਤ ਦੀ ਚਮਕੀਲੀ ਤਸਵੀਰ ਪੇਸ਼ ਕੀਤੀ ਜਾਂਦੀ ਹੈ, ਪਰ ਪਿਛਲੇ 10 ਸਾਲਾਂ ਦੇ ਬੱਜਟ ਉੱਤੇ ਇੱਕ ਨਜ਼ਰ ਮਾਰੀਏ ਤਾਂ 19 ਤੋਂ 20 ਲੱਖ ਕਰੋੜ ਦੀ ਭਾਰਤੀ ਅਰਥ-ਵਿਵਸਥਾ ਉੱਤੇ ਖ਼ਰਚ ਹੁੰਦਾ ਹੈ, ਜਿਸ ਵਿੱਚੋਂ ਬਹੁਤਾ ਵੱਡੇ-ਵੱਡੇ ਪ੍ਰਾਜੈਕਟਾਂ ਉੱਤੇ ਖਪਾ ਦਿੱਤਾ ਜਾਂਦਾ ਹੈ, ਪਰ ਪਿੰਡਾਂ-ਸ਼ਹਿਰਾਂ ਦੀਆਂ ਬਸਤੀਆਂ ਇਨ੍ਹਾਂ ਪ੍ਰਾਜੈਕਟਾਂ ਦੀ ਕਦੀ ਵੀ ਤਰਜੀਹ ਨਹੀਂ ਬਣਦੀਆਂ।

ਜੇਕਰ ਸੱਚਮੁੱਚ ਦੇਸ਼ ਦੇ ਨੇਤਾਵਾਂ ਦੀ ਤਰਜੀਹ ਪਿੰਡਾਂ ਦਾ ਵਿਕਾਸ ਹੁੰਦਾ, ਜਿਸ ਤੋਂ ਬਿਨਾਂ ਦੇਸ਼ ਦਾ ਵਿਕਾਸ ਸੰਭਵ ਹੀ ਨਹੀਂ ਹੈ, ਤਾਂ ਪ੍ਰਧਾਨ ਮੰਤਰੀ ਵੱਲੋਂ ਆਰੰਭੀ ਆਦਰਸ਼ ਗ੍ਰਾਮ ਯੋਜਨਾ ਸਫ਼ਲ ਹੁੰਦੀ, ਜਿਸ ਦਾ ਮੰਤਵ ਪਿੰਡਾਂ ਦਾ ਸਰਬ-ਪੱਖੀ ਵਿਕਾਸ ਕਰਨਾ ਸੀ ਅਤੇ ਜਿਸ ਅਧੀਨ ਪ੍ਰਧਾਨ ਮੰਤਰੀ ਵੱਲੋਂ 11 ਅਕਤੂਬਰ 2014 ਨੂੰ ਦੇਸ਼ ਦੇ ਹਰ ਸਿਆਸੀ ਪਾਰਟੀ ਦੇ ਸਾਂਸਦ ਨੂੰ ਕੁਝ ਪਿੰਡਾਂ ਨੂੰ ਆਦਰਸ਼ ਪਿੰਡ ਬਣਾਉਣ ਦੀ ਯੋਜਨਾ ਅਧੀਨ ਪ੍ਰੇਰਿਤ ਕੀਤਾ ਗਿਆ ਸੀ, ਪਰ ਇਸ ਸਕੀਮ ਅਧੀਨ ਸਰਕਾਰ ਵੱਲੋਂ ਕੋਈ ਵੀ ਨਵਾਂ ਫ਼ੰਡ ਜਾਰੀ ਨਾ ਕੀਤਾ ਗਿਆ, ਸਗੋਂ ਐੱਮ ਪੀ ਲੈਡ (ਪਾਰਲੀਮਾਨੀ ਸਥਾਨਕ ਖੇਤਰ ਵਿਕਾਸ ਸਕੀਮ) ਅਧੀਨ ਮਿਲੇ ਫ਼ੰਡਾਂ ਦੀ ਵਰਤੋਂ ਕਰਨ ਲਈ ਕਿਹਾ ਗਿਆ। ਇਸ ਸਕੀਮ ਅਧੀਨ ਕੁਝ ਸਾਂਸਦਾਂ ਵੱਲੋਂ ਨਵੀਆਂ ਸਕੀਮਾਂ ਦੇ ਨੀਂਹ-ਪੱਥਰ ਰੱਖੇ ਗਏ, ਪਰ ਇਹ ਯੋਜਨਾ ਬਾਕੀ ਬਹੁਤੀਆਂ ਯੋਜਨਾਵਾਂ ਵਾਂਗ ਕਾਗ਼ਜ਼ਾਂ ਦਾ ਸ਼ਿੰਗਾਰ ਬਣ ਕੇ ਰਹਿ ਗਈ।

ਕਿਉਂਕਿ ਯੋਜਨਾਵਾਂ ਧਰਾਤਲ (ਜ਼ਮੀਨੀ) ਪੱਧਰ ਉੱਤੇ ਤਿਆਰ ਨਹੀਂ ਕੀਤੀਆਂ ਜਾਂਦੀਆਂ, ਕਿਉਂਕਿ ਯੋਜਨਾਵਾਂ ਵਿੱਚ ਲੋਕਾਂ ਦੀਆਂ ਲੋੜਾਂ ਨੂੰ ਕੋਈ ਤਰਜੀਹ ਨਹੀਂ ਦਿੱਤੀ ਜਾਂਦੀ, ਕਿਉਂਕਿ ਯੋਜਨਾਵਾਂ ਹੇਠਲੇ ਪੱਧਰ ਉੱਤੇ ਸਥਾਨਕ ਲੋਕਾਂ ਦੇ ਵਿਚਾਰ ਜਾਣੇ ਬਿਨਾਂ ਉੱਪਰੋਂ ਠੋਸੀਆਂ ਜਾਂਦੀਆਂ ਹਨ, ਇਸੇ ਕਰ ਕੇ ਯੋਜਨਾਵਾਂ ਦਾ ਅੱਧ-ਵਾਟੇ ਹੀ ਸਾਹ ਘੁੱਟਿਆ ਜਾਂਦਾ ਹੈ। ਡਿਜੀਟਲ ਇੰਡੀਆ ਅਧੀਨ ਲੋਕਾਂ ਨੂੰ ਸਿੱਖਿਅਤ ਕਰਨ ਦੇ ਪਹਿਲੇ ਫੇਜ਼, ਜੋ ਜੁਲਾਈ 2015 'ਚ ਸ਼ੁਰੂ ਹੋਇਆ ਅਤੇ ਤੁਰੰਤ ਖ਼ਤਮ ਹੋ ਗਿਆ, ਉਪਰੰਤ ਦੂਜੇ ਫੇਜ਼ ਦੀ ਉਡੀਕ ਲੋਕਾਂ ਵੱਲੋਂ ਕੀਤੀ ਜਾ ਰਹੀ ਹੈ। ਸਕਿੱਲ ਇੰਡੀਆ ਵਿੱਚ ਨੌਜਵਾਨਾਂ ਨੂੰ 'ਸਕਿੱਲ' ਸਿਖਾਉਣ ਲਈ ਵੱਡੀਆਂ ਕੰਪਨੀਆਂ, ਵੱਡਿਆਂ ਅਦਾਰਿਆਂ ਦੇ ਢਿੱਡ ਉਨ੍ਹਾਂ ਨੂੰ ਵੱਡੀਆਂ ਗ੍ਰਾਂਟਾਂ ਦੇ ਕੇ ਭਰੇ ਜਾ ਰਹੇ ਹਨ, ਪਰ ਇਸ ਸਕੀਮ ਦੀਆਂ ਪ੍ਰਾਪਤੀਆਂ ਨਿਗੂਣੀਆਂ ਹਨ। ਇਸ ਸਕੀਮ ਦਾ ਮੰਤਵ 40 ਕਰੋੜ ਨੌਜਵਾਨਾਂ ਨੂੰ 2022 ਤੱਕ ਵੱਖੋ-ਵੱਖਰੇ ਕਿੱਤਿਆਂ ਦੀ ਟਰੇਨਿੰਗ ਦੇਣਾ ਹੈ। ਕੀ ਇਹ ਟਰੇਨਿੰਗ ਦੇਣ ਲਈ ਦੇਸ਼ ਕੋਲ ਸੁਵਿਧਾਵਾਂ ਹਨ, ਬੁਨਿਆਦੀ ਢਾਂਚਾ ਹੈ, ਟਰੇਨਰ ਹਨ? ਦੇਸ਼ ਵਿੱਚ ਸਮੇਂ-ਸਮੇਂ ਟ੍ਰਾਈਸੈਮ, ਵੋਕੇਸ਼ਨਲ ਸਿੱਖਿਆ ਸਕੀਮਾਂ ਚਲਾਈਆਂ ਗਈਆਂ, ਸਕਿੱਲ ਇੰਡੀਆ ਉਨ੍ਹਾਂ ਨਾਲੋਂ ਵੱਖਰੀ ਕਿਵੇਂ ਹੈ? ਸ਼ਹਿਰੀ, ਪੇਂਡੂ ਨੌ-ਜਵਾਨਾਂ ਨੂੰ ਵੱਖੋ-ਵੱਖਰੇ ਕਿੱਤਿਆਂ ਦੀ ਟਰੇਨਿੰਗ ਸਰਕਾਰੀ ਮਹਿਕਮਿਆਂ, ਏਜੰਸੀਆਂ ਵੱਲੋਂ ਪਹਿਲਾਂ ਹੀ ਪ੍ਰਦਾਨ ਕੀਤੀ ਜਾ ਰਹੀ ਹੈ। 'ਮਨ ਕੀ ਬਾਤ' ਇਹ ਹੈ ਕਿ ਵੱਖੋ-ਵੱਖਰੀਆਂ ਯੋਜਨਾਵਾਂ ਆਮ ਤੌਰ 'ਤੇ ਉਸ ਵੇਲੇ ਸ਼ੁਰੂ ਕੀਤੀਆਂ ਜਾਂਦੀਆਂ ਹਨ, ਜਦੋਂ ਦੇਸ਼ ਦੇ ਕਿਸੇ ਹਿੱਸੇ 'ਚ ਕੋਈ ਵਿਧਾਨ ਸਭਾ ਜਾਂ ਫਿਰ ਕੋਈ ਹੋਰ ਚੋਣ ਹੋਵੇ ਜਾਂ ਦੇਸ਼ ਵਾਸੀਆਂ ਦਾ ਧਿਆਨ ਵਧ ਰਹੀ ਮਹਿੰਗਾਈ ਤੋਂ ਪਾਸੇ ਹਟਾਉਣਾ ਹੋਵੇ ਜਾਂ ਕਾਰਪੋਰੇਟ ਜਗਤ, ਜੋ ਦੇਸ਼ ਉੱਤੇ ਦਿਨੋ-ਦਿਨ ਭਾਰੂ ਹੋ ਰਿਹਾ ਹੈ, ਨੂੰ ਕੋਈ ਫਾਇਦਾ ਪਹੁੰਚਾਉਣਾ ਹੋਵੇ।

ਦੇਸ਼ 'ਚ ਭੁੱਖ-ਮਰੀ, ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਜਿਹੇ ਮੁੱਦੇ ਸਿਰਫ਼ ਕੁਝ ਲੋਕਾਂ ਦੇ ਹਿੱਤਾਂ ਦੀ ਪੂਰਤੀ ਕਰਨ ਵਾਲੀਆਂ ਯੋਜਨਾਵਾਂ ਨਾਲ ਹੱਲ ਹੋਣ ਵਾਲੇ ਨਹੀਂ, ਹਕੂਮਤ ਕਰ ਰਹੀਆਂ ਪਾਰਟੀਆਂ ਅਤੇ ਵਿਰੋਧੀ ਧਿਰ ਨੂੰ ਆਪਸ ਵਿੱਚ ਸਿਰ ਜੋੜ ਕੇ ਇਨ੍ਹਾਂ ਦੇ ਹੱਲ ਲਈ ਕੋਈ ਠੋਸ ਤੋੜ ਲੱਭਣਾ ਪਵੇਗਾ। ਸੌੜੀ ਸਿਆਸੀ ਸੋਚ ਅਤੇ ਕੁਰਸੀ ਪ੍ਰਾਪਤੀ ਲਈ ਘਮਾਸਾਣ ਯੁੱਧ ਲੋਕਾਂ ਦੇ ਮਸਲੇ ਹੱਲ ਕਰਨ ਦੀ ਥਾਂ ਦੇਸ਼ ਨੂੰ ਰਸਾਤਲ ਵੱਲ ਹੀ ਲੈ ਕੇ ਜਾਏਗਾ।

# ਚਮਾਰਖੇੜਾ ਪਿੰਡ ਦਾ ਨਾਂ ਬਦਲਿਆ ਤਾਂ ਅੰਦੋਲਨ ਕੀਤਾ ਜਾਵੇਗਾ

## ਅਨੁਸੂਚਿਤ ਜਾਤੀ ਦੇ ਕੁਝ ਲੋਕਾਂ ਨੇ ਡੀ.ਸੀ.ਨੂੰ ਮੰਗ ਪੱਤਰ ਦੇ ਕੇ ਦਿੱਤੀ ਚਿਤਾਵਨੀ

**ਹਿਸਾਰ (ਬਿਊਰੋ)-** ਅਨੁਸੂਚਿਤ ਜਾਤੀ ਦੇ ਕੁਝ ਲੋਕਾਂ ਨੇ ਬੀਤੇ ਦਿਨੀਂ ਡੀ. ਸੀ. ਨੂੰ ਮੰਗ ਪੱਤਰ ਦੇ ਕੇ ਕਿਹਾ ਕਿ ਸਾਡੇ ਪਿੰਡ ਚਮਾਰਖੇੜਾ ਦਾ ਨਾਂ ਬਦਲਣ ਦੀ ਕੋਸ਼ਿਸ਼ ਕੀਤੀ ਤਾਂ ਅੰਦੋਲਨ ਕਰਾਂਗੇ। ਪਿੰਡ ਦਾ ਨਾਂ ਬਦਲਿਆ ਗਿਆ ਤਾਂ ਅਸੀਂ ਐਸ. ਸੀ.- ਐਸ. ਟੀ. ਕਮਿਸ਼ਨ ਵਿਚ ਵੀ ਕੇਸ ਦਾਇਰ ਕਰਾਂਗੇ। ਐਕਟੀਵਿਸਟ ਰਜਤ ਕੰਸਲ ਦੇ ਨਾਲ ਡੀ. ਸੀ. ਨੂੰ ਮਿਲਣ ਪਹੁੰਚੇ ਪਿੰਡ ਚਮਾਰਖੇੜਾ ਦੇ ਪੰਚ ਸਤਪਾਲ, ਪੰਚ ਕੁਲਦੀਪ ਨੇ ਕਿਹਾ ਕਿ ਸ਼ੁਰੂ ਤੋਂ ਹੀ ਰੈਵੇਨਿਊ ਅਤੇ ਪੁਲਿਸ ਰਿਕਾਰਡ ਸਮੇਤ ਸਾਰੇ ਦਸਤਾਵੇਜ਼ਾਂ ਵਿਚ ਪਿੰਡ ਦਾ ਨਾਂ ਚਮਾਰਖੇੜਾ ਹੈ। ਇਹ ਨਾਂ ਅਨੁਸੂਚਿਤ ਜਾਤੀ ਦੀ ਇਕ ਉਪਜਾਤੀ ਚਮਾਰ ਦੇ ਨਾਂ 'ਤੇ ਰੱਖਿਆ ਹੋਇਆ ਹੈ। ਜੋ ਅਨੁਸੂਚਿਤ ਜਾਤੀ ਦੇ ਲੋਕਾਂ ਅਤੇ ਹੋਰ ਲੋਕਾਂ ਦੇ ਲਈ ਮਾਣ ਵਾਲੀ ਗੱਲ ਹੈ। ਨਾਂ ਨੂੰ ਲੈ ਕੇ ਪਿੰਡ ਵਿਚ ਅੱਜ ਤੱਕ ਕੋਈ ਵੀ ਵਿਵਾਦ ਜਾਂ ਤਕਰਾਰ ਨਹੀਂ ਹੋਇਆ ਹੈ।

ਆਮ ਜਾਤੀ ਨਾਲ ਸਬੰਧ ਰੱਖਣ ਵਾਲੇ ਵਿਅਕਤੀ ਨੇ ਅਨੁਸੂਚਿਤ ਜਾਤੀ ਦੀ ਔਰਤ ਨਾਲ ਇੰਟਰ ਕਾਸਟ ਮੈਰਿਜ ਕਰਕੇ ਪਿੰਡ ਦੇ ਸਰਪੰਚ ਦੀ ਰਿਜ਼ਰਵ ਸੀਟ ਹਾਸਲ ਕੀਤੀ ਹੈ। ਪਿੰਡ ਦੇ ਕੁਝ ਲੋਕ ਨਾਂ ਨੂੰ ਬਦਲਣਾ ਚਾਹੁੰਦੇ ਹਨ। ਜੇਕਰ ਪਿੰਡ ਚਮਾਰਖੇੜਾ ਦਾ ਨਾਂ ਬਦਲ ਕੇ ਕੁਝ ਹੋਰ ਕੀਤਾ ਗਿਆ ਤਾਂ ਸੂਬੇ ਭਰ ਵਿਚ ਅਨੁਸੂਚਿਤ ਜਾਤੀ ਦੇ ਲੋਕ ਸੜਕਾਂ 'ਤੇ ਆ ਕੇ ਅੰਦੋਲਨ ਕਰਨ ਦੇ ਲਈ ਮਜਬੂਰ ਹੋ ਜਾਣਗੇ। ਇਸ ਮੌਕੇ ਤੇ ਕਾਫੀ ਵੱਡੀ ਗਿਣਤੀ ਵਿਚ ਲੋਕ ਸ਼ਾਮਲ ਹੋਏ।

### ਪਿੰਡ ਕਿਨਰ ਦਾ ਨਾਂ ਗੈਬੀਨਗਰ ਕਰਨ ਦੀ ਮੰਗ

ਨਾਰਨੌਂਦ ਦੇ ਪਿੰਡ ਕਿਨਰ ਦੇ ਲੋਕਾਂ ਨੇ ਪਿੰਡ ਦਾ ਨਾਂ ਗੈਬੀ ਨਗਰ ਕਰਨ ਦਾ ਪ੍ਰਸਤਾਵ ਬੀ. ਡੀ. ਪੀ. ਓ. ਨੂੰ ਸੌਂਪਿਆ। ਇਸ ਤੋਂ ਬਾਅਦ ਬੀ. ਡੀ. ਓ. ਨੇ ਕਿਨਰ ਪਿੰਡ ਦੀ ਪੰਚਾਇਤ ਦਾ ਇਹ ਪ੍ਰਸਤਾਵ ਡੀ. ਸੀ. ਨੂੰ ਭੇਜਿਆ ਹੈ। ਡੀ. ਸੀ. ਦੇ ਜ਼ਰੀਏ ਪ੍ਰਸਤਾਵ ਸੂਬਾ ਸਰਕਾਰ ਨੂੰ ਜਾਵੇਗਾ। ਪ੍ਰਦੇਸ਼ ਸਰਕਾਰ ਵੱਲੋਂ ਇਸ 'ਤੇ ਫੈਸਲਾ ਲਿਆ ਜਾਵੇਗਾ।

### ਕੁਤੀਆਵਾਲੀ ਦਾ ਨਾਂ ਵੀ ਨਹੀਂ ਬਦਲਿਆ

ਪਿੰਡ ਕੁਤੀਆਵਾਲੀ ਵੱਲੋਂ ਕੁਝ ਸਮਾਂ ਪਹਿਲਾਂ ਪਿੰਡ ਦਾ ਨਾਂ ਬਦਲਣ ਦਾ ਪ੍ਰਸਤਾਵ ਸੂਬਾ ਸਰਕਾਰ ਨੂੰ ਭੇਜਿਆ ਗਿਆ ਸੀ। ਪਿੰਡ ਵੱਲੋਂ ਜੋ ਨਾਂ ਪ੍ਰਸਤਾਵਿਤ ਕੀਤਾ ਗਿਆ ਸੀ, ਉਸ ਨਾਂ ਤੋਂ ਪਹਿਲਾਂ ਕਈ ਪਿੰਡ ਵੱਸੇ ਹਨ। ਸਰਕਾਰ ਵੱਲੋਂ ਤਹਿ ਕੀਤਾ ਗਿਆ ਹੈ ਕਿ ਨਵਾਂ ਉਹੀ ਨਾਂ ਦਿੱਤਾ ਜਾਵੇਗਾ, ਜਿਸਦੇ ਨਾਂ ਤੇ ਸੂਬੇ ਵਿਚ ਦੂਜਾ ਪਿੰਡ ਨਾ ਹੋਵੇ।

# ਡਾ.ਅੰਬੇਡਕਰ ਦਾ ਪੋਤਰਾ ਤੇ ਛੋਟੇਪੁਰ ਮਿਲ ਕੇ ਲੜਨਗੇ ਚੋਣਾਂ

**ਜਲੰਧਰ-** ਡਾ. ਬੀ. ਆਰ. ਅੰਬੇਦਕਰ ਦੇ ਪੋਤਰੇ ਦੀ ਰਿਪਬਲਿਕ ਪਾਰਟੀ ਆਫ ਪੰਜਾਬ ਅਤੇ ਸੁੱਚਾ ਸਿੰਘ ਛੋਟੇਪੁਰ ਨੇ ਮਿਲ ਕੇ ਵਿਧਾਨ ਸਭਾ ਚੋਣਾਂ ਲੜਨ ਦਾ ਫੈਸਲਾ ਕੀਤਾ ਹੈ। ਇਸ ਗੱਠਜੋੜ ਦਾ ਐਲਾਨ ਦੋਵੇਂ ਆਗੂਆਂ ਨੇ ਸਥਾਨਕ ਪ੍ਰੈਸ ਕਲੱਬ ਵਿਖੇ ਕੀਤਾ। ਇਸ ਮੌਕੇ ਡਾ. ਅੰਬੇਡਕਰ ਦੇ ਪੋਤਰੇ ਪ੍ਰਕਾਸ਼ ਅੰਬੇਡਕਰ ਨੇ ਕਿਹਾ ਕਿ ਕੌਮੀ ਪਾਰਟੀਆਂ ਦਾ ਖਾਤਮਾ ਸ਼ੁਰੂ ਹੋ ਗਿਆ ਹੈ ਅਤੇ ਆਉਣ ਵਾਲੇ ਸਮੇਂ ਵਿਚ ਖੇਤਰੀ ਪਾਰਟੀਆਂ ਦੇਸ਼ ਦੀ ਸਿਆਸਤ 'ਚ ਜ਼ਿਆਦਾ ਯੋਗਦਾਨ ਪਾਉਣਗੀਆਂ। ਇਸੇ ਵਿਚਾਰ ਤਹਿਤ ਉਹ ਦੇਸ਼ ਦੇ ਵੱਖ ਵੱਖ ਸੂਬਿਆਂ 'ਚ ਖੇਤਰੀ ਪਾਰਟੀਆਂ ਬਣਾ ਰਹੇ ਹਨ।



ਸ੍ਰੀ ਅੰਬੇਡਕਰ ਨੇ ਕਿਹਾ ਕਿ ਭਾਜਪਾ ਅਤੇ ਆਰ. ਐਸ. ਐਸ. ਨੇ ਦੇਸ਼ ਦਾ ਕਾਨੂੰਨ ਬਦਲਣ ਦੀ ਤਿਆਰੀ ਕਰ ਲਈ ਹੈ ਅਤੇ ਇਸੇ ਦੀ ਤਿਆਰੀ ਕਰਦਿਆਂ ਉਨ੍ਹਾਂ ਨੇ ਗਰੀਬਾਂ ਦੇ ਫਾਇਦੇ ਵਾਲੀਆਂ ਸਕੀਮਾਂ ਹੌਲੀ ਹੌਲੀ ਘਟਾ ਦਿੱਤੀਆਂ ਹਨ। ਉਹਨਾਂ ਦੱਸਿਆ ਕਿ ਉਹ ਪਿਛਲੇ ਕਾਫੀ ਸਮੇਂ ਤੋਂ ਪੰਜਾਬ 'ਚ ਵਿੱਚਰ ਰਹੇ ਹਨ ਅਤੇ ਸੂਬੇ ਦੀਆਂ ਸਾਰੀਆਂ ਸਮੱਸਿਆਵਾਂ ਤੋਂ ਜਾਣੂ ਹਨ। ਇਸ ਮੌਕੇ ਉਨ੍ਹਾਂ ਪਾਰਟੀ ਦੇ ਸੂਬਾ ਪ੍ਰਧਾਨ ਸੁਰਜੀਤ ਸਿੰਘ ਮੰਡ ਅਤੇ ਹੋਰ ਅਹੁਦੇਦਾਰ ਵੀ ਸ਼ਾਮਲ ਸਨ। ਆਪਣਾ ਪੰਜਾਬ ਪਾਰਟੀ ਦੇ ਮੁਖੀ ਸੁੱਚਾ ਸਿੰਘ ਛੋਟੇਪੁਰ ਨੇ ਕਿਹਾ ਕਿ ਦੋਵੇਂ ਪਾਰਟੀਆਂ ਆਵੁਣ ਵਾਲੀਆਂ ਇਕੱਠੀਆਂ ਸੀਟਾਂ ਦੀ ਵੰਡ ਕਰ ਰਹੀਆਂ ਹਨ। ਉਹਨਾਂ ਨੇ 'ਆਪ' 'ਤੇ ਹੱਲਾ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਨੇ 90 ਫੀਸਦੀ ਟਿਕਟਾਂ ਪੈਸੇ ਲੈ ਕੇ ਦਿੱਤੀਆਂ ਹਨ। ਸ੍ਰੀ ਛੋਟੇਪੁਰ ਨੇ ਕਿਹਾ ਕਿ ਜਦੋਂ ਉਹ ਪਾਰਟੀ ਦੇ ਕਨਵੀਨਰ ਸਨ ਤਾਂ ਸ੍ਰੀ ਕੇਜਰੀਵਾਲ ਨੇ ਬੈਂਸ ਭਰਾਵਾਂ 'ਤੇ ਕੇਸ ਚਲਦੇ ਹੋਣ ਦਾ ਹਵਾਲਾ ਦੇ ਕੇ ਉਨ੍ਹਾਂ ਨੂੰ ਪਾਰਟੀ ਵਿਚ ਸ਼ਾਮਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਪਰ ਹੁਣ ਪਾਰਟੀ ਦੇ ਡਿੱਗਦੇ ਗਰਾਫ ਨੂੰ ਦੇਖਦਿਆਂ ਉਹ ਸਭ ਨੂੰ ਸ਼ਾਮਲ ਕਰ ਰਹੇ ਹਨ।

AAA AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine Transmission, Body and Paint Work We Sell Used Cars at a Good Price



Free Estimates
Free Towing

510- 733- 2222

1421 Industrial PKWY West#F Hayward, CA 94544



Prop: Jasbir Singh Takhar
510-755-2132

Harmandeep Singh



A & S

Auto Repair & Services

Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat



Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu



Capital Services, ਸੈਕਰਾਮੈਂਟੋ

ਟਰੱਕਾਂ ਵਾਲਿਆਂ ਲਈ ਹੁਣ IRP ਪਲੇਟਾਂ ਲੈਣੀਆਂ ਹੋਈਆਂ ਅਸਾਨ ! ਸੈਕਰਾਮੈਂਟੋ, ਕੈਲੀਫੋਰਨੀਆਂ ਤੋਂ ਲਵੋ ਤੁਰੰਤ IRP Plates

IRP Plates for 48 States- Same day Plates

TRUCKING SERVICES:

IRP PLATES
IFTA- FUEL TAX RETURNS
MC, US DOT #
CA #, MCP, EPN ENROLLMENTS
TITLE TRANSFER



Capital services

PERSONAL CAR SERVICES: (Approved by CA DMV )

ਕਾਰਾਂ ਦੀ ਤੁਰੰਤ ਟ੍ਰਾਂਸਫਰ ਕਾਰਾਂ ਦੀਆਂ ਤੁਰੰਤ ਪਲੇਟਾਂ ਤੇ ਸਟਿੱਕਰ, ਡੁਪਲੀਕੇਟ ਟਾਈਟਲ ਤੇ ਹੋਰ

Vin Verification (Approved by CA DMV ਕਰਵਾਉਣ ਲਈ ਲਈ ਵੀ ਸੰਪਰਕ ਕਰੋ

INSURANCE SERVICES:
ਕਿਸੇ ਤਰਾਂ ਦੀ ਵੀ ਇੰਸ਼ੋਰੈਂਸ ਲੈਣ ਲਈ
COVERED CALIFORNIA (ਓਬਾਮਾ ਕੇਅਰ)
*Auto *Home *Business *Truck *Life
*Medical *Special Events & others

ਹੋਰ ਸੇਵਾਵਾਂ

ਵੀਜਾ ਤੇ ਪਾਸਪੋਰਟ * ਫੈਮਲੀ ਪਟੀਸ਼ਨ * ਸਰੈਂਡਰ ਸਰਟੀਫਿਕੇਟ * ਓ ਸੀ ਆਈ * ਗਰੀਨ ਕਾਰਡ * ਸਿਟੀਜਨਸ਼ਿਪ * ਐਫੀਡੇਵਿਟ ਆਫ ਸਪੋਰਟ ਆਦਿ

OTHER SERVICES:

Live Scan / Fingerprints, Notary Public/ ਨੋਟਰੀ ਪਬਲਿਕ, Mail Box Business Cards, International Driver Lic., Translation Docs, Banners, Print, Copy, Fax etc.

For Legal Services, Once a week Attorney at your service.

ਕਿਸੇ ਵੀ ਜਾਣਕਾਰੀ ਲਈ Call (916) 427-4321

6624 Florin Road Sacramento CA 95828
Email : sacramento99@yahoo.com
Website : www.capitalservices.us



33 ਸਾਲਾਂ ਤੋਂ ਸਾਡੇ ਆਯੁਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਇਲਾਜ

ਹਰ ਉਮਰ 'ਚ ਵਿਆਹ ਤੋਂ ਪਹਿਲਾਂ ਜਾਂ ਬਾਅਦ 'ਚ ਹੋਈ ਕਮਜ਼ੋਰੀ ਹਰ ਮੌਸਮ 'ਚ

ਅਮਰ ਕੋਰਸ®

ਹਰ ਉਮਰ 'ਚ ਸੈਕਸ ਕਰੋ, ਜਵਾਨੀ ਦਾ ਅਨੰਦ ਮਾਣੋ

ਬੇਔਲਾਦ ਤੇ ਬਾਂਝਪਨ ਲਾ-ਇਲਾਜ ਨਹੀਂ Nill ਸ਼ੁਕਰਾਣੂ ਵਾਲੇ ਜ਼ਰੂਰ ਮਿਲਣ

ਜ਼ਰੂਰੀ ਨੋਟ : ਦਵਾਈ ਦੇਸ਼-ਵਿਦੇਸ਼ ਵਿਚ ਡਾਕ ਰਾਹੀਂ ਭੇਜਣ ਦਾ ਖਾਸ ਪ੍ਰਬੰਧ ਹੈ।

ਸੈਕਸ 'ਚ ਪੂਰਾ ਜੋਸ਼ ਲਵੋ, ਮਨਚਾਹਾ ਸਮਾਂ ਲਗਾਓ, ਸ਼ੂਗਰ ਜਾਂ ਵਧ ਰਹੀ ਉਮਰ ਕਾਰਨ ਹੋਈ ਕਮਜ਼ੋਰੀ, ਵੀਰਜ ਪਤਲਾ, ਘੱਟ ਬਣਨਾ, ਧਾਂਤ, ਨਾਮਰਦੀ, ਸਮਾਂ ਘੱਟ ਲੱਗਣਾ, ਸੁਪਨਦੋਸ਼, ਵੀਰਜ ਪਤਲਾ, ਬਚਪਨ ਦੀਆਂ ਗਲਤੀਆਂ ਨਾਲ ਹੋਈ ਕਮਜ਼ੋਰੀ, ਸ਼ੁਕਰਾਣੂ ਘੱਟ ਬਣਨਾ ਜਾਂ ਬਿਲਕੁਲ ਨਾ ਹੋਣਾ, ਪੂਰਾ ਅਮਰ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਵੈਦ ਅਮਰਜੀਤ ਅਮਰ

ਸਪੈਸ਼ਲ ਅਮਰ ਤਿੱਲਾ ਮਾਲਸ਼ ਕਰਨ ਨਾਲ ਲੰਬਾਈ, ਮੋਟਾਈ, ਸਖਤਾਈ, ਢਿੱਲਾਪਣ, ਟੇਢਾਪਨ ਨਸਾਂ ਕਮਜ਼ੋਰ ਠੀਕ ਹੋ ਜਾਂਦੀਆਂ ਹਨ। ਸਾਡੇ ਆਯੁਰਵੈਦਿਕ ਜੜ੍ਹੀਆਂ ਬੂਟੀਆਂ ਦੇ ਤਿੰਨ ਪੁਸ਼ਤੀ ਖਾਨਦਾਨੀ ਨੁਸਖਿਆਂ ਦੇ ਗਾਰੰਟੀਸ਼ੁਦਾ ਇਲਾਜ ਲਈ ਮਿਲੋ ਜਾਂ ਫੋਨ ਕਰੋ।

ਦਵਾਈ ਦਾ ਅਸਰ ਪਹਿਲੇ ਦਿਨ ਤੋਂ ਸ਼ੁਰੂ

ਔਰਤਾਂ ਦੀ ਸੁੰਦਰਤਾ ਦਾ ਦੁਸ਼ਮਣ (ਸਫੈਦ ਪਾਣੀ ਲਕੋਰੀਆ)

ਛਾਤੀ ਸੁੰਗੜਨਾ, ਛੋਟੀ ਹੋਣਾ, ਢਿੱਲਾਪਨ, ਛਾਈਆਂ ਠੰਡਾਪਨ, (ਚੌੜੀ ਯੋਨੀ), ਖੁੱਲਾਪਨ, ਗਿੱਲਾਪਨ, ਹਿੱਪ ਭਾਰੀ, (ਮੋਟਾਪਾ), ਕਮਰ ਦਰਦ, ਸੰਭੋਗ ਨੂੰ ਮਨ ਨਾ ਕਰਨਾ।

ਭਾਰ ਘਟਾਉਣਾ ਬਿਨਾਂ ਆਪ੍ਰੇਸ਼ਨ ਆਰਾਮ ਸਾਡੀ ਦਵਾਈ ਨਾਲ ਕੋਈ Side Effect ਨਹੀਂ ਹੁੰਦਾ

ਤੁਰੰਤ ਪੁੱਛਣ ਲਈ
+91-98140-29888
+91-98141-29888
+91-98763-39888

ਸਾਡਾ ਪੂਰਾ ਪਤਾ : ਤਿੰਨ ਪੁਸ਼ਤੀ ਖਾਨਦਾਨੀ ਵੈਦ

ਅਮਰ ਦਵਾਖਾਨਾ (ਰਜਿ.)

ਇਨੋਸੈਂਟ ਸਕੂਲ ਰੋਡ, ਗਰੀਨ ਮਾਡਲ ਟਾਊਨ, ਜਲੰਧਰ (ਪੰਜਾਬ) ਭਾਰਤ।
ਫੋਨ : 91-181-2275777 ਫੈਕਸ : 91-181-2461888 ਸਮਾਂ 9 ਤੋਂ 8 ਵਜੇ ਤੱਕ ਐਤਵਾਰ 3 ਵਜੇ ਤੱਕ
website : www.amardawakhana.com email : amardawakhana@rediffmail.com

# ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਤੇ ਸਮੂਹ ਸੰਗਤ ਵੱਲੋਂ

# 2016 ਨੂੰ ਅਲਵਿਦਾ ਤੇ ਨਵੇਂ ਸਾਲ 2017 ਨੂੰ ਜੀਓ ਆਇਆਂ ਆਖਿਆ

**ਪਿਟਸਬਰਗ (ਡੀ. ਡੀ. ਬੀ.)–** ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਅਤੇ ਸਮੂਹ ਸੰਗਤ ਨੇ 2016 ਨੂੰ ਅਲਵਿਦਾ ਅਤੇ ਨਵੇਂ ਸਾਲ 2017 ਨੂੰ ਜੀਅ ਆਇਆਂ ਆਖਣ ਲਈ, ਵੱਡੀ ਗਿਣਤੀ 'ਚ ਗੁਰੂ ਘਰ ਇਕੱਤਰ ਹੋ ਕੇ ਨਵਾਂ ਸਾਲ ਅਕਾਲ ਪੁਰਖ ਦੀ ਰਜ਼ਾ 'ਚ ਰਹਿ ਕੇ ਬੜੇ ਚਾਵਾਂ ਨਾਲ ਮਨਾਇਆ। ਨਵਾਂ ਸਾਲ 2017 ਦੀ ਖੁਸ਼ੀ 'ਚ ਪਾਠ ਰਖਾਏ ਗਏ। 31 ਦਸੰਬਰ 2016 ਸ਼ਾਮ ਦੇ ਦੀਵਾਨ ਸਜਾਏ ਗਏ। ਵੱਖ-ਵੱਖ ਬੁਲਾਰਿਆਂ ਨੇ ਨਵੇਂ ਸਾਲ ਤੇ ਵੱਖੋ-ਵੱਖ ਵਿਚਾਰਾਂ ਨਾਲ ਸਾਂਝ ਪਾਉਂਦਿਆਂ ਸਭ ਨੂੰ ਵਧਾਈ ਦਿੱਤੀ, ਉਹਨਾਂ 'ਚ ਸਰਵ ਸ੍ਰੀ ਓ. ਪੀ. ਬਾਲੀ, ਪ੍ਰਧਾਨ ਕਸ਼ਮੀਰੀ ਭਾਈਆ, ਸਕੱਤਰ ਵਿਨੋਦ ਕੁਮਾਰ ਅਤੇ ਜਨਰਲ ਸਕੱਤਰ ਬੀਬੀ ਜ਼ੀਨਾ ਭਾਟੀਆ ਜੀ ਆਦਿ ਦੇ ਨਾਂ ਵਰਣਨਯੋਗ ਹਨ। ਗੁਰੂ ਘਰ ਦੇ ਜਥੇ ਭਾਈ ਗੁਰਨਾਮ ਸਿੰਘ ਜੀ ਤੇ ਭਾਈ ਓਮਪਾਲ ਸਿੰਘ ਜੀ ਤੋਂ ਇਲਾਵਾ ਭਾਈ ਸਵੇਗ ਸਿੰਘ ਦਾ ਜਥਾ ਸੈਨਹੋਜ਼ੇ ਵਾਲੇ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਜਿਉਂ ਹੀ ਨਵਾਂ ਸਾਲ ਚੜ੍ਹਿਆ ਸਭ ਨੇ ਇਕ-ਦੂਜੇ ਨੂੰ ਨਵੇਂ ਸਾਲ ਦੀਆਂ ਮੁਬਾਰਕਾਂ ਦਿੱਤੀਆਂ। ਸਟੇਜ ਦੀ ਸੇਵਾ ਬੀਬੀ ਜ਼ੀਨਾ ਭਾਈਆ ਅਤੇ ਸ੍ਰੀ ਵਿਨੋਦ ਕੁਮਾਰ ਨੇ ਬਾਖੂਬੀ ਨਾਲ ਨਿਭਾਈ। ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਗਿਆਨ ਪ੍ਰਕਾਸ਼ ਸਿੰਘ ਜੀ ਨੇ ਸਰਬੱਤ ਦੇ ਭਲੇ ਦੀ ਅਰਦਾਸ ਕਰਦਿਆਂ ਸਭ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ। ਪ੍ਰਧਾਨ ਸ੍ਰੀ ਕਸ਼ਮੀਰੀ ਭਾਟੀਆ ਨੇ ਸਮੂਹ ਸੰਗਤ ਨੂੰ ਪ੍ਰਬੰਧਕ ਕਮੇਟੀ ਵੱਲੋਂ ਨਵੇਂ ਸਾਲ ਦੀ ਹਾਰਦਿਕ ਵਧਾਈ ਦਿੰਦਿਆਂ ਸਭ ਲਈ ਵਾਹਿਗੁਰੂ ਪਾਸੋਂ ਘਰ, ਪਰਿਵਾਰ, ਕਾਰੋਬਾਰ 'ਚ ਤੰਦਰੁਸਤੀਆਂ, ਖੁਸ਼ਹਾਲੀਆਂ ਤੇ ਇਤਫਾਕ ਦੀ ਅਰਜ਼ੋਈ ਕੀਤੀ।


























# ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵੱਲੋਂ ਮਨਾਇਆ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਗੁਰਪੁਰਬ ਦਿਹਾੜਾ







**ਪਿਟਸਬਰਗ (ਡੀ. ਡੀ. ਬੀ.)–** ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਅਤੇ ਸਮੂਹ ਸੰਗਤਾਂ ਨੇ ਰਲ ਮਿਲ ਕੇ ਸਾਹਿਬ-ਏ-ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਗੁਰਪੁਰਬ ਦਿਹਾੜਾ ਬਹੁਤ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਸ਼ੁਭ ਦਿਹਾੜੇ ਮੌਕੇ ਗੁਰਮੁਖ ਪਰਿਵਾਰ ਸ. ਬਲਦੇਵ ਸਿੰਘ ਅਤੇ ਬੀਬੀ ਚਰਨਜੀਤ ਕੌਰ ਅਤੇ ਉਹਨਾਂ ਦੇ ਬੇਟੇ ਜਸਪ੍ਰੀਤ ਤੇ ਮਨਪ੍ਰੀਤ ਦੇ ਸਿਟੀਜ਼ਨਸ਼ਿਪ ਮਿਲਣ ਦੀ ਖੁਸ਼ੀ ਵਿਚ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਵਜੋਂ ਸੁਖਮਨੀ ਸਾਹਿਬ ਜੀ ਦੇ ਪਾਠ ਰਖਾਏ ਗਏ ਤੇ ਲੰਗਰ ਦੀ ਸੇਵਾ ਕੀਤੀ।

ਇਸ ਸ਼ੁਭ ਦਿਹਾੜੇ ਦੇ ਮੌਕੇ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦੀ ਅਤੇ ਸਮੂਹ ਪਰਿਵਾਰ ਦੀ ਲਾਸਾਨੀ ਕੁਰਬਾਨੀ ਬਾਰੇ ਵੱਖ-ਵੱਖ ਬੁਲਾਰਿਆਂ ਨੇ ਆਪੋ ਆਪਣੇ ਵਿਚਾਰ ਰੱਖੇ। ਉਹਨਾਂ ਵਿਚ ਸਰਵ ਸ੍ਰੀ ਓ. ਪੀ. ਬਾਲੀ, ਕਸ਼ਮੀਰੀ ਭਾਟੀਆ, ਵਿਨੋਦ ਕੁਮਾਰ ਅਤੇ ਬੀਬੀ ਜ਼ੀਨਾ ਭਾਟੀਆ ਜੀ ਆਦਿ ਨਾਂ ਵਰਣਨਯੋਗ ਹਨ। ਇਹਨਾਂ ਤੋਂ ਇਲਾਵਾ ਗੁਰੂ ਘਰ ਦਾ ਜਥਾ ਭਾਈ ਸਾਹਿਬ ਪਾਈ ਓਮਪਾਲ ਸਿੰਘ ਜੀ ਅਤੇ ਭਾਈ ਗੁਰਨਾਮ ਸਿੰਘ ਜੀ ਦੇ ਜਥੇ ਨੇ ਗੁਰਬਾਣੀ ਦਾ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ, ਜਿਸ ਨੂੰ ਸੰਗਤਾਂ ਨੇ ਮਨ ਚਿੱਤ ਇਕਾਗਰਤਾ ਲਗਾ ਕੇ ਆਨੰਦਮਈ ਸਰਵਣ ਕੀਤਾ।

ਇਸ ਦੇ ਨਾਲ ਹੀ ਸ੍ਰੀ ਫਕੀਰਾ ਮਹਿਮੀ ਦੇ ਸੱਦੇ 'ਤੇ ਆਏ ਗਾਇਕ ਕਲਾਕਾਰ ਲੋਪੋਕੇ ਬ੍ਰਦਰਜ਼ ਨੇ ਧਾਰਮਿਕ ਗੀਤਾਂ ਨਾਲ ਆਪਣੀ ਹਾਜ਼ਰੀ ਲਗਵਾ ਕੇ ਆਪਣੇ ਆਪ ਨੂੰ ਵਡਭਾਗੀ ਸਮਝਿਆ।

ਸਟੇਜ ਦੀ ਸੇਵਾ ਬੀਬੀ ਜ਼ੀਨਾ ਭਾਟੀਆ ਅਤੇ ਸ੍ਰੀ ਵਿਨੋਦ ਕੁਮਾਰ ਨੇ ਬਾਖ਼ੂਬੀ ਨਿਭਾਈ। ਪ੍ਰਧਾਨ ਸ੍ਰੀ ਕਸ਼ਮੀਰੀ ਭਾਟੀਆ ਨੇ ਸਭ ਦਾ ਧੰਨਵਾਦ ਕੀਤਾ ਅਤੇ ਲੋਪੋਕੇ ਬ੍ਰਦਰਜ਼ ਗਾਇਕ ਕਲਾਕਾਰਾਂ ਨੂੰ ਸਿਰੋਪਾਓ ਨਾਲ ਨਿਵਾਜਿਆ।


ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ

ਬੋਲੇ ਸੋ ਨਿਰਭੈ ! ਗੁਰੂ ਰਵਿਦਾਸ ਮਹਾਰਾਜ ਕੀ ਜੈ !

ਸੋਹੰ

ਹਰਿ

## SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

### ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 640ਵਾਂ ਪ੍ਰਕਾਸ਼ ਦਿਹਾੜਾ ਫਰਵਰੀ 10-12, 2017

ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਦਾ 640ਵਾਂ ਪ੍ਰਕਾਸ਼ ਉਤਸਵ ਗੁਰੂ ਘਰ ਵਿਖੇ 12 ਫਰਵਰੀ 2017 ਨੂੰ ਮਨਾਇਆ ਜਾ ਰਿਹਾ ਹੈ। ਮਿਤੀ 10 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ ਅਤੇ ਪਾਠ ਦੇ ਭੋਗ 12 ਫਰਵਰੀ ਨੂੰ ਪੈਣਗੇ।

**ਪ੍ਰੋਗਰਾਮਾਂ ਦਾ ਵੇਰਵਾ**

ਆਰੰਭ ਸ੍ਰੀ ਅਖੰਡ ਪਾਠ– ਫਰਵਰੀ 10, 2017 (ਸ਼ੁੱਕਰਵਾਰ) 9:20 ਵਜੇ ਸਵੇਰੇ

ਨਿਸ਼ਾਨ ਸਾਹਿਬ ਦੀ ਸੇਵਾ– ਫਰਵਰੀ 11, 2017 (ਸ਼ਨਿਚਰਵਾਰ) ਸ਼ਾਮੀ 3 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ– ਫਰਵਰੀ 12, 2017 (ਐਤਵਾਰ) ਸਵੇਰੇ 9:20 ਵਜੇ

ਕੀਰਤਨ ਦੀਵਾਨ– ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ 2 ਵਜੇ ਦੁਪਹਿਰ ਤੱਕ ਕੀਰਤਨ ਦੀਵਾਨ ਸਜਣਗੇ

| Chairperson | President | General Secretary | Treasurer |
|---|---|---|---|
| Shinder Pal Narabat | Kashmiri Bhatia | Gina Bhatia | Jasvir Chahal |



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ





## ਧੀਆਂ ਦੀ ਲੋਹੜੀ

ਆਪ ਸਭ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਪੰਜਾਬੀ ਮਲਟੀਕਲਚਰ ਸੁਸਾਇਟੀ ਆਫ ਪਿਟਸਬਰਗ ਵੱਲੋਂ ਲੋਹੜੀ ਮੇਲਾ ਮਨਾਇਆ ਜਾ ਰਿਹਾ ਹੈ

ਇਹ ਸਿਰਫ ਔਰਤਾਂ ਤੇ ਬੱਚਿਆਂ ਲਈ ਹੀ ਹੋਵੇਗਾ। ਐਂਟਰੀ 5 ਡਾਲਰ ਹੋਵੇਗੀ। 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਐਂਟਰੀ ਫਰੀ ਹੋਵੇਗੀ।

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

| ਸੁਮਨ ਹੀਰ | ਰੂਬੀ ਰਾਜੂ | ਬਲਵੀਰ ਕੌਰ |
|---|---|---|
| 925-219-5991 | 925-550-1088, 925-642-5953 | 925-864-3855 |

**ਪ੍ਰੋਗਰਾਮ**

22 ਜਨਵਰੀ 2017 (ਦਿਨ ਐਤਵਾਰ)
ਸ਼ਾਮ 2.00 ਵਜੇ ਤੋਂ 5.00 ਵਜੇ ਤੱਕ
300 Presidio Lane
Pittsburg CA 94565

ਇਸ ਮੇਲੇ ਵਿਚ ਭੰਗੜਾ, ਡਾਂਸ, ਹਿਪ ਹੋਪ, ਗਿੱਧਾ, ਲਾਈਵ ਡੀ. ਜੇ. ਅਤੇ ਹੋਰ ਮਨੋਰੰਜਨ ਦੇ ਪ੍ਰੋਗਰਾਮ ਹੋਣਗੇ

# ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸੰਗਰਾਂਦ ਦਾ ਦਿਹਾੜਾ ਮਨਾਇਆ







**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਤੀ 14 ਜਨਵਰੀ ਦਿਨ ਸਨਿਚਰਵਾਰ ਨੂੰ ਸ਼ਾਮ ਵੇਲੇ ਸੰਗਰਾਂਦ (ਮਹੀਨਾ ਮਾਘ) ਦਾ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਵਿਚ ਸ਼ਾਮ ਵੇਲੇ ਰਹਿਰਾਸ ਸਾਹਿਬ, ਬਾਰਾ ਮਾਹ ਸਾਹਿਬ ਬਾਣੀਆਂ ਉਪਰੰਤ ਕੀਰਤਨ ਦਰਬਾਰ ਸਜਾਏ ਗਏ।

ਜਿਸ ਵਿਚ ਭਾਈ ਪ੍ਰਿਤਪਾਲ ਸਿੰਘ ਜੀ ਹੈੱਡ ਗ੍ਰੰਥੀ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਭਾਈ ਜੋਗਿੰਦਰ ਸਿੰਘ ਜੀ ਨੇ ਵੀ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ।

ਭਾਈ ਗੁਰਦੀਪ ਸਿੰਘ ਹੀਰਾ ਜੀ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਆਪਣੀਆਂ ਕਵਿਤਾਵਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

## ਸਤਿਗੁਰੂ ਰਵਿਦਾਸ ਜੀ ਦਾ ਆਗਮਨ ਪੁਰਬ 17 ਤੋਂ 19 ਫਰਵਰੀ



**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਆਗਮਨ ਪੁਰਬ 17, 18 ਅਤੇ 19 ਫਰਵਰੀ 2017 ਦਿਨ ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ। ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਹੈ। ਸੰਗਤਾਂ ਨੂੰ ਬੇਨਤੀ ਹੈ ਕਿ ਜਿਸ ਪਰਿਵਾਰ ਨੇ ਇਹਨਾਂ ਸਮਾਗਮਾਂ ਵਿਚ ਸੇਵਾ ਲੈਣੀ ਹੋਵੇ, ਉਹ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦਾ ਹੈ ਜੀ:

ਗੁਰੂ ਘਰ– 530–674–2564
ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ) 530–713–1823
ਸ੍ਰੀ ਗੁਰਨਾਮ ਸਿੰਘ ਭੰਡਾਲ (ਵਾਈਸ ਪ੍ਰਧਾਨ) 530–218–4468
ਸ੍ਰੀ ਸਤਿਨਾਮ ਸਿੰਘ (ਜਨਰਲ ਸਕੱਤਰ) 530–682–3962
ਸ੍ਰੀ ਦਲਵਿੰਦਰ ਰੱਲ੍ਹ (ਵਾਈਸ ਜਨਰਲ ਸਕੱਤਰ) 530–933–3938
ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) 530–701–4370
ਸ੍ਰੀ ਮਹਿੰਦਰ ਸਿੰਘ ਰੱਤੂ (ਚੇਅਰਮੈਨ) 530–790–5985
ਭਾਈ ਪ੍ਰਿਤਪਾਲ ਸਿੰਘ ਜੀ (ਹੈਡ ਗ੍ਰੰਥੀ) 530–674–2564

## ਅਖੰਡ ਪਾਠ ਸਾਹਿਬ 20 ਜਨਵਰੀ ਨੂੰ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ 20 ਜਨਵਰੀ ਦਿਨ ਸ਼ੁੱਕਰਵਾਰ ਨੂੰ ਸ੍ਰੀ ਮੁਕੇਸ਼ ਕੁਮਾਰ, ਬੀਬੀ ਤੇਜਿੰਦਰ ਕੌਰ ਜੀ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਕਰਵਾਏ ਜਾਣਗੇ। 22 ਜਨਵਰੀ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ।ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਜਾਣਗੇ।

ਪਰਿਵਾਰ ਵੱਲੋਂ ਸਮੂਹ ਸਾਧ ਸੰਗਤ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਗੁਰਬਾਣੀ ਸਰਵਣ ਕਰਕੇ ਜੀਵਨ ਸਫਲ ਕਰੋ ਜੀ।


ੴ ਸਤਿਗੁਰ ਪ੍ਰਸਾਦਿ

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ।।
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ।।

ਭਗਤ ਲੜੀ ਦੇ ਅਨਮੋਲ ਹੀਰੇ ਗੁਰੂ ਰਵਿਦਾਸ ਜੀ ਮਹਾਰਾਜ ਦੇ 640ਵੇਂ ਪ੍ਰਕਾਸ਼ ਪੁਰਬ ਤੇ ਵਿਸ਼ੇਸ਼ ਰੈਣ ਸਬਾਈ ਕੀਰਤਨ ਦਰਬਾਰ

9 ਫਰਵਰੀ 2017 ਦਿਨ ਵੀਰਵਾਰ ਸ਼ਾਮ 6:00 ਤੋਂ 00:30 ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਸੋ ਆਪ ਜੀ ਨੂੰ ਬੇਨਤੀ ਹੈ ਕਿ ਪਰਿਵਾਰ ਸਮੇਤ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ ਜੀ

ਗੁਰੂ ਪਿਆਰੀ ਸਾਧ ਸੰਗਤ ਜੀਓ
ਇਸ ਮਹਾਨ ਤੀਜੇ ਰੈਣ ਸਬਾਈ ਕੀਰਤਨ ਦਰਬਾਰ ਵਿਚ ਹੇਠ ਲਿਖੇ ਜੱਥੇ ਪਹੁੰਚ ਰਹੇ ਹਨ:-
ਭਾਈ ਪ੍ਰਿਤਪਾਲ ਸਿੰਘ ਜੀ, ਭਾਈ ਤਾਰਾ ਸਿੰਘ ਜੀ
ਭਾਈ ਬਲਵੀਰ ਸਿੰਘ ਜੀ, ਭਾਈ ਅਮਰਜੀਤ ਸਿੰਘ ਜੀ
ਭਾਈ ਜੋਗਿੰਦਰ ਸਿੰਘ ਸੇਖਾ, ਭਾਈ ਫਤਿਹ ਸਿੰਘ ਰਾਜਾ
ਭਾਈ ਅਜਮੇਰ ਸਿੰਘ ਰੋਜ਼ਵਿਲ, ਭਾਈ ਪੰਜਾਬ ਸਿੰਘ ਜੀ, ਭਾਈ ਦਰਸ਼ਨ ਸਿੰਘ ਜੀ



ਬੇਨਤੀ ਕਰਤਾ:-
ਗੁਰਨਾਮ ਸਿੰਘ ਭੰਡਾਲ, ਬੀਬੀ ਨਿਰਮਲ ਕੌਰ ਭੰਡਾਲ

ਸੰਪਰਕ ਕਰੋ ਜੀ
ਮਹਿੰਦਰ ਸਿੰਘ ਰੱਤੂ 530-790-5985, ਸ਼ਿੰਗਾਰਾ ਸਿੰਘ ਰੱਲ੍ਹ 530-713-1823
ਸਤਿਨਾਮ ਸਿੰਘ 530-682-3962, ਪ੍ਰਸ਼ੋਤਮ ਸੂਦ 530-844-4508

Gurdara Sri Guru Ravidas Temple 1480 HAYNE AVE YUBA CITY (530-674-2564)

# KB USED AUTO SALES





8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



# TANDOOR Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

Contact Us:

We are open
seven days
11 AM to 10 PM

Ph. 510-885-1212
Fax. 510-885-1532



# L.A. MERCHANDISE

Whole Sale +Retail



ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ
ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ।

LOOSE FABRICS, GROCERIES, BLANKETS, VEGETABLES

Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
Only $ 39.99+Tax

* ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ,
* 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
* ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
* ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
* ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।

* ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
* ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
* ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
* ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ।



Baksho Kaur Bisla Hardev Singh Bisla

500 N. Palora Ave. Yuba City, CA 95991

530-671-0439, Fax 530-822-0439 Cell- 530-844-3250

# 'ਪਰਿਵਾਰ ਹੀ ਬੱਚੇ ਦੀ ਪਹਿਲੀ ਪਾਠਸ਼ਾਲਾ'



ਪ੍ਰੋ: ਐਚ. ਐਲ. ਕਪੂਰ
001- 916- 587-4002

ਬੱਚਿਆਂ ਦਾ ਨੈਤਿਕ ਵਿਕਾਸ- ਬੱਚਾ ਨਾ ਤਾਂ ਨੈਤਿਕ ਹੁੰਦਾ ਹੈ ਅਤੇ ਨਾ ਹੀ ਅਨੈਤਿਕ, ਅਸਲ ਵਿਚ ਉਹ ਬਨੈਤਿਕ ਹੁੰਦਾ ਹੈ ਕਿਉਂਕਿ ਉਸਦਾ ਵਿਵਹਾਰ ਨੈਤਿਕ ਨਿਯਮਾਂ ਦੁਆਰਾ ਅਨੁਸ਼ਾਸਿਤ ਨਹੀਂ ਹੁੰਦਾ। ਨੈਤਿਕ ਵਿਵਹਾਰ ਸਮਝਾਉਣ ਤੋਂ ਪਹਿਲਾਂ ਬੱਚੇ ਨੂੰ ਇਹ ਸਮਝਾਉਣਾ ਚਾਹੀਦਾ ਹੈ ਕਿ ਉਸਦਾ ਸਮਾਜ ਕਿਸ ਚੀਜ਼ ਨੂੰ ਚੰਗਾ ਤੇ ਕਿਸ ਚੀਜ਼ ਨੂੰ ਬੁਰਾ ਸਮਝਦਾ ਹੈ? ਇਹ ਸਾਰਾ ਕੁਝ ਹੌਲੀ-ਹੌਲੀ ਆਪਣੇ ਦੋਸਤਾਂ-ਮਿੱਤਰਾਂ, ਅਧਿਆਪਕਾਂ ਤੇ ਆਪਣੇ ਮਾਤਾ-ਪਿਤਾ ਤੋਂ ਸਿੱਖਦਾ ਹੈ। ਜੇਕਰ ਸਮਾਜ ਦੁਆਰਾ ਸਥਾਪਿਤ ਵਿਵਹਾਰ ਬੱਚੇ ਲਈ ਸੁੱਖਦਾਇਕ ਹੈ ਤਾਂ ਬੱਚਾ ਉਸ ਨੂੰ ਜਲਦ ਸਿੱਖ ਲੈਂਦਾ ਹੈ ਤੇ ਉਸੇ ਤਰ੍ਹਾਂ ਦਾ ਵਿਵਹਾਰ ਕਰਨ ਦੀ ਉਸ ਦੀ ਹੌਲੀ-ਹੌਲੀ ਆਦਤ ਬਣ ਜਾਂਦੀ ਹੈ। ਇਸ ਤਰ੍ਹਾਂ ਉਚਿਤ ਅਗਵਾਈ ਤੇ ਸਿੱਖਿਆ ਨਾਲ ਮਾਤਾ-ਪਿਤਾ ਤੇ ਅਧਿਆਪਕਾਂ ਨੂੰ ਇਹ ਦੇਖਣਾ ਚਾਹੀਦਾ ਹੈ ਕਿ ਸਮਾਜ ਦੇ ਸਬੰਧ ਵਿਚ ਬੱਚਿਆਂ ਨੂੰ ਦਿੱਤੀ ਗਈ ਸਿੱਖਿਆ ਉਨ੍ਹਾਂ ਲਈ ਸੁੱਖਦਾਇਕ ਹੋਵੇ ਤਾਂ ਹੀ ਉਹ ਬੜੇ ਸਹਿਜ ਤਰੀਕੇ ਨਾਲ ਨੈਤਿਕਤਾ ਦਾ ਪਾਠ ਸਿੱਖ ਸਕਣਗੇ। ਜਦੋਂ ਅਸੀਂ ਬੱਚਿਆਂ ਨੂੰ ਕੋਈ ਕੰਮ ਕਰਨ ਲਈ, ਸਖ਼ਤੀ ਨਾਲ ਮਜਬੂਰ ਕਰਕੇ, ਕਰਨ ਲਈ ਕਹਿੰਦੇ ਹਾਂ ਤਾਂ ਉਹ ਕੁਝ ਵੀ ਨਹੀਂ ਸਿੱਖ ਸਕੇਗਾ। ਇਸ ਲਈ ਸਾਨੂੰ ਬੱਚੇ ਨੂੰ ਜੋ ਵੀ ਸਿਖਾਉਣਾ ਹੈ, ਉਹ ਸੁਭਾਵਿਕ ਰੂਪ ਨਾਲ ਹੀ ਸਿਖਾਉਣ ਦਾ ਯਤਨ ਕਰਨਾ ਚਾਹੀਦਾ ਹੈ।

**(1) ਬਚਪਨ ਵਿਚ ਨੈਤਿਕਤਾ :-** ਤੀਸਰੇ ਜਾਂ ਛੇ ਸਾਲ ਦੀ ਉਮਰ ਤੱਕ ਨੈਤਿਕ ਆਚਰਣ ਦੀਆਂ ਕੁਝ ਗੱਲਾਂ ਬੱਚੇ ਨੂੰ ਸਮਝਾ ਦੇਣੀਆਂ ਚਾਹੀਦੀਆਂ ਹਨ ਪਰ ਇਸ ਸਮੇਂ ਬੱਚੇ ਨੂੰ ਇਹ ਕਹਿਣਾ ਜ਼ਰੂਰੀ ਨਹੀਂ ਕਿ ਕੋਈ ਕੰਮ ਕਿਉਂ ਬੁਰਾ ਹੈ, ਕਿਉਂਕਿ ਇਸ ਸਮੇਂ ਬੱਚੇ ਦਾ ਇਤਨਾ ਮਾਨਸਿਕ ਵਿਕਾਸ ਨਹੀਂ ਹੋਇਆ ਹੁੰਦਾ ਕਿ ਉਹ ਇਹਨਾਂ ਸਾਰੀਆਂ ਗੱਲਾਂ ਨੂੰ ਸਮਝ ਸਕੇ। ਕੋਈ ਗਲਤ ਕੰਮ ਕਰਨ ਤੇ ਉਸ ਨੂੰ ਸਜਾ ਕਿਸ ਤਰ੍ਹਾਂ ਦੀ ਮਿਲਦੀ ਹੈ? ਇਸੇ ਆਧਾਰ 'ਤੇ ਉਹ ਸਮਝਦਾ ਹੈ ਕਿ ਇਹ ਕੰਮ ਉਚਿਤ ਹੈ। ਇਹ ਗੱਲ ਬਿਲਕੁਲ ਦਰੁੱਸਤ ਹੈ ਕਿ ਬੱਚੇ ਦੇ ਵਾਤਾਵਰਣ ਦੇ ਸਾਥੀ, ਜਿਸ ਕੰਮ ਦੀ ਉਸ ਦੀ ਪ੍ਰਸੰਸਾ ਕਰਦੇ ਹਨ, ਉਹ ਉਸੇ ਤਰ੍ਹਾਂ ਦੇ ਕੰਮ ਹੀ ਕਰਨ ਦਾ ਯਤਨ ਕਰਦਾ ਹੈ। ਇਸ ਸਮੇਂ ਤੱਕ ਉਸ ਦੀ ਨੈਤਿਕਤਾ ਦਾ ਪੱਧਰ ਇੱਥੇ ਤੱਕ ਹੀ ਸੀਮਤ ਰਹਿੰਦਾ ਹੈ। ਇਸ ਤਰ੍ਹਾਂ ਕਦੀ-ਕਦੀ ਉਹ ਚੰਗੇ ਕੰਮ ਕਰਦਾ ਹੈ ਪ੍ਰੰਤੂ ਇਹਨਾਂ ਕੰਮਾਂ ਦੇ ਲਾਭ ਤੇ ਨੁਕਸਾਨ ਦੇ ਕਾਰਨਾਂ ਨੂੰ ਨਹੀਂ ਸਮਝਦਾ।

ਪੰਜ ਜਾਂ ਛੇ ਸਾਲ ਦੇ ਹੋ ਜਾਣ ਤੱਕ ਬੱਚੇ ਵਿਚ ਅਗਿਆਨਤਾ ਦੀ ਆਦਤ ਆ ਜਾਣੀ ਚਾਹੀਦੀ ਹੈ। ਚੰਗਾ, ਮਾੜਾ, ਬਹੁਤ ਠੀਕ, ਸ਼ਰਾਰਤੀ ਆਦਿ ਸ਼ਬਦਾਂ ਦੇ ਪ੍ਰਯੋਗ ਨਾਲ ਇਸ ਸਮੇਂ ਬੱਚੇ ਨੂੰ ਚੰਗਾ ਜਾਂ ਬੁਰੇ ਦੀ ਕੁਝ ਸਿੱਖਿਆ ਦਿੱਤੀ ਜਾ ਸਕਦੀ ਹੈ।

ਛੇ ਸਾਲ ਦੀ ਉਮਰ ਤੋਂ ਲੈ ਕੇ ਕਿਸ਼ੋਰ ਅਵਸਥਾ ਆਉਣ ਤੋਂ ਤਕਰੀਬਨ ਪਹਿਲਾਂ ਤੱਕ ਬੱਚੇ ਉਸੇ ਤਰ੍ਹਾਂ ਦਾ ਆਚਰਣ ਦਿਖਾਉਣ ਦਾ ਯਤਨ ਕਰਦਾ ਹੈ, ਜਿਸ ਤਰ੍ਹਾਂ ਦਾ ਉਸਦੇ ਸਾਥੀਆਂ ਦਾ ਵਾਤਾਵਰਣ ਕਰਦਾ ਹੈ। ਦਸ ਜਾਂ ਬਾਰਾਂ ਸਾਲ ਦੀ ਉਮਰ ਤੱਕ ਬੱਚੇ ਨੈਤਿਕ ਨਿਯਮਾਂ ਤੇ ਕੁਝ-ਕੁਝ ਕਦਰਾਂ-ਕੀਮਤਾਂ ਨੂੰ ਸਮਝਣ ਲੱਗ ਪੈਂਦੇ ਹਨ ਪਰ ਜੇ ਇਹ ਕਹਿ ਦਈਏ ਕਿ ਉਹ ਨੈਤਿਕ ਕਦਰਾਂ-ਕੀਮਤਾਂ ਨੂੰ ਪੂਰਨ ਰੂਪ ਵਿਚ ਸਮਝਣ ਲੱਗ ਪਿਆ ਹੈ, ਇਹ ਠੀਕ ਨਹੀਂ ਹੋਵੇਗਾ। ਉਸ ਨੂੰ ਇਸ ਉਮਰ ਵਿਚ ਵੀ ਕੋਈ ਫੈਸਲਾ ਲੈਣ ਲਈ ਦੂਸਰਿਆਂ 'ਤੇ ਨਿਰਭਰ ਰਹਿਣਾ ਪੈਂਦਾ ਹੈ।

ਦਸ-ਬਾਰਾਂ ਸਾਲ ਦੀ ਉਮਰ ਤੋਂ ਬਾਅਦ ਜਿਉਂ-ਜਿਉਂ ਉਹ ਵੱਡਾ ਹੁੰਦਾ ਹੈ, ਉਹ ਨਿਆਂ ਤੇ ਆਦਰ ਕਰਨ ਨੂੰ ਸਮਝਣ ਲੱਗ ਪੈਂਦਾ ਹੈ। ਇਸ ਅਵਸਥਾ ਵਿਚ ਉਹ ਸਮਝਣ ਲੱਗ ਪੈਂਦਾ ਹੈ ਕਿ ਝੂਠ ਬੋਲਣਾ, ਦੂਸਰਿਆਂ ਦੀ ਨਿੰਦਿਆ ਚੁਗਲੀ ਕਰਨਾ, ਗਾਲ੍ਹਾਂ ਕੱਢਣਾ, ਕਾਇਰਤਾ ਦਿਖਾਉਣੀ, ਦੂਸਰਿਆਂ ਨੂੰ ਸਤਾਉਣਾ ਜਾਂ ਕਿਸੇ ਨੂੰ ਨੁਕਸਾਨ ਪਹੁੰਚਾਉਣਾ, ਸੱਜਣਾਂ-ਮਿੱਤਰਾਂ ਨੂੰ ਧੋਖਾ ਦੇਣਾ ਅਤੇ ਦੂਸਰਿਆਂ ਦੀਆਂ ਚੀਜ਼ਾਂ ਤੇ ਕਬਜ਼ਾ ਕਰਨਾ ਆਦਿ ਬੁਰਾ ਜਾਂ ਦੂਸਰੇ ਸ਼ਬਦਾਂ 'ਚ ਅਨੈਤਿਕ ਹੈ। ਆਖਿਰ ਇਸ ਅਵਸਥਾ 'ਚ ਪਹੁੰਚਦਿਆਂ ਉਹ ਸਮਝ ਜਾਂਦਾ ਹੈ ਕਿ ਝੂਠ ਬੋਲਣਾ, ਧੋਖਾ ਦੇਣਾ ਤੇ ਚੋਰੀ ਕਰਨਾ ਆਦਿ ਨੂੰ ਬੱਚੇ ਨਫ਼ਰਤ ਕਰਨ ਲੱਗ ਜਾਂਦੇ ਹਨ।

**(2) ਬੱਚਿਆਂ ਦੇ ਨੈਤਿਕ ਵਿਕਾਸ ਨੂੰ ਪ੍ਰਭਾਵਿਤ ਕਰਨ ਵਾਲੀਆਂ ਕੁਝ ਗੱਲਾਂ:-** ਬੱਚਿਆਂ ਦੇ ਨੈਤਿਕ ਵਿਕਾਸ 'ਤੇ ਉਨ੍ਹਾਂ ਦੇ ਵਾਤਾਵਰਣ ਦਾ ਬਹੁਤ ਪ੍ਰਭਾਵ ਪੈਂਦਾ ਹੈ। ਵਾਤਾਵਰਣ ਦੀਆਂ ਜਿਹਨਾਂ ਗੱਲਾਂ ਨਾਲ ਉਸ ਦਾ ਨੈਤਿਕ ਵਿਕਾਸ ਪ੍ਰਭਾਵਿਤ ਹੁੰਦਾ ਹੈ, ਉਹਨਾਂ ਵਿਚ ਕੁਝ ਜ਼ਿਆਦਾ ਮਹੱਤਵਪੂਰਨ ਗੱਲਾਂ ਵੱਲ ਨਿਮਨ-ਲਿਖਤ ਅਨੁਸਾਰ ਚਿੰਨਤ ਕੀਤਾ ਜਾ ਰਿਹਾ ਹੈ:-

ਪਰਿਵਾਰ- ਪਰਿਵਾਰ ਦੇ ਲੋਕਾਂ ਦਾ ਬੱਚਿਆਂ ਦੇ ਨੈਤਿਕ ਵਿਕਾਸ 'ਤੇ ਚਾਰ ਪ੍ਰਕਾਰ ਦਾ ਪ੍ਰਭਾਵ ਪੈਂਦਾ ਹੈ।

(ੳ) ਪਰਿਵਾਰ ਦਾ ਵਿਵਹਾਰ ਬੱਚਿਆਂ ਲਈ ਆਦਰਸ਼ ਰੂਪ ਹੁੰਦਾ ਹੈ, ਅਕਸਰ ਉਹ ਉਹੀ ਕਰਦਾ ਹੈ ਤੇ ਸਿੱਖਦਾ ਹੈ, ਜੋ ਪਰਿਵਾਰ ਦੇ ਮੈਂਬਰ ਕਰਦੇ ਹਨ।

(ਅ) ਇਨਾਮ, ਪ੍ਰਸ਼ੰਸਾ ਜਾਂ ਸਜਾ ਦੇ ਸਹਾਰੇ ਪਰਿਵਾਰ ਬੱਚਿਆਂ ਨੂੰ ਸਮਾਜਿਕ ਵਿਵਹਾਰ ਪ੍ਰਦਰਸ਼ਿਤ ਕਰਨ ਦੀ ਸਿੱਖਿਆ ਦਿੰਦਾ ਹੈ।

(ੲ) ਬੁਰੇ ਕੰਮਾਂ ਨੂੰ ਨਾ ਕਰਨ ਦੀ, ਪਰਿਵਾਰ ਬੱਚੇ ਨੂੰ ਕਈ ਵਾਰ ਸਖ਼ਤ ਸਜਾ ਦਿੰਦਾ ਹੈ ਕਿ ਉਹ ਬੁਰਾ ਕੰਮ ਨਾ ਕਰੇ।

(ਸ) ਚੰਗੇ ਕੰਮ ਕਰਨ ਲਈ ਪਰਿਵਾਰ ਬੱਚਿਆਂ ਨੂੰ ਕਈ ਪ੍ਰਕਾਰ ਦੀ ਪ੍ਰੇਰਨਾ ਦੇ ਸਕਦਾ ਹੈ। ਇਸੇ ਲਈ ਹੀ 'ਪਰਿਵਾਰ ਨੂੰ ਬੱਚੇ ਦੀ ਪਹਿਲੀ ਪਾਠਸ਼ਾਲਾ' ਕਿਹਾ ਜਾਂਦਾ ਹੈ।

ਆਮ ਤੌਰ 'ਤੇ ਬੱਚੇ ਆਪਣੇ ਪਰਿਵਾਰ ਦੇ ਵੱਡੇ ਲੋਕਾਂ ਜਿਸ ਤਰ੍ਹਾਂ ਉਸਦੇ ਮਾਤਾ-ਪਿਤਾ, ਚਾਚਾ-ਚਾਚੀ ਤੇ ਭੈਣ-ਭਰਾਵਾਂ ਦੇ ਵਿਵਹਾਰ ਨੂੰ ਆਦਰਸ਼ ਮੰਨਦਾ ਹੈ ਅਤੇ ਉਨ੍ਹਾਂ ਦੇ ਭੈੜੇ ਆਚਰਣ ਨੂੰ ਵੀ ਉਹ ਚੰਗਾ ਸਮਝਦਾ ਹੈ ਤੇ ਉਹ ਵੀ ਉਸੇ ਤਰ੍ਹਾਂ ਦਾ ਵਿਵਹਾਰ ਦਿਖਾਉਣ ਦਾ ਯਤਨ ਕਰਦਾ ਹੈ। ਮਾਤਾ-ਪਿਤਾ ਦੀ ਮਾੜੀ ਸਿਹਤ, ਉਹਨਾਂ ਦੀ ਮੰਦਬੁੱਧੀ, ਮਾੜੀ ਆਰਥਿਕ ਸਥਿਤੀ ਤੇ ਘਰ ਦੇ ਹੋਰ ਖਰਾਬ ਵਾਤਾਵਰਣ ਦਾ ਬੱਚਿਆਂ 'ਤੇ ਅਸਰ ਹੋ ਜਾਂਦਾ ਹੈ। ਘਰ ਦੇ ਭੈੜੇ ਵਾਤਾਵਰਣ ਨਾਲ ਬੱਚਿਆਂ ਦਾ ਵਿਕਾਸ ਗਲਤ ਦਿਸ਼ਾ ਵੱਲ ਜਾ ਸਕਦਾ ਹੈ ਅਤੇ ਅੱਗੇ ਆਪਣੇ ਜੀਵਨ 'ਚ ਚੱਲ ਕੇ ਉਹ ਸਮਾਜਿਕ ਬੁਰਾਈਆਂ ਵਿਚ ਫਸ ਸਕਦੇ ਹਨ। ਲੜਕੀਆਂ ਨੇ ਵਿਆਹ ਤੋਂ ਬਾਅਦ ਪਰਾਏ ਘਰ ਜਾਣਾ ਹੁੰਦਾ ਹੈ, ਅਜਿਹੇ ਹਾਲਾਤ ਵਿਚ ਲੜਕੀਆਂ ਦੇ ਨੈਤਿਕ ਵਿਕਾਸ 'ਤੇ ਘਰ ਦੇ ਭੈੜੇ ਵਾਤਾਵਰਣ ਦਾ ਲੜਕਿਆਂ ਦੇ ਮੁਕਾਬਲੇ ਜ਼ਿਆਦਾ ਅਸਰ ਹੁੰਦਾ ਹੈ।

ਅਪਰਾਧੀ ਲੜਕੀਆਂ ਦੇ ਆਪਣੇ ਅਧਿਐਨ 'ਚ 'ਫਰਨਵਰਡ' ਨੇ ਇਹ ਨਤੀਜਾ ਕੱਢਿਆ ਕਿ 87 ਪ੍ਰਤੀਸ਼ਤ ਬੱਚੀਆਂ ਉਨ੍ਹਾਂ ਘਰਾਂ ਦੀਆਂ ਹਨ, ਜਿਨ੍ਹਾਂ ਦੇ ਆਪਣੇ ਮਾਤਾ-ਪਿਤਾ ਦੀਆਂ ਆਦਤਾਂ ਬਹੁਤ ਖਰਾਬ ਸਨ। ਆਪਣੀ ਪ੍ਰਯੋਗਸ਼ਾਲਾ ਵਿਚ ਲਿਆਂਦੇ ਬੱਚਿਆਂ ਦਾ ਅਧਿਐਨ ਕਰਨ 'ਤੇ 'ਵੇਂਨਟਰ' ਤੇ 'ਬਲਨਚਰਡ' ਨੇ ਦੇਖਿਆ ਕਿ 90 ਪ੍ਰਤੀਸ਼ਤ ਬੱਚੇ ਉਨ੍ਹਾਂ ਪਰਿਵਾਰਾਂ ਦੇ ਹਨ, ਜਿਹਨਾਂ ਘਰਾਂ ਦਾ ਵਾਤਾਵਰਣ ਬਹੁਤ ਭੈੜਾ ਸੀ। ਜਦੋਂ ਬੱਚੇ ਸਕੂਲ ਜਾਣਾ ਸ਼ੁਰੂ ਕਰ ਦਿੰਦੇ ਹਨ ਤਾਂ ਦਿਨ ਦਾ ਕਾਫੀ ਸਮਾਂ, ਉਨ੍ਹਾਂ ਦਾ ਘਰੋਂ ਬਾਹਰ ਹੀ ਗੁਜ਼ਰ ਜਾਂਦਾ ਹੈ। ਇੱਥੇ ਉਹ ਆਪਣੇ ਮਾਤਾ-ਪਿਤਾ ਜਾਂ ਘਰ ਦੇ ਹੋਰ ਮੈਂਬਰਾਂ ਦੀ ਥਾਂ ਜ਼ਿਆਦਾ ਸਮਾਂ ਆਪਣੇ ਨਾਲ ਪੜ੍ਹਦੇ ਵਿਦਿਆਰਥੀਆਂ ਨਾਲ ਹੀ ਬਤੀਤ ਕਰਦਾ ਹੈ। ਇਹ ਗੱਲ ਬੜੀ ਦਰੁੱਸਤ ਹੈ ਕਿ ਇੱਥੇ ਹੁਣ



ਉਸ ਬੱਚੇ ਦੇ ਮਾਨਸਿਕ ਤੇ ਨੈਤਿਕ ਵਿਕਾਸ ਤੇ ਜ਼ਿਆਦਾ ਪ੍ਰਭਾਵ ਉਸ ਦੇ ਸਾਥੀਆਂ ਦਾ ਹੀ ਪੈਂਦਾ ਹੈ।

ਮਨੋਵਿਗਿਆਨਕ 'ਫਿੱਟ' ਨੇ ਆਪਣੇ ਅਧਿਐਨ 'ਚ ਇਹ ਦੇਖਿਆ ਕਿ ਨਰਸਰੀ ਸਕੂਲ ਦੇ ਬੱਚਿਆਂ ਦੇ ਨੈਤਿਕ ਵਿਵਹਾਰ 'ਤੇ ਵੀ ਉਨ੍ਹਾਂ ਦੇ ਸਾਥੀ ਬੱਚਿਆਂ ਦਾ ਪ੍ਰਭਾਵ ਵੀ ਪੈਂਦਾ ਹੈ। 'ਵਾਰਨਰ' ਨੇ ਅਪਰਾਧੀ ਬੱਚਿਆਂ 'ਤੇ ਆਪਣੇ ਕੀਤੇ ਅਧਿਐਨ ਦਾ ਇਹ ਸਿੱਟਾ ਕੱਢਿਆ ਹੈ ਕਿ ਸੌ ਪ੍ਰਤੀਸ਼ਤ ਅਪਰਾਧ ਬੁਰੇ ਸਾਥੀਆਂ ਦੁਆਰਾ ਪ੍ਰੇਰਿਤ ਹੁੰਦੇ ਹਨ।

**(3) ਪ੍ਰਤੀਯੋਗਤਾ:-** ਸਕੂਲ ਵਿਚ ਦਾਖਲਾ ਲੈ ਲੈਣ ਤੋਂ ਬਾਅਦ ਬੱਚੇ ਖੇਡਾਂ ਤੇ ਸਕੂਲ ਦੀ ਹੋਰ ਮਨੋਰੰਜਕ ਕਿਰਿਆਵਾਂ ਤੇ ਪ੍ਰਤੀਯੋਗਤਾਵਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੰਦੇ ਹਨ। ਇਹਨਾਂ ਪ੍ਰਤੀਯੋਗਤਾਵਾਂ ਵਿਚ ਖੇਡਦੇ ਸਮੇਂ ਨੈਤਿਕ ਸਿੱਖਿਆ ਦੇ ਬੜੇ ਮੌਕੇ ਮਿਲਦੇ ਹਨ। ਖੇਡਾਂ ਵਿਚ ਬੱਚਿਆਂ ਨੂੰ ਇਮਾਨਦਾਰ ਬਣਨ ਤੇ ਸਵਾਰਥ ਤਿਆਗਣ ਦੀ ਸਿੱਖਿਆ ਮਿਲਦੀ ਹੈ। ਖੇਡਾਂ ਵਿਚ ਜਿਹੜਾ ਬੱਚਾ ਖੇਡਾਂ ਦੇ ਨੈਤਿਕ ਨਿਯਮਾਂ ਦੀ ਉਲੰਘਣਾ ਕਰਦਾ ਹੈ, ਉਸ ਨੂੰ ਦੂਸਰੇ ਬੱਚੇ ਨਫ਼ਰਤ ਦੀ ਨਜ਼ਰ ਨਾਲ ਦੇਖਦੇ ਹਨ। ਆਖਿਰ ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਬੱਚਿਆਂ ਨੂੰ ਖੇਡਾਂ ਦੇ ਨੈਤਿਕ ਨਿਯਮਾਂ ਦੀ ਪਾਲਣਾ ਕਰਨੀ ਹੀ ਪੈਂਦਾ ਹੈ। ਜਿਹੜੇ ਖਿਡਾਰੀ ਕਿਸੇ ਗਲਤ ਤਰੀਕੇ ਨਾਲ ਜਿੱਤ ਪ੍ਰਾਪਤ ਕਰਨਾ ਚਾਹੁੰਦੇ ਹਨ, ਉਹਨਾਂ ਨੂੰ ਚੰਗੇ ਖਿਡਾਰੀ ਨਹੀਂ ਕਿਹਾ ਜਾਂਦਾ। ਜਿਹੜੇ ਖਿਡਾਰੀ ਜਿੱਤ ਦਾ ਸਾਰਾ ਸਿਹਰਾ ਆਪਣੇ ਸਿਰ ਲੈਣਾ ਚਾਹੁੰਦੇ ਹਨ ਤੇ ਦੂਸਰੇ ਖਿਡਾਰੀਆਂ ਨੂੰ ਆਪਣੀ ਖੇਡ ਦੀ ਕਲਾ-ਕੌਸ਼ਲਤਾ ਦਿਖਾਉਣ ਦਾ ਮੌਕਾ ਨਹੀਂ ਦਿੰਦੇ, ਉਹਨਾਂ ਦੀ ਨਿੰਦਾ ਕੀਤੀ ਜਾਂਦੀ ਹੈ। ਇਸ ਤਰ੍ਹਾਂ ਸਕੂਲਾਂ ਦੁਆਰਾ ਕਾਰਵਾਈਆਂ ਜਾਂਦੀਆਂ ਖੇਡਾਂ 'ਚੋਂ ਬਾਲਕ ਨੈਤਿਕ ਸਿੱਖਿਆ ਪ੍ਰਾਪਤ ਕਰਦਾ ਹੈ।

ਜਿਹਨਾਂ ਬੱਚਿਆਂ ਨੂੰ ਸਕੂਲਾਂ ਵਿਚ ਪ੍ਰਸ਼ਾਸਨ ਚਲਾਉਣ ਦੀ ਸਿੱਖਿਆ ਦਿੱਤੀ ਜਾਂਦੀ ਹੈ ਤੇ ਇਸ ਦਾ ਅਭਿਆਸ ਵੀ ਕਰਾਇਆ ਜਾਂਦਾ ਹੈ, ਉਹ ਬੱਚੇ ਪ੍ਰਸ਼ਾਸਨ ਦੀ ਸਿੱਖਿਆ ਦੇ ਨਾਲ-ਨਾਲ ਆਪਣੀ ਨੈਤਿਕਤਾ ਨੂੰ ਵੀ ਸਕੂਲ ਨਿਯਮਾਂ ਅਨੁਸਾਰ ਢਾਲ ਲੈਂਦੇ ਹਨ ਤੇ ਇਸ ਨਾਲ ਉਹਨਾਂ ਦਾ ਨੈਤਿਕ ਵਿਕਾਸ ਵੀ ਹੁੰਦਾ ਹੈ, ਕਿਉਂਕਿ ਇਸ ਨਾਲ ਪ੍ਰਬੰਧ ਕਰਨ ਦੀ ਯੋਗਤਾ ਤੇ ਦੂਸਰਿਆਂ ਦੀਆਂ ਸੁਵਿਧਾਵਾਂ ਦਾ ਖਿਆਲ ਰੱਖਣ ਦੀ ਸਿੱਖਿਆ ਵੀ ਮਿਲਦੀ ਹੈ। ਇਸ ਤਰ੍ਹਾਂ ਦੀਆਂ ਪ੍ਰਸਥਿਤੀਆਂ 'ਚ ਬਾਲਕ ਬਹੁਤ ਕੁਝ ਸਿੱਖਦੇ ਹਨ। ਅਧਿਆਪਕਾਂ ਦੇ ਆਚਰਣ ਤੇ ਵਿਵਹਾਰ ਬੱਚਿਆਂ ਦੇ ਨੈਤਿਕ ਵਿਕਾਸ 'ਚ ਬਹੁਤ ਹੀ ਸਹਾਈ ਹੁੰਦੇ ਹਨ।

**(4) ਪੁਸਤਕਾਂ:-** ਜਿਸ ਤਰ੍ਹਾਂ ਮਾਤਾ-ਪਿਤਾ ਤੇ ਅਧਿਆਪਕਾਂ ਦਾ ਬੱਚੇ ਦੇ ਨੈਤਿਕ ਵਿਕਾਸ 'ਤੇ ਪ੍ਰਭਾਵ ਪੈਂਦਾ ਹੈ, ਉਸੇ ਤਰ੍ਹਾਂ ਹੀ ਉਸ ਦੁਆਰਾ ਪੜ੍ਹੀਆਂ ਗਈਆਂ ਪੁਸਤਕਾਂ ਦਾ ਵੀ ਪ੍ਰਭਾਵ ਪੈਂਦਾ ਹੈ। ਛਪੀਆਂ ਹੋਈਆਂ ਗੱਲਾਂ ਦਾ ਬੱਚੇ 'ਤੇ ਬੜੀ ਜਲਦੀ ਪ੍ਰਭਾਵ ਪੈਂਦਾ ਹੈ। ਬੱਚਿਆਂ ਲਈ ਘਰ ਵਿਚ ਇਕ ਅੱਛੀ ਲਾਇਬ੍ਰੇਰੀ ਹੋਵੇ ਅਤੇ ਬਾਹਰ ਵੀ ਕਿਸੇ ਲਾਇਬ੍ਰੇਰੀ ਵਿਚੋਂ ਇਸ ਤਰ੍ਹਾਂ ਪੁਸਤਕਾਂ ਲੈ ਕੇ ਪੜ੍ਹਨ ਦੀ ਸਹੂਲਤ ਹੋਵੇ। ਮਹਾਂਪੁਰਖਾਂ ਦੀਆਂ ਜੀਵਨੀਆਂ ਬੱਚਿਆਂ ਨੂੰ ਬੜੀਆਂ ਰੋਚਕ ਵੀ ਲੱਗਦੀਆਂ ਹਨ ਤੇ ਬੱਚਿਆਂ ਲਈ ਪ੍ਰੇਰਨਾਦਾਇਕ ਵੀ ਹੁੰਦੀਆਂ ਹਨ। ਕਹਾਣੀਆਂ ਦੇ ਮਾਧਿਅਮ ਨਾਲ ਬੱਚਿਆਂ ਨੂੰ ਨੈਤਿਕਤਾ ਸਿਖਾਉਣਾ ਆਸਾਨ ਵੀ ਹੁੰਦਾ ਹੈ। ਸਾਨੂੰ ਚੰਗੀਆਂ ਰੋਚਿਕ, ਪ੍ਰੇਰਨਾਦਾਇਕ ਤੇ ਸਿੱਖਿਆਦਾਇਕ ਕਹਾਣੀਆਂ ਬੱਚਿਆਂ ਨੂੰ ਸੁਣਾਉਣੀਆਂ ਤੇ ਪੜ੍ਹਾਉਣੀਆਂ ਚਾਹੀਦੀਆਂ ਹਨ।

**(5) ਟੀ. ਵੀ., ਇੰਟਰਨੈਟ ਤੇ ਸਿਨੇਮਾ:-** ਮਨੋਵਿਗਿਆਨੀਆਂ ਨੇ ਇਹ ਜਾਣਨ ਦੀ ਇਕ ਵਿਸ਼ੇਸ਼ ਕੋਸ਼ਿਸ਼ ਕੀਤੀ ਹੈ ਕਿ ਬਾਲਕਾਂ ਦੇ ਨੈਤਿਕ ਵਿਕਾਸ 'ਤੇ ਟੀ. ਵੀ. ਅਤੇ ਸਿਨੇਮਾ ਦਾ ਕੀ ਪ੍ਰਭਾਵ ਪੈਂਦਾ ਹੈ? ਜਿਸ ਤਰ੍ਹਾਂ ਸਿਨੇਮਾ ਦੇ ਪਾਤਰਾਂ ਦੀ ਬਾਣੀ ਤੇ ਪਹਿਰਾਵੇ ਦਾ ਪ੍ਰਭਾਵ ਪੈਂਦਾ ਹੈ, ਉਸੇ ਤਰ੍ਹਾਂ ਹੀ ਬੱਚੇ ਦੇ ਨੈਤਿਕ ਵਿਵਹਾਰ 'ਤੇ ਵੀ ਪ੍ਰਭਾਵ ਪੈਂਦਾ ਹੈ। ਸਿਨੇਮਾ ਦਾ ਵਿਅਕਤੀ ਦੇ ਜੀਵਨ ਦ੍ਰਿਸ਼ਟੀਕੋਣ 'ਤੇ ਵੀ ਪ੍ਰਭਾਵ ਪੈਂਦਾ ਹੈ। ਉਸ ਨਾਲ ਧਨ ਇਕੱਠਾ ਕਰਨਾ ਤੇ ਆਪਣੇ ਵਿਅੱਕ-ਤਿਤਵ ਨੂੰ ਨਿਖਾਰਨ ਦੀ ਇੱਛਾ ਵੀ ਉਤਪੰਨ ਹੁੰਦੀ ਹੈ। ਸਿਨੇਮਾ ਨਾਲ ਬੱਚਿਆਂ ਦੀ ਪ੍ਰਵਿਰਤੀ ਅਪਰਾਧੀ ਜਗਤ ਵੱਲ ਵੀ ਜਾ ਸਕਦੀ ਹੈ। ਆਪਣੀ ਕਿਸ਼ੋਰ ਅਵਸਥਾ ਵਿਚ ਬੱਚਿਆਂ 'ਚ ਨਿਰਦੇਸ਼ਨਾਂ ਦੀ ਯੋਗਤਾ ਬੜੀ ਤੇਜ਼ ਹੁੰਦੀ ਹੈ। ਇਸ ਅਵਸਥਾ ਵਿਚ ਮਾਤਾ-ਪਿਤਾ ਤੇ ਅਧਿਆਪਕਾਂ ਨੂੰ ਬੱਚਿਆਂ 'ਤੇ ਵਿਸ਼ੇਸ਼ ਨਜ਼ਰ ਰੱਖਣੀ ਚਾਹੀਦੀ ਹੈ ਕਿ ਬੱਚੇ ਕਿਸ ਤਰ੍ਹਾਂ ਦੀਆਂ ਫਿਲਮਾਂ ਜਾਂ ਸੀਰੀਅਲ ਦੇਖਦੇ ਹਨ। ਇੰਟਰਨੈਟ ਤੇ ਕਈ ਵੈਬਸਾਈਟਾਂ ਬੱਚਿਆਂ ਨੂੰ ਅਸ਼ਲੀਲਤਾ ਪਰੋਸ ਰਹੀਆਂ ਹਨ ਜੋ ਬੱਚਿਆਂ ਲਈ ਇਕ ਕਿਸਮ ਦੀ ਜ਼ਹਿਰ ਹੀ ਹੈ। ਨੈਤਿਕਤਾ ਲਈ ਕੇਵਲ ਬੁੱਧੀ ਦੀ ਹੀ ਜ਼ਰੂਰਤ ਨਹੀਂ ਹੁੰਦੀ। ਬੱਚਿਆਂ ਨੂੰ ਨੈਤਿਕਤਾ ਸਿਖਾਉਣ ਲਈ ਬੁੱਧੀ ਦੀ ਜ਼ਰੂਰਤ ਨਹੀਂ ਹੁੰਦੀ ਕਿਉਂਕਿ ਕਿਸੇ ਚੰਗਿਆਈ ਜਾਂ ਬੁਰਿਆਈ ਦੀ ਪ੍ਰਸਥਿਤੀ ਸਮਝਾਉਣ ਲਈ ਹੀ ਬੁੱਧੀ ਦੀ ਜ਼ਰੂਰਤ ਹੁੰਦੀ ਹੈ। ਪ੍ਰੰਤੂ ਨੈਤਿਕਤਾ ਨੂੰ ਸਿਖਾਉਣ ਲਈ ਬਹੁਤ ਉੱਚ ਕੋਟੀ ਦੀ ਬੁੱਧੀ ਦੀ ਜ਼ਰੂਰਤ ਨਹੀਂ ਹੁੰਦੀ। ਇਕ ਸਧਾਰਨ ਬੁੱਧੀ ਵਾਲਾ ਵਿਅਕਤੀ ਵੀ ਬੜੀ ਸਰਲਤਾ ਨਾਲ ਇਸ ਨੂੰ ਬੱਚੇ ਦੇ ਖਾਨੇ ਵਿਚ ਪਾ ਸਕਦਾ ਹੈ। 'ਟਰਮਨ' ਨੂੰ ਕੋਈ ਇਕ ਹਜ਼ਾਰ ਬੱਚਿਆਂ ਦੇ ਅਧਿਐਨ ਕਰਨ ਨਾਲ ਇਹ ਗਿਆਨ ਹੋਇਆ ਕਿ ਇਹਨਾਂ ਵਿਚੋਂ 130 ਬੱਚੇ ਬੁੱਧੀਲੱਭਧਾ ਵਾਲੇ ਇਮਾਨਦਾਰੀ, ਸਚਾਈ ਤੇ ਹੋਰ ਇਸ ਦੇ ਬਰਾਬਰ ਨੈਤਿਕ ਗੁਣਾਂ ਵਾਲੇ, ਸਧਾਰਨ ਬੁੱਧੀ ਵਾਲੇ ਬੱਚਿਆਂ ਨਾਲੋਂ ਕਿਤੇ ਵੱਧ ਨੈਤਿਕਤਾ ਵਿਚ ਵਿਕਾਸ ਕਰ ਗਏ, ਹੋਏ ਸਨ।

'ਵਿਮਨ' ਦਾ ਕਥਨ ਹੈ ਕਿ ਬੁੱਧੀ ਨੈਤਿਕ ਵਿਕਾਸ ਦੇ ਨਾਲ-ਨਾਲ ਇਸ ਕਰਕੇ ਚੱਲਦੀ ਹੈ ਕਿਉਂਕਿ ਬੁੱਧੀਮਾਨ ਬੱਚੇ ਸਮਝਦੇ ਹਨ ਕਿ ਉਚਿਤ ਵਿਵਹਾਰ ਹੀ ਬੁੱਧੀਯੁਕਤ ਆਚਰਣ ਹੈ। ਬੁੱਧੀਮਾਨ ਬੱਚੇ ਇਸ ਲਈ ਵਧੀਆ ਨੈਤਿਕ ਵਿਵਹਾਰ ਦਿਖਾਉਂਦੇ ਹਨ, ਕਿਉਂਕਿ ਉਹ ਸੋਚਦੇ ਹਨ ਕਿ ਇਸ ਤਰ੍ਹਾਂ ਦਾ ਚੰਗਾ ਵਿਵਹਾਰ ਹੀ ਅੱਗੇ ਜਾ ਕੇ ਉਨ੍ਹਾਂ ਨੂੰ ਚੰਗੀ ਸਫਲਤਾ ਜਾਂ ਕੋਈ ਚੰਗਾ ਨਤੀਜਾ ਦੇਵੇਗਾ। ਇਕ ਬੁੱਧੀਮਾਨ ਬੱਚਾ ਅਤੇ ਵਿਅਕਤੀ ਇਹ ਜਲਦੀ ਸਮਝ ਲੈਂਦਾ ਹੈ ਕਿ ਜੀਵਨ ਵਿਚ ਉਹ ਜੋ ਕੁਝ ਵੀ ਪ੍ਰਾਪਤ ਕਰਨਾ ਚਾਹੁੰਦਾ ਹੈ, ਉਹ ਬੇਈਮਾਨੀ ਤੇ ਧੋਖੇ ਨਾਲ ਨਹੀਂ ਸਗੋਂ ਇਮਾਨਦਾਰੀ ਤੇ ਸਚਾਈ ਦੇ ਸਹਾਰੇ ਬੜੀ ਆਸਾਨੀ ਨਾਲ ਪ੍ਰਾਪਤ ਕਰ ਸਕਦਾ ਹੈ।

**(6) ਸ਼ਰਾਰਤਾਂ:-** ਕਈ ਬੱਚੇ ਆਪਣੇ ਮਨ ਵਿਚ ਇਹ ਧਾਰਨਾ ਬਣਾ ਲੈਂਦੇ ਹਨ ਕਿ ਸ਼ਰਾਰਤਾਂ ਕਰਨ ਨਾਲ ਉਹ ਦੂਸਰਿਆਂ ਦਾ ਧਿਆਨ ਆਪਣੇ ਵੱਲ ਜਲਦੀ ਆਕਰਸ਼ਿਤ ਕਰ ਸਕਦੇ ਹਨ। ਇਨ੍ਹਾਂ ਸ਼ਰਾਰਤਾਂ ਬਦਲੇ ਉਹ ਸਜਾ ਪਾਉਣ ਦੇ ਉਪਰੰਤ ਵੀ ਆਪਣੀਆਂ ਸ਼ਰਾਰਤਾਂ ਜਲਦੀ ਨਹੀਂ ਛੱਡਦੇ ਕਿਉਂਕਿ ਦੂਸਰਿਆਂ ਦਾ ਧਿਆਨ ਆਪਣੇ ਵੱਲ ਖਿੱਚਣ ਵਿਚ ਉਨ੍ਹਾਂ ਨੂੰ ਕਿਸੇ ਵਿਸ਼ੇਸ਼ ਆਨੰਦ ਦੀ ਪ੍ਰਾਪਤੀ ਹੁੰਦੀ ਹੈ।

ਕੁਝ ਵੱਡੇ ਬੱਚਿਆਂ ਦਾ ਸਮੂਹ ਸ਼ਰਾਰਤਾਂ ਕਰਨ ਨਾਲ ਕਿਸੇ ਵਿਸ਼ੇਸ਼ ਆਨੰਦ ਨੂੰ ਅਨੁਭਵ ਕਰਦਾ ਹੈ। ਦੂਸਰਿਆਂ ਨੂੰ ਚਿੜਾਉਣਾ, ਕਿਸੇ ਦੇ ਦਰਵਾਜ਼ੇ ਦੀ ਘੰਟੀ ਵਜਾਉਣੀ, ਚੁੱਪ ਕਰਕੇ ਕਿਸੇ ਦੇ ਸਾਈਕਲ ਜਾਂ ਮੋਟਰ ਸਾਈਕਲ ਦੇ ਟਾਇਰਾਂ ਦੀ ਹਵਾ ਕੱਢ ਦੇਣੀ, ਸੜਕਾਂ, ਦੀਵਾਰਾਂ ਤੇ ਰਸਤਿਆਂ ਤੇ ਮਨਮਾਨੀਆਂ ਤਸਵੀਰਾਂ ਬਣਾਉਣਾ ਜਾਂ ਕੁਝ ਊਲ-ਜਲੂਲ ਲਿਖ ਦੇਣ ਦਾ ਸਮੁੱਚੇ ਸਮੂਹ ਦਾ ਹਰ ਵਿਅਕਤੀ ਆਨੰਦ ਲੈਂਦਾ ਹੈ ਕਿਉਂਕਿ ਉਹ ਸਮਝਦਾ ਹੈ ਕਿ ਉਹ ਇਹਨਾਂ ਪ੍ਰਸਥਿਤੀਆਂ ਦਾ ਸਵਾਮੀ ਹੈ। ਸਕੂਲ ਵਿਚ ਦੂਸਰੇ ਸਾਥੀਆਂ ਨਾਲ ਕਾਨਾਫੂਸੀ ਕਰਨਾ, ਇੱਧਰ-ਉਧਰ ਕਾਗਜ਼ ਦੇ ਟੁਕੜੇ ਭੇਜਣਾ ਤੇ ਦੂਸਰੇ ਬੱਚਿਆਂ ਨੂੰ ਤੰਗ ਕਰਨ ਤੋਂ ਬਾਅਦ ਸਜਾ ਪਾਉਣ ਤੋਂ ਬਾਅਦ ਵੀ ਕੁਝ ਬੱਚਿਆਂ ਨੂੰ ਇਸ 'ਚੋਂ ਆਨੰਦ ਪ੍ਰਾਪਤ ਹੁੰਦਾ ਹੈ ਕਿਉਂਕਿ ਉਹ ਸਮਝਦੇ ਹਨ ਕਿ ਉਹ ਦੂਸਰਿਆਂ ਦਾ ਧਿਆਨ ਆਪਣੇ ਵੱਲ ਖਿੱਚਣ 'ਚ ਸਫਲ ਹਨ।

ਕੁਝ ਵਿਅਕਤੀਆਂ ਦੇ ਵਿਵਹਾਰ 'ਚ ਸਾਰੇ ਬਚਪਨ 'ਚ ਹੀ ਸ਼ਰਾਰਤਾਂ ਦੇਖਣ ਨੂੰ ਮਿਲਦੀਆਂ ਹਨ। ਬਚਪਨ ਵਿਚ ਬਾਲਕ ਮਾਤਾ-ਪਿਤਾ ਦੇ ਕੰਟਰੋਲ 'ਚੋਂ ਥੋੜ੍ਹਾ ਨਿਕਲਕੇ, ਬਾਹਰਲੇ ਆਪਣੇ ਸਾਥੀਆਂ ਦੇ ਸਮੂਹ ਦੇ ਵੱਸ ਵਿਚ ਆ ਜਾਂਦਾ ਹੈ। ਇਹ ਕੁਦਰਤੀ ਹੈ ਕਿ ਆਪਣੇ ਸਾਥੀਆਂ ਦੀ ਢਾਣੀ 'ਚ ਆ ਕੇ ਉਸ ਵਿਚ ਸ਼ਰਾਰਤਾਂ ਪੈਦਾ ਹੋ ਜਾਂਦੀਆਂ ਹਨ। ਇਨ੍ਹਾਂ ਪ੍ਰਸਥਿਤੀਆਂ ਵਿਚ ਆ ਕੇ ਮਾਤਾ-ਪਿਤਾ ਤੇ ਅਧਿਆਪਕਾਂ ਨੂੰ ਘਬਰਾਹਟ ਵਿਚ ਆਉਣਾ ਠੀਕ ਨਹੀਂ ਹੈ।

ਘਰ 'ਚ ਕਰਨ ਵਾਲੀਆਂ ਸ਼ਰਾਰਤਾਂ 'ਚ ਬਿਸਤਰੇ 'ਤੇ ਪਿਸ਼ਾਬ ਕਰ ਦੇਣਾ, ਉੱਚੀ-ਉੱਚੀ ਰੌਲ਼ਾ ਪਾਉਣਾ, ਦੂਸਰਿਆਂ ਬੱਚਿਆਂ ਨੂੰ ਕੁੱਟ ਦੇਣਾ, ਮਟਰਗਸ਼ਤੀ ਕਰਨਾ, ਕਹਿਣਾ ਨਾ ਮੰਨਣਾ, ਕਿਸੇ ਵੀ ਨਿਯਮ ਨੂੰ ਨਾ ਮੰਨਣਾ, ਝੂਠ ਬੋਲਣਾ ਤੇ ਚੋਰੀ ਕਰਨਾ ਆਦਿ ਹਨ। ਇਹ ਸਾਰੀਆਂ ਸ਼ਰਾਰਤਾਂ ਬੱਚਿਆਂ ਵਿਚ ਉਹਨਾਂ ਦੀ ਕੱਚੀ ਤੇ ਨਾਸਮਝਦਾਰੀ ਵਾਲੀ ਸੋਚ ਦੀਆਂ ਸੂਚਕ ਹਨ। ਇਹ ਸ਼ਰਾਰਤਾਂ ਮਨੋਵਿਗਿਆਨਕ ਤਰੀਕੇ ਨਾਲ ਤੇ ਮਾਤਾ-ਪਿਤਾ ਦੇ ਚੰਗੇ ਵਿਵਹਾਰ ਨਾਲ ਕਿਸੇ ਖਾਸ ਹੱਦ ਤੱਕ ਠੀਕ ਹੋ ਜਾਂਦੀਆਂ ਹਨ।

ਅਕਸਰ ਗਿਆਰਾਂ ਤੋਂ ਚੌਦਾਂ ਸਾਲ ਦੀ ਉਮਰ ਤੱਕ ਦੇ ਬੱਚਿਆਂ 'ਚ ਸਵਾਰਥਤਾ ਤੇ ਉੱਤਰਦਾਇਤਵ ਤੋਂ ਭੱਜਣਾ ਦੇਖਿਆ ਜਾ ਸਕਦਾ ਹੈ। ਇਸ ਅਵਸਥਾ ਵਿਚ ਉਨ੍ਹਾਂ ਨੂੰ ਆਪਣੇ ਵਿਅੱਕਤਿਤਵ ਦੀ ਸਥਾਪਨਾ ਕਰਨ ਦੀ ਕੁਝ ਚਿੰਤਾ ਹੋ ਜਾਂਦੀ ਹੈ ਤੇ ਕਈ ਵਾਰ ਉਹ ਇਸ ਵਿਚ ਕਿਸੇ ਦੂਸਰੇ ਦੀ ਦਖਲਅੰਦਾਜ਼ੀ ਦਾ ਵਿਰੋਧ ਵੀ ਕਰਦੇ ਹਨ।

**(7) ਬੱਚਿਆਂ ਦੇ ਝੂਠ :-** ਬੱਚਿਆਂ ਦੇ ਸ਼ਰਾਰਤਾਂ ਬਦਲੇ 'ਝੂਠ ਬੋਲਣ' ਦਾ ਮਨੋਵਿਗਿਆਨਕਾਂ ਨੇ ਵਿਸ਼ੇਸ਼ ਅਧਿਐਨ ਕੀਤਾ ਹੈ। 'ਲੇਨਾਰਡ' ਨੇ ਬੱਚਿਆਂ ਦੇ 700 ਝੂਠ ਬੋਲਣ ਦਾ ਅਧਿਐਨ ਕੀਤਾ ਹੈ। ਉਸ ਨੇ ਇਸ ਵਿਚ ਇਹ ਦੇਖਿਆ ਹੈ ਕਿ ਉਨ੍ਹਾਂ 'ਚ 68 ਪ੍ਰਤੀਸ਼ਤ ਬੱਚਿਆਂ ਨੇ ਝੂਠ ਬੋਲਣ ਬਦਲੇ ਮਿਲਣ ਵਾਲੀ ਸਜਾ ਤੋਂ ਡਰਦਿਆਂ ਝੂਠ ਬੋਲਿਆ ਹੈ। ਉਨ੍ਹਾਂ 'ਚ 12 ਪ੍ਰਤੀਸ਼ਤ ਬੱਚਿਆਂ ਦੀ ਕਲਪਨਾ 'ਤੇ ਆਧਾਰਿਤ ਕਾਰਨ ਤੇ 20 ਪ੍ਰਤੀਸ਼ਤ ਬੱਚਿਆਂ ਨੇ ਜਾਣ-ਬੁੱਝ ਕੇ ਤੇ ਧੋਖਾ ਦੇਣ ਦੀ ਨੀਅਤ ਨਾਲ ਝੂਠ ਬੋਲਿਆ ਹੈ।

ਕੁਝ ਲੜਕੇ ਅਤੇ ਲੜਕੀਆਂ ਦੂਸਰਿਆਂ ਨੂੰ ਸਜਾ ਦੇਣ ਦੀ ਨੀਅਤ ਨਾਲ ਦੋਸ਼ੀ ਠਹਿਰਾਉਂਦੇ ਹਨ। ਲੜਕੇ ਝੂਠ ਬੋਲ ਕੇ ਸਜਾ ਤੋਂ ਬਚ ਜਾਣ 'ਚ ਬਹਾਦਰੀ ਸਮਝਦੇ ਹਨ ਤੇ ਜਦੋਂ ਕਿ ਕੁਝ ਬਾਲਗ ਲੋਕ ਸ਼ੇਖੀ ਮਾਰਨ ਲਈ ਝੂਠ ਮਾਰਦੇ ਹਨ। ਮਨੋਵਿਗਿਆਨੀਆਂ ਨੇ ਆਪਣੇ ਅਧਿਐਨ 'ਚ ਦੇਖਿਆ ਹੈ ਕਿ ਕੁਝ ਝੂਠ ਬੋਲਣ ਵਾਲੇ ਬੱਚੇ ਅਜਿਹੀ ਪ੍ਰਸਥਿਤੀਆਂ ਵਾਲੇ ਘਰਾਂ 'ਚੋਂ ਆਉਂਦੇ ਹਨ, ਜਿੱਥੇ ਉਨ੍ਹਾਂ ਨੂੰ ਕੋਈ ਪਿਆਰ ਨਹੀਂ ਕਰਦਾ ਤੇ ਸਕੂਲਾਂ 'ਚ ਉਨ੍ਹਾਂ ਨੂੰ ਸਥਾਪਤ ਨਿਯਮਾਂ ਦਾ ਪਾਲਣ ਕਰਨਾ ਪੈਂਦਾ ਹੈ। ਇਹਨਾਂ ਬੱਚਿਆਂ ਦੀਆਂ ਮਾਵਾਂ ਦੇ ਅਧਿਐਨ ਤੋਂ ਇਹ ਜਾਣਕਾਰੀ ਮਿਲੀ ਕਿ ਉਨ੍ਹਾਂ 'ਚ 67 ਪ੍ਰਤੀਸ਼ਤ ਮਾਵਾਂ ਆਪਣੇ ਬਚਪਨ ਵਿਚ ਬਹੁਤ ਝੂਠ ਬੋਲਦੀਆਂ ਸਨ।

**(8) ਬੇਈਮਾਨੀ :-** ਬੱਚਿਆਂ ਦੀ ਬੇਈਮਾਨੀ ਦੇ ਸਬੰਧ 'ਚ 'ਹਰਟਸ਼ੋਨ' ਤੇ 'ਮੇ' ਨੇ ਕੋਈ ਗਿਆਰਾਂ ਹਜ਼ਾਰ ਬੱਚਿਆਂ ਦਾ ਪ੍ਰੀਖਿਅਕ ਵਿਧੀ ਨਾਲ ਅਧਿਐਨ ਕੀਤਾ। ਆਪਣੇ ਇਸ ਅਧਿਐਨ ਦਾ ਉਹਨਾਂ ਨੇ ਇਹ ਨਤੀਜਾ ਕੱਢਿਆ ਕਿ ਧੋਖਾ ਦੇਣ 'ਚ ਲਿੰਗ ਭੇਦ ਦਾ ਵਿਸ਼ੇਸ਼ ਉਲੇਖ ਨਹੀਂ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਵੱਡੇ ਬੱਚੇ, ਛੋਟੇ ਬੱਚਿਆਂ ਦੀ ਤੁਲਨਾ ਵਿਚ ਜ਼ਿਆਦਾ ਧੋਖਾ ਦਿੰਦੇ ਹਨ।

ਉੱਚੀ ਸਮਾਜਿਕ ਤੇ ਆਰਥਿਕ ਸਥਿਤੀ ਵਾਲੇ ਬੱਚੇ, ਨਿਮਨ ਸਮਾਜਿਕ ਤੇ ਆਰਥਿਕ ਸਥਿਤੀ ਵਾਲੇ ਬੱਚਿਆਂ ਦੀ ਤੁਲਨਾ 'ਚ ਘੱਟ ਧੋਖਾ ਦਿੰਦੇ ਹਨ। ਇਮਾਨਦਾਰੀ ਤੇ ਬੇਈਮਾਨੀ ਬਹੁਤ ਹੱਦ ਤੱਕ ਪ੍ਰਸਥਿਤੀ ਵਿਸ਼ੇਸ਼ ਤੇ ਬੱਚਿਆਂ ਦੇ ਖਾਸ ਉਦੇਸ਼ 'ਤੇ ਨਿਰਭਰ ਕਰਦੀ ਹੈ, ਨਾ ਕਿ ਕਿਸੇ ਸਮਾਨ ਨੈਤਿਕ ਗੁਣ ਤੇ ਨਿਰਭਰ ਕਰਦੀ ਹੈ। ਦੂਸਰੇ ਸ਼ਬਦਾਂ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਕਿਸੇ ਇਕ ਪ੍ਰਸਥਿਤੀ 'ਚ ਬਾਲਕ ਇਮਾਨਦਾਰ ਹੋ ਸਕਦਾ ਹੈ ਤੇ ਦੂਸਰੀ ਪ੍ਰਸਥਿਤੀ 'ਚ ਬੇਈਮਾਨ ਹੋ ਸਕਦਾ ਹੈ ਤੇ ਕਿਸੇ ਖਾਸ ਪ੍ਰਸਥਿਤੀ 'ਚ ਉਸਦੀ ਬੇਈਮਾਨੀ ਦਾ ਲਕਸ਼ ਦੇਖਦੇ ਹੋਏ ਵੀ ਉਸ ਨੂੰ ਇਮਾਨਦਾਰ ਕਿਹਾ ਜਾ ਸਕਦਾ ਹੈ ਅਤੇ ਦੂਸਰੀ ਪ੍ਰਸਥਿਤੀ ਵਿਚ ਉਸ ਦੀ ਰੁਚੀ ਅਨੁਸਾਰ ਉਸ ਨੂੰ ਬੇਈਮਾਨ ਕਿਹਾ ਜਾ ਸਕਦਾ ਹੈ।

(ਚਲਦਾ)

# ਹੁਕਮਰਾਨ ਹੋਣ ਦਾ ਮਤਲਬ ਕੀ ਹੁੰਦਾ ਹੈ?



ਦਰਸ਼ਨ ਸਿੰਘ ਬਾਜਵਾ
(91-98783-83053)

ਰਾਜਾ ਤੇ ਪਰਜਾ ਬਾਰੇ ਅਸੀਂ ਲੰਬੇ ਸਮੇਂ ਤੋਂ ਕਹਾਣੀਆਂ ਵਿੱਚ ਸੁਣਦੇ ਆਏ ਹਾਂ। ਰਾਜਾ ਚੰਗਾ ਤੇ ਨੇਕ ਦਿਲ ਹੋਵੇ ਤਾਂ ਪਰਜਾ ਸੁਖ ਦੀ ਨੀਂਦ ਸੌਂਦੀ ਹੈ ਅਤੇ ਜੇਕਰ ਰਾਜਾ ਬੇਈਮਾਨ ਹੋਵੇ ਤਾਂ ਪਰਜਾ ਦੁਖੀ ਰਹਿੰਦੀ ਹੈ। ਰਾਜਾਸ਼ਾਹੀ ਵਿੱਚ ਪਰਜਾ ਕੋਲ਼ ਰਾਜੇ ਦਾ ਕੋਈ ਬਦਲ ਨਹੀਂ ਹੁੰਦਾ। ਕਿੱਸੇ ਕਹਾਣੀਆਂ ਵਿੱਚ ਅਜਿਹਾ ਜ਼ਰੂਰ ਹੋ ਜਾਂਦਾ ਹੈ ਕਿ ਕਿਸੇ ਰਾਜੇ ਦੇ ਬੇਔਲਾਦ ਮਰ ਜਾਣ 'ਤੇ ਰਾਜਧਾਨੀ ਦੇ ਦਰਵਾਜੇ ਅੰਦਰ ਸਭ ਤੋਂ ਪਹਿਲਾਂ ਪ੍ਰਵੇਸ਼ ਕਰਨ ਵਾਲ਼ਾ ਕੋਈ ਗ਼ਰੀਬ ਸਾਧੂ ਵੀ ਰਾਜਾ ਬਣ ਗਿਆ। ਅਸਲੀਅਤ ਵਿੱਚ ਅਜਿਹਾ ਕਦੇ ਵੀ ਨਹੀਂ ਹੁੰਦਾ। ਰਾਜ-ਭਾਗ ਪ੍ਰਾਪਤ ਕਰਨ ਲਈ ਖ਼ੂਨ-ਪਸੀਨਾ ਵਹਾਉਣਾ ਪੈਂਦਾ ਹੈ। ਫਿਰ ਵੀ ਕੋਈ ਇੱਕ ਅੱਧਾ ਬਾਗ਼ੀ ਵਿਅਕਤੀ ਬਗ਼ਾਵਤ ਕਰਕੇ ਰਾਜੇ ਨੂੰ ਮਾਰ ਕੇ ਖ਼ੁਦ ਰਾਜ ਸੰਭਾਲ਼ ਸਕਦਾ ਹੈ। ਅਜਿਹਾ ਬਹੁਤੀ ਵਾਰ ਨਹੀਂ ਹੁੰਦਾ। ਬਹੁਤੀ ਵਾਰ ਬਾਗ਼ੀਆਂ ਨੂੰ ਆਪਣੀ ਜਾਨ ਤੋਂ ਹੱਥ ਵੀ ਧੋਣੇ ਪੈਂਦੇ ਹਨ। ਇੱਕ ਪੁਰਾਣੀ ਕਹਾਵਤ ਹੈ ਕਿ 'ਬਾਗ਼ੀ ਨੂੰ ਜਾਂ ਤਾਂ ਤਖ਼ਤ ਮਿਲ਼ਦਾ ਹੈ ਜਾਂ ਤਖਤਾ'। ਭਾਵ ਜਾਂ ਤਾਂ ਉਹ ਆਪਣੀਆਂ ਕੋਸ਼ਿਸ਼ਾਂ ਸਦਕਾ ਤਖ਼ਤ ਨੂੰ ਹਾਸਲ ਕਰ ਲੈਂਦਾ ਹੈ ਜਾਂ ਫਿਰ ਹਾਰ ਜਾਣ ਦੀ ਸਥਿਤੀ ਵਿੱਚ ਉਸ ਨੂੰ ਫਾਂਸੀ ਦੇ ਤਖਤੇ 'ਤੇ ਚੜ੍ਹਨਾ ਪੈਂਦਾ ਹੈ। ਕਿਸੇ ਰਾਜੇ ਨੂੰ ਹਰਾਉਣ ਵਾਲ਼ਾ ਅਕਸਰ ਕੋਈ ਰਾਜਾ ਹੀ ਹੁੰਦਾ ਹੈ। ਹਾਰਨ ਵਾਲ਼ੇ ਤੋਂ ਵੱਡੀ ਤਾਕਤ ਵਾਲ਼ਾ ਕੋਈ ਹੋਰ ਰਾਜਾ। ਕਦੇ-ਕਦਾਈਂ ਕਿਸੇ ਰਾਜੇ ਦੇ ਆਪਣੇ ਨਜ਼ਦੀਕੀ ਰਿਸ਼ਤੇਦਾਰ ਜਾਂ ਜਰਨੈਲ ਵਗੈਰਾ ਹੀ ਤਾਕਤ ਨਾਲ਼ ਰਾਜ ਖੋਂਹਦੇ ਰਹੇ ਹਨ। ਜਿਸ ਕਿਸੇ ਰਾਜੇ ਦਾ ਰਾਜ ਕਿਸੇ ਕਾਰਨ ਖੁੱਸ ਜਾਂਦਾ ਸੀ ਉਹ ਦਰ ਦਰ ਦਾ ਭਿਖਾਰੀ ਭਾਵੇਂ ਨਾ ਬਣੇ ਪਰ ਉਸਨੂੰ ਰਾਜ ਖੁੱਸਣ ਦਾ ਗ਼ਮ ਹੀ ਮਰਨ ਲਈ ਮਜ਼ਬੂਰ ਕਰ ਦਿੰਦਾ ਸੀ। ਇਸ ਲਈ ਹੁਕਮਰਾਨੀ ਦਾ ਪਟਾ ਹਾਸਲ ਕਰਨ ਜਾਂ ਹਮੇਸ਼ਾ ਲਈ ਆਪਣੇ ਕੋਲ਼ ਰੱਖਣ ਲਈ ਕਈਆਂ ਨੇ ਦੇਸ਼ ਦੇ ਵੀ ਸੌਦੇ ਕਰ ਦਿੱਤੇ। ਜਿਵੇਂ ਗੰਧਾਰ ਦੇ ਰਾਜਾ ਆਂਬਰਿਕ (ਅੰਭੀ) ਨੇ ਵਿਦੇਸ਼ੀ ਹਮਲਾਵਰ ਸਿਕੰਦਰ ਨਾਲ਼ ਸਾਂਝ ਪਾਈ। ਜੈ ਚੰਦ ਨੇ ਮੁਹੰਮਦ ਗੌਰੀ ਨੂੰ ਪ੍ਰਿਥਵੀ ਰਾਜ ਚੌਹਾਨ 'ਤੇ ਹਮਲਾ ਕਰਨ ਲਈ ਸੱਦਾ ਭੇਜਿਆ। ਬੰਗਾਲ ਦੇ ਮੀਰ ਜਾਫ਼ਰ ਨੇ ਹੁਕਮਰਾਨ ਬਣਨ ਲਈ ਆਪਣੇ ਰਿਸ਼ਤੇਦਾਰ ਨਵਾਬ ਸਿਰਾਜੂ ਦੌਲਾ ਨਾਲ਼ ਹੀ ਗਦਾਰੀ ਕਰ ਲਈ। ਇਸ ਲਈ 1757 ਵਿੱਚ ਹੋਣ ਵਾਲ਼ੀ ਪਲਾਸੀ ਦੀ ਲੜਾਈ ਵਿੱਚ ਅੰਗਰੇਜ਼ਾਂ ਦੀ ਜਿੱਤ ਹੋਈ।

ਫਿਰ ਸਿਆਣਿਆਂ ਨੇ ਤੈਅ ਕਰ ਲਿਆ ਕਿ ਮਰਨ-ਮਾਰਨ ਦੀ ਬਜਾਏ ਲੋਕਾਂ ਦੀ ਰਾਏ ਨਾਲ਼ ਹੀ ਰਾਜੇ ਦੀ ਚੋਣ ਕੀਤੀ ਜਾਵੇ। ਇਸ ਢੰਗ ਨੂੰ ਲੋਕਤੰਤਰੀ ਪ੍ਰਣਾਲ਼ੀ ਕਿਹਾ ਜਾਂਦਾ ਹੈ। ਕੁੱਝ ਕੁ ਦੇਸ਼ਾਂ ਵਿੱਚ ਅਜੇ ਵੀ ਬਾਦਸ਼ਾਹਤ ਹੈ ਜੋ ਜੱਦੀ-ਪੁਸ਼ਤੀ ਹੈ ਅਤੇ ਕੁੱਝ ਕੁ ਵਿੱਚ ਤਾਨਾਸ਼ਾਹੀ ਹੈ। ਇਹਨਾਂ ਦੇਸ਼ਾਂ ਨੂੰ ਛੱਡ ਕੇ ਦੁਨੀਆਂ ਦੇ ਬਹੁਤੇ ਦੇਸ਼ਾਂ ਨੇ ਲੋਕਤੰਤਰੀ ਪ੍ਰਣਾਲ਼ੀ ਨੂੰ ਮਾਨਤਾ ਦੇ ਦਿੱਤੀ ਹੈ। ਰਾਜ ਪ੍ਰਾਪਤ ਕਰਨ ਦਾ ਢੰਗ-ਤਰੀਕਾ ਭਾਵੇਂ ਕੋਈ ਵੀ ਹੋਵੇ ਇਸ ਦਾ ਮਕਸਦ ਤਖਤ ਦੇ ਹੁਕਮਰਾਨ ਦੀ ਚੋਣ ਕਰਨਾ ਹੁੰਦਾ ਹੈ। ਸੰਤਗੁਰੂ ਰਵਿਦਾਸ ਜੀ ਅਤੇ ਗੁਰੂ ਗੋਬਿੰਦ ਸਿੰਘ ਵਰਗੇ ਮਹਾਂਪੁਰਸ਼ਾਂ ਨੇ ਜਿੱਥੇ ਧਾਰਮਿਕ ਪ੍ਰਚਾਰ ਕੀਤਾ ਹੈ ਉੱਥੇ ਰਾਜ-ਭਾਗ ਬਾਰੇ ਵੀ ਗੱਲ ਕੀਤੀ ਹੈ। ਸੰਤਗੁਰੂ ਰਵਿਦਾਸ ਜੀ ਆਪਣੀ ਬਾਣੀ ਵਿੱਚ ਲਿਖਦੇ ਹਨ :-

ਐਸਾ ਚਾਹੂੰ ਰਾਜ ਮੈਂ ਜਹਾਂ ਮਿਲੈ ਸਭਨੁ ਕੋ ਅੰਨੁ॥
ਛੋਟ ਬੜੇ ਸਭ ਸਮ ਵਸੈਂ ਰਵਿਦਾਸ ਰਹੇ ਪ੍ਰਸੰਨੁ॥

ਸਿੱਖ ਵਿਚਾਰਧਾਰਾ ਇਸ ਤੋਂ ਕੋਈ ਵੱਖਰੀ ਨਹੀਂ ਹੈ। ਇਸ ਤਰ੍ਹਾਂ ਹੀ ਗੁਰੂ ਗੋਬਿੰਦ ਸਿੰਘ ਜੀ ਆਖਦੇ ਹਨ:-

ਰਾਜ ਬਿਨਾ ਨਹ ਧਰਮ ਚਲੇ ਹੈ॥
ਧਰਮ ਬਿਨਾ ਸਭ ਦਲੇ ਮਲੇ ਹੈ॥

ਗੁਰੂ ਗੋਬਿੰਦ ਸਿੰਘ ਜੀ ਜਾਣਦੇ ਸਨ ਕਿ ਆਪਣਾ ਧਰਮ ਚਲਾਉਣ ਅਤੇ ਦੁਨੀਆਂ ਵਿੱਚ ਫੈਲਾਉਣ ਲਈ ਵੀ ਰਾਜਸੀ ਤਾਕਤ ਦੇ ਸਹਿਯੋਗ ਦੀ ਜ਼ਰੂਰਤ ਪੈਂਦੀ ਹੈ। ਇਸ ਲਈ ਉਹਨਾਂ ਨੇ ਰਾਜਸੀ ਤਾਕਤ ਨੂੰ ਆਪਣੇ ਪੱਖ ਵਿੱਚ ਕਰਨ ਲਈ ਔਰੰਗਜ਼ੇਬ ਦੀ ਮੌਤ ਪਿੱਛੋਂ ਉਸ ਦੇ ਪੁੱਤਰ ਮੁਅੱਜਮ (ਜੋ ਬਾਅਦ ਵਿੱਚ ਬਹਾਦਰ ਸ਼ਾਹ ਨਾਂਅ ਨਾਲ਼ ਪ੍ਰਸਿੱਧ ਹੋਇਆ) ਦੀ ਤਖਤ ਹਾਸਲ ਕਰਨ ਵਿੱਚ ਮੱਦਦ ਕੀਤੀ। ਬਹਾਦਰ ਸ਼ਾਹ ਨੂੰ ਕਿਸੇ ਵੀ ਤਰ੍ਹਾਂ ਦਿੱਲੀ ਦਾ ਤਖਤ ਚਾਹੀਦਾ ਸੀ। ਇਸ ਲਈ ਉਸ ਨੇ ਗੁਰੂ ਸਾਹਿਬ ਦੀ ਹਮਾਇਤ ਪ੍ਰਾਪਤ ਕਰਨ ਲਈ ਸਾਰੀਆਂ ਸ਼ਰਤਾਂ ਵੀ ਪ੍ਰਵਾਨ ਕੀਤੀਆਂ। ਪਰ ਉਸ ਦੇ ਮਨ ਵਿੱਚ ਸ਼ਾਇਦ ਇਹ ਰਿਹਾ ਕਿ ਰਾਜ-ਭਾਗ ਮਿਲਣ ਪਿੱਛੋਂ ਚਲਾਉਣਾ ਤਾਂ ਉਸ ਨੇ ਆਪਣੀ ਮਰਜ਼ੀ ਅਨੁਸਾਰ ਹੈ। ਇਸ ਲਈ ਬਾਅਦ ਵਿੱਚ ਉਸ ਨੇ ਗੁਰੂ ਗੋਬਿੰਦ ਸਿੰਘ 'ਤੇ ਛੁਰੇ ਦਾ ਘਾਤਕ ਵਾਰ ਕਰਨ ਵਾਲ਼ੇ ਪਠਾਣ ਜਮਸ਼ੈਦ ਖਾਨ ਦੇ ਲੜਕੇ ਨੂੰ ਖਿੱਲਤ ਬਖਸ਼ੀ। ਜਦੋਂ ਪੰਜਾਬ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗਲ ਸਾਮਰਾਜ ਦੀਆਂ ਚੂਲ਼ਾਂ ਹਿਲਾ ਦਿੱਤੀਆਂ ਤਾਂ ਬਾਦਸ਼ਾਹ ਬਹਾਦਰ ਸ਼ਾਹ ਨੇ ਮਹਿਸੂਸ ਕਰ ਲਿਆ ਕਿ ਆਪਣੇ ਸੁਭਾਅ ਅਨੁਸਾਰ ਸਿੱਖ ਉਸ ਦੇ ਅਧੀਨ ਨਹੀਂ ਰਹਿ ਸਕਣਗੇ ਤਾਂ ਉਸ ਨੇ 10 ਦਸੰਬਰ 1710 ਨੂੰ ਇੱਕ ਆਮ ਫੁਰਮਾਨ ਜਾਰੀ ਕੀਤਾ ਕਿ "ਨਾਨਕ ਪ੍ਰਸਤਾਂ ਰਾ ਹਰ ਜਾ ਬ-ਯਬੰਦ ਬ-ਕਤਲ ਰਸਾਨੰਦ'' ਯਾਨੀ ਕਿ 'ਜਿੱਥੇ ਕਿਤੇ ਵੀ ਨਾਨਕ-ਪ੍ਰਸਤ (ਸਿੱਖ) ਨਜ਼ਰ ਆਉਣ, ਉਹਨਾਂ ਨੂੰ ਕਤਲ ਕਰ ਦਿੱਤਾ ਜਾਵੇ।'

ਬਹਾਦਰ ਸ਼ਾਹ ਪੰਜਾਬ ਵਿੱਚ ਮੁਗ਼ਲ ਸਾਮਰਾਜ ਨਾਲ਼ ਜ਼ਬਰਦਸਤ ਟੱਕਰ ਲੈ ਰਹੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਾਰਾ ਜ਼ੋਰ ਲਾ ਕੇ ਵੀ ਗ੍ਰਿਫਤਾਰ ਨਹੀਂ ਕਰ ਸਕਿਆ ਸੀ। ਉਹ ਕਈ ਵਾਰ ਬੰਦਾ ਬੰਦਾ ਕਹਿ ਕੇ ਬੜਬੜਾਉਂਦਾ੧ਓਿ। ਇਸੇ ਸਦਮੇ ਵਿੱਚ ਉਹ ਪਾਗਲ ਹੋ ਗਿਆ। 12 ਫਰਵਰੀ 1712 ਨੂੰ ਉਸਨੇ ਇੱਕ ਅਜੀਬ ਹੁਕਮ ਕਰ ਕੇ ਸਾਰੇ ਕੁੱਤੇ ਮਾਰਨ ਵਾਸਤੇ ਹਦਾਇਤ ਕੀਤੀ। ਇੰਝ 28 ਫਰਵਰੀ 1712 ਨੂੰ ਨੂੰ ਲਾਹੌਰ ਵਿੱਚ ਬਾਦਸ਼ਾਹ ਬਹਾਦਰ ਸ਼ਾਹ ਦੀ ਮੌਤ ਹੋ ਗਈ। ਦਿੱਲੀ ਦੇ ਤਖਤ 'ਤੇ ਬੈਠਣ ਵਾਲ਼ੇ ਹੁਕਮਰਾਨ ਬਦਲਦੇ ਰਹੇ ਪਰ ਕਾਫ਼ੀ ਦੇਰ ਬਾਗ਼ੀ ਹੋਏ ਸਿੱਖਾਂ ਲਈ ਸਮਾਂ ਨਾ ਬਦਲਿਆ।

ਜਦੋਂ ਸਿੱਖ ਵਿਦੇਸ਼ੀਆਂ ਨਾਲ਼ ਦੋ-ਦੋ ਹੱਥ ਕਰ ਰਹੇ ਸਨ ਉਸ ਸਮੇਂ ਹੀ ਫੂਲਕੀਆ ਮਿਸਲ ਦੇ ਬਾਬਾ ਆਲ਼ਾ ਸਿੰਘ ਨੇ ਅਹਿਮਦ ਸ਼ਾਹ ਅਬਦਾਲੀ ਦੀ ਈਨ ਮੰਨ ਲਈ ਸੀ। 29 ਮਾਰਚ 1765 ਨੂੰ ਬਾਬਾ ਆਲ਼ਾ ਸਿੰਘ ਕੀਮਤੀ ਭੇਟਾਵਾਂ ਲੈ ਕੇ ਅਹਿਮਦ ਸ਼ਾਹ ਦੇ ਸਾਹਮਣੇ ਪੇਸ਼ ਹੋਇਆ। ਅਹਿਮਦ ਸ਼ਾਹ ਨੇ ਮਰਹੱਟਿਆਂ ਦੀ ਸਹਾਇਤਾ ਕਰਨ ਬਦਲੇ ਉਸਨੂੰ 3 ਲੱਖ ਦਾ ਜੁਰਮਾਨਾ ਕੀਤਾ। ਆਲਾ ਸਿੰਘ ਨੇ ਜੁਰਮਾਨਾ ਦੇ ਦਿੱਤਾ। ਅਫਗਾਨ ਹਕੂਮਤ ਵੱਲੋਂ ਉਸਨੂੰ 'ਪਟਿਆਲ਼ੇ ਦਾ ਰਾਜਾ' ਦਾ ਖ਼ਿਤਾਬ ਦਿੱਤਾ ਗਿਆ। ਪਰ ਗੁਰੂ ਦੀ ਰਜ਼ਾ ਵਿੱਚ ਰਹਿਣ ਵਾਲ਼ੇ ਸਿੱਖਾਂ ਨੇ ਬਾਬਾ ਆਲਾ ਸਿੰਘ ਦਾ ਅਜਿਹਾ ਕਾਇਰਤਾ ਭਰਿਆ ਵਰਤਾਰਾ ਪਸੰਦ ਨਹੀਂ ਕੀਤਾ। ਇਸ ਲਈ ਦਲ ਖ਼ਾਲਸਾ ਦੇ ਜਥੇਦਾਰ ਬਾਬਾ ਜੱਸਾ ਸਿੰਘ ਆਹਲੂਵਾਲ਼ੀਆ ਨੇ ਆਲ਼ਾ ਸਿੰਘ ਦੀ ਇਸ ਕਾਰਵਾਈ ਬਦਲੇ ਬੇਇੱਜਤੀ ਕੀਤੀ ਅਤੇ ਭਾਰੀ ਜੁਰਮਾਨਾ ਕੀਤਾ। ਆਲਾ ਸਿੰਘ ਨੇ ਉਹ ਵੀ ਦੇ ਦਿੱਤਾ।

5 ਫਰਵਰੀ 1762 ਨੂੰ ਅਹਿਮਦਸ਼ਾਹ ਦੁਰਾਨੀ ਨੂੰ ਖ਼ਬਰ ਮਿਲ਼ੀ ਕਿ ਸਿੱਖ ਮਲੇਰਕੋਟਲ਼ਾ ਕੋਲ਼ ਰੁਕੇ ਹੋਏ ਹਨ। ਉਹ ਫੌਰਨ ਫੌਜ ਲੈ ਕੇ ਆਇਆ। ਕੁੱਪ-ਰਹੀੜਾ ਪਿੰਡਾਂ ਕੋਲ਼ ਉਸਨੇ ਸਿੱਖਾਂ ਨੂੰ ਆ ਘੇਰਿਆ। ਸਿੱਖ ਲੜਾਈ ਲਈ ਤਿਆਰ ਨਹੀਂ ਸਨ। ਉਹਨਾਂ ਦੇ ਨਾਲ਼ ਉਹਨਾਂ ਦੇ ਪਰਿਵਾਰ ਵੀ ਸਨ। ਪਰਿਵਾਰਾਂ ਦੀ ਰਾਖੀ ਵੀ ਜ਼ਰੂਰੀ ਸੀ। ਫਿਰ ਵੀ ਲੜਾਈ ਲੜਨੀ ਪਈ। 25-30 ਹਜਾਰ ਸਿੱਖ ਇਸ ਲੜਾਈ ਵਿੱਚ ਸ਼ਹੀਦ ਹੋ ਗਏ। ਇੰਨੇ ਭਿਆਨਕ ਤਬਾਹੀ ਦੇ ਬਾਵਜੂਦ ਵੀ ਅਹਿਮਦ ਸ਼ਾਹ ਅਬਦਾਲੀ ਬਾਬਾ ਆਲਾ ਸਿੰਘ ਦੀ ਮਿਸਲ ਤੋਂ ਬਿਨਾਂ ਬਾਕੀ ਦੇ ਸਿੱਖਾਂ ਨੂੰ ਈਨ ਨਹੀਂ ਮੰਨਵਾ ਸਕਿਆ।

ਫਿਰ ਅਜਿਹਾ ਸਮਾਂ ਵੀ ਆਇਆ ਜਦੋਂ ਅਹਿਮਦ ਸ਼ਾਹ ਨੇ ਆਪਣੇ ਨੌਂਵੇਂ ਹਮਲੇ ਸਮੇਂ ਭੰਗੀ ਮਿਸਲ ਤੋਂ ਲਾਹੌਰ ਜਿੱਤ ਕੇ ਵੀ ਖ਼ੁਦ ਹੀ ਸਿੱਖਾਂ ਤੋਂ ਈਨ ਮੰਨ ਲਈ। ਅਹਿਮਦ ਸ਼ਾਹ ਨੇ 22 ਦਸੰਬਰ 1766 ਨੂੰ ਲਹਿਣਾ ਸਿੰਘ ਭੰਗੀ ਨੂੰ ਲਾਹੌਰ ਦਾ ਸੂਬੇਦਾਰ ਮੰਨ ਲੈਣ ਦੀ ਪੇਸ਼ਕਸ਼ ਕੀਤੀ। ਉਸਨੇ ਆਪਣੇ ਏਲਚੀ ਰਾਹੀਂ ਸੂਬੇਦਾਰੀ ਦਾ ਖਤ ਅਤੇ ਕੁੱਝ ਬਦਾਮ ਵੀ ਭੇਜੇ। ਪਰ ਦੂਜੇ ਪਾਸੇ ਸਿੱਖਾਂ ਨੇ ਵੀ ਤੈਅ ਕਰ ਲਿਆ ਸੀ ਕਿ ਕਿਸੇ ਦੀ ਦਿੱਤੀ ਹੋਈ ਸੂਬੇਦਾਰੀ ਨਹੀਂ ਲੈਣੀ। ਸੋ ਲਹਿਣਾ ਸਿੰਘ ਨੇ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ ਤੇ ਅਹਿਮਦ ਸ਼ਾਹ ਦੇ ਭੇਜੇ ਬਦਾਮ ਇਹ ਕਹਿੰਦਿਆਂ ਵਾਪਸ ਕਰ ਦਿੱਤੇ ਕਿ ਸਾਡੀ ਖ਼ੁਰਾਕ ਬਦਾਮ ਨਹੀਂ ਬਲਕਿ ਭੁੱਜੇ ਹੋਏ ਛੋਲੇ ਹਨ। ਇਸੇ ਹਮਲੇ ਸਮੇਂ ਅਬਦਾਲੀ ਨੇ ਪਟਿਆਲ਼ਾ ਦੇ ਰਾਜਾ ਅਮਰ ਸਿੰਘ ਨੂੰ ਸਰਹਿੰਦ ਦੀ ਫੌਜਦਾਰੀ ਤੇ 'ਰਾਜਾ-ਇ-ਰਾਜਗਾਨ ਬਹਾਦੁਰ' ਦਾ ਖਿਤਾਬ ਦਿੱਤਾ। ਇਸੇ ਤਰ੍ਹਾਂ 29 ਮਾਰਚ 1733 ਨੂੰ ਜ਼ਕਰੀਆ ਖਾਨ ਵੱਲੋਂ ਨਵਾਬੀ ਦਿੱਤੀ ਗਈ। ਸਿੱਖਾਂ ਨੇ ਮੌਕੇ ਦੀ ਨਜ਼ਾਕਤ ਦੇਖਦਿਆਂ ਕੂਟਨੀਤੀ ਅਪਣਾਉਂਦਿਆਂ ਇਸ ਪੇਸ਼ਕਸ਼ ਨੂੰ ਸਵਿਕਾਰ ਕਰ ਲਿਆ ਪਰ ਕੋਈ ਵੀ ਸਿੱਖ ਨਵਾਬੀ ਲੈਣ ਲਈ ਤਿਆਰ ਨਾ ਹੋਇਆ। ਆਖ਼ਰ ਸੰਗਤ ਲਈ ਪੱਖੇ ਦੀ ਸੇਵਾ ਕਰਨ ਵਾਲ਼ੇ ਕਪੂਰ ਸਿੰਘ ਨੇ ਇਸ ਸ਼ਰਤ 'ਤੇ ਹਾਂ ਕੀਤੀ ਕਿ ਉਸਨੂੰ ਬਾਅਦ ਵਿੱਚ ਵੀ ਪੱਖੇ ਦੀ ਸੇਵਾ ਕਰਨ ਦਿੱਤੀ ਜਾਵੇਗੀ। ਫਿਰ ਸਿੱਖਾਂ ਨੇ ਆਪਣੀ ਤਾਕਤ ਨਾਲ਼ ਹੀ ਰਾਜ ਕਾਇਮ ਕੀਤੇ। ਇੱਥੋਂ ਤੱਕ ਕਿ ਦਿੱਲੀ ਦੇ ਲਾਲ ਕਿਲ੍ਹੇ 'ਤੇ ਵੀ ਉਹਨਾਂ ਨੇ ਕਬਜ਼ਾ ਕੀਤਾ।

ਅਛੂਤਾਂ ਕੋਲ਼ ਭਾਵੇਂ ਲੰਬੇ ਸਮੇਂ ਤੋਂ ਰਾਜ ਭਾਗ ਨਹੀਂ ਰਿਹਾ ਪਰ ਇਸ ਦੀ ਤਾਕਤ ਦਾ ਅੰਦਾਜ਼ਾ ਉਹਨਾਂ ਨੂੰ ਵੀ ਸੀ। ਇਸ ਦੀ ਕਮੀ ਕਰਕੇ ਉਹਨਾਂ 'ਤੇ ਸਦੀਆਂ ਤੱਕ ਅੱਤਿਆਚਾਰ ਹੁੰਦੇ ਰਹੇ। ਫਿਰ ਅੰਗਰੇਜ਼ਾਂ ਦੇ ਸਮੇਂ ਅਛੂਤ ਸੈਨਿਕਾਂ ਨੇ ਪੇਸ਼ਵਾ ਰਾਜ ਦੀ ਗ਼ੁਲਾਮੀ ਕਰਨ ਨਾਲ਼ੋਂ ਅੰਗਰੇਜ਼ਾਂ ਦਾ ਸਾਥ ਦਿੱਤਾ। ਦੋਵਾਂ ਧਿਰਾਂ ਦੀ ਲੜਾਈ ਹੋਣ ਦੀ ਨੌਬਤ ਆਈ ਤਾਂ ਅਛੂਤ ਸੈਨਿਕਾਂ ਨੇ ਪੇਸ਼ਵਾ ਬਾਜੀਰਾਵ ਦੂਜੇ ਤੋਂ ਪੁੱਛਿਆ ਕਿ ਯੁੱਧ ਜਿੱਤਣ 'ਤੇ ਉਹਨਾਂ ਨਾਲ਼ ਕੀ ਸਲੂਕ ਹੋਵੇਗਾ? ਤਾਂ ਪੇਸ਼ਵਾ ਦਾ ਉੱਤਰ ਸੀ ਕਿ ਜਿਸ ਤਰ੍ਹਾਂ ਮਨੂੰ ਸਿਮ੍ਰਤੀ ਦਾ ਕਾਨੂੰਨ ਕਹਿੰਦਾ ਹੈ। ਭਾਵ ਕਿ ਉਹਨਾਂ ਨੂੰ ਪਹਿਲਾਂ ਵਾਂਗ ਜੁੱਤੀ ਦੀ ਨੋਕ 'ਤੇ ਹੀ ਰੱਖਿਆ ਜਾਵੇਗਾ। ਫਿਰ ਉਹਨਾਂ ਸੈਨਿਕਾਂ ਨੇ ਇਹੀ ਸਵਾਲ ਅੰਗਰੇਜ਼ ਕਮਾਂਡਰ ਨੂੰ ਕੀਤਾ। ਅੰਗਰੇਜ਼ ਕਮਾਂਡਰ ਨੇ ਕਿਹਾ ਕਿ ਉਹਨਾਂ ਨਾਲ਼ ਜੇਤੂਆਂ ਵਾਲ਼ਾ ਸਲੂਕ ਕੀਤਾ ਜਾਵੇਗਾ। ਇਸ ਕਰਕੇ ਉਹਨਾਂ ਨੇ ਅੰਗਰੇਜ਼ ਸੈਨਾ ਦਾ ਸਾਥ ਦੇਣ ਦਾ ਫ਼ੈਸਲਾ ਕੀਤਾ। 31 ਦਸੰਬਰ 1817 ਨੂੰ ਅੰਗਰੇਜ਼ਾਂ ਅਤੇ ਪੇਸ਼ਵਾ ਬਾਜੀਰਾਵ ਦੂਜੇ ਦਾ ਯੁੱਧ ਹੋਇਆ। 500 ਮਹਾਰ ਸਿਪਾਹੀਆਂ ਅਤੇ 250 ਘੋੜ ਸਵਾਰਾਂ ਦੀ ਗਿਣਤੀ ਵਿੱਚ ਛੋਟੀ ਜਿਹੀ ਬਾਂਬੇ ਨੇਟਿਵ ਇਨਫੈਂਟਰੀ ਦੀ ਮਹਾਰ ਰੈਜੀਮੈਂਟ ਨੇ ਈਸਟ ਇੰਡੀਆ ਕੰਪਨੀ ਦੇ ਸੈਨਿਕ ਅਧਿਕਾਰੀ ਕੈਪਟਨ ਸਟਾਂਟਨ ਦੀ ਅਗਵਾਈ ਵਿੱਚ ਪੂਨਾ ਸ਼ਹਿਰ ਤੋਂ 17 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਭੀਮਾ ਕੋਰੇਗਾਂਵ ਵਿਖੇ ਪੇਸ਼ਵਾ ਬਾਜੀਰਾਵ ਦੂਜੇ ਦੀ 30,000 ਦੀ ਫੌਜ ਨੂੰ ਲੱਕ ਤੋੜਵੀਂ ਹਾਰ ਦੇ ਕੇ ਮਨੂੰ ਸਿਮ੍ਰਤੀ ਦੇ ਵਿਧਾਨ ਤੋਂ ਆਪਣੀ ਅਜ਼ਾਦੀ ਦਾ ਮੁੱਢ ਬੰਨ੍ਹਿਆਂ। ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਨੇ ਇੱਕ ਜਨਵਰੀ 1927 ਤੋਂ ਭੀਮਾ ਕੋਰੇਗਾਉਂ ਵਿਖੇ "ਵਿਜੈ ਸਮਾਰਕ'' ਜਾਣਾ ਸ਼ੁਰੂ ਕਰ ਦਿੱਤਾ। ਇਹ ਉਹਨਾਂ ਦਾ ਪ੍ਰੇਰਣਾ-ਸ੍ਰੋਤ ਸੀ ਕਿਉਂਕਿ ਇਹ ਉਹੀ ਸਥਾਨ ਹੈ ਜਿਸ ਜਗ੍ਹਾ ਮਹਾਰ ਰੈਜੀਮੈਂਟ ਦੇ 500 ਸੈਨਿਕਾਂ ਨੇ 30,000 ਬ੍ਰਾਹਮਣੀ ਪੇਸ਼ਵਾ ਸੈਨਿਕਾਂ ਦਾ ਸਫਾਇਆ ਕਰਕੇ ਆਪਣੀ ਬੇਇੱਜ਼ਤੀ ਦਾ ਬਦਲਾ ਲਿਆ ਸੀ। ਅੰਗਰੇਜੀ ਰਾਜ ਨੇ ਹੀ ਅਛੂਤਾਂ ਲਈ ਤਰੱਕੀ ਦੇ ਰਾਹ ਖੋਲ੍ਹੇ। ਇਸ ਦਾ ਸਿਹਰਾ ਉਹਨਾਂ ਮਹਾਰ ਸੈਨਿਕਾਂ ਨੂੰ ਜਾਂਦਾ ਹੈ ਜਿੰਨ੍ਹਾਂ ਨੇ ਜ਼ਬਰਦਸਤ ਲੜਾਈ ਲੜ ਕੇ ਜ਼ਾਲਮ ਪੇਸ਼ਵਾ ਰਾਜ ਦਾ ਖ਼ਾਤਮਾ ਕੀਤਾ।

ਮੌਰੀਆ ਵੰਸ਼ ਦੇ ਰਾਜ ਪਿੱਛੋਂ ਭਾਰਤ ਦਾ ਰਾਜ ਲੰਬੇ ਸਮੇਂ ਤੱਕ ਭਾਰਤੀ ਮੂਲ ਨਿਵਾਸੀਆਂ ਤੋਂ ਦੂਰ ਰਿਹਾ। ਫਿਰ ਜਦੋਂ ਵਿਦੇਸ਼ੀ ਮੁਸਲਮਾਨ ਹਮਲਾਵਰਾਂ ਦੇ ਰੂਪ ਵਿੱਚ ਆਏ ਤਾਂ ਉਹਨਾਂ ਨੇ ਦਾਸ ਵੰਸ਼ ਨੂੰ ਤਖਤ ਦੇ ਵਾਰਸ ਬਣਾਇਆ। ਮੁਹੰਮਦ ਗੌਰੀ ਨੇ ਜਦੋਂ ਜਿੱਤ ਹਾਸਲ ਕੀਤੀ ਤਾਂ ਉਸ ਨੇ ਆਪਣੇ ਨੁਮਾਇੰਦੇ ਵਜੋਂ ਆਪਣੇ ਜਰਨੈਲ ਕੁਤਬ ਦੀਨ ਐਬਕ ਨੂੰ ਦਿੱਲੀ ਦੇ ਤਖਤ 'ਤੇ ਬਿਠਾ ਦਿੱਤਾ। ਫਿਰ ਪੰਜਾਬ ਦੇ ਖੋਖਰਾਂ ਦੀ ਬਗ਼ਾਵਤ ਹੋ ਗਈ। ਖੋਖਰਾਂ ਦੀ ਬਗ਼ਾਵਤ ਦਬਾਉਣ ਤੋਂ ਬਾਅਦ ਵਾਪਸ ਜਾ ਰਹੇ ਮੁਹੰਮਦ ਗ਼ੌਰੀ ਨੂੰ ਖੋਖਰਾਂ ਵੱਲੋਂ 15 ਮਾਰਚ 1206 ਨੂੰ ਕਤਲ ਕੀਤੇ ਜਾਣ ਤੋਂ ਬਾਅਦ ਕੁਤਬਦੀਨ ਨੇ ਭਾਰਤੀ ਰਾਜ ਦੀ ਵਾਗਡੋਰ ਪੂਰੀ ਤਰ੍ਹਾਂ ਆਪਣੇ ਹੱਥ ਵਿੱਚ ਲੈ ਲਈ। ਕੁਤਬ ਦੀਨ ਮੁਹੰਮਦ ਗੌਰੀ ਦਾ ਮੁੱਲ ਖਰੀਦਿਆ ਗੁਲਾਮ ਸੀ। ਉਸ ਦੇ ਵੰਸ਼ ਨੂੰ ਦਾਸ ਵੰਸ਼ ਆਖਿਆ ਜਾਂਦਾ ਹੈ। ਦਾਸ ਵੰਸ਼ ਨੇ 1206 ਤੋਂ 1290 ਤੱਕ ਰਾਜ ਕੀਤਾ।

ਦਾਸ ਵੰਸ ਦੇ ਰਾਜ ਪਿੱਛੋਂ ਭਾਰਤ ਦੇ ਅਛੂਤ ਸ਼ੂਦਰਾਂ ਨੂੰ ਵੀ ਕੁੱਝ ਹਵਾ ਲੱਗੀ ਤਾਂ ਗੁਜਰਾਤ ਦਾ ਭੰਗੀ ਜਾਤੀ ਦਾ ਇੱਕ ਨੌਜਵਾਨ ਖੁਸਰੋ ਧਰਮ ਪਰਿਵਰਤਨ ਕਰ ਕੇ ਨਸੀਰੂ ਦੀਨ ਬਣ ਗਿਆ। ਫਿਰ ਉਸ ਨੂੰ ਇੱਕ ਸੈਨਿਕ ਵਜੋਂ ਸ਼ਾਹੀ ਦਰਬਾਰ ਵਿੱਚ ਜਾਣ ਦਾ ਮੌਕਾ ਮਿਲ਼ਿਆ। ਫਿਰ ਮੌਕਾ ਲੱਗਿਆ ਤਾਂ ਉਸ ਦੇ ਮਨ ਦੀ ਤਮੰਨਾ ਵੀ ਪੂਰੀ ਹੋ ਗਈ। 13 ਅਪ੍ਰੈਲ 1320 ਨੂੰ ਨਸੀਰੂਦੀਨ ਖੁਸਰੋ ਅਲਾਓ ਦੀਨ ਖਿਲਜੀ ਦੇ ਪੁੱਤਰ ਮੁਬਾਰਕ ਖਾਂ ਨੂੰ ਮਾਰ ਕੇ ਦਿੱਲੀ ਦਾ ਹੁਕਮਰਾਨ ਬਣਿਆ।

**ਸਿੱਖ ਧਰਮ ਦੀ ਸ਼ੁਰੂਆਤ ਵੇ਼ਲੇ ਹੀ ਸਾਡੇ ਮਹਾਂਪੁਰਸ਼ਾਂ ਨੇ ਤੈਅ ਕਰ ਲਿਆ ਸੀ ਕਿ ਖ਼ੁਦ ਨੂੰ ਹਿੰਦੂ ਮੰਨ ਕੇ ਗ਼ੁਲਾਮ ਬਣ ਚੁੱਕੇ ਲੋਕਾਂ ਨੂੰ ਮਾਨਸਿਕ ਤੌਰ 'ਤੇ ਆਜ਼ਾਦ ਕਰਾਉਣਾ ਹੈ। ਇਸ ਲਈ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਵਿਸ਼ੇ 'ਤੇ ਪਹਿਲ ਕਦਮੀ ਕਰਦਿਆਂ ਸ਼੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ 15 ਜੂਨ 1606 ਨੂੰ ਸ਼੍ਰੀ ਅਕਾਲ ਤਖਤ ਦੀ ਨੀਂਹ ਰੱਖੀ। ਅਕਾਲ ਤਖਤ ਦੀ ਉਸਾਰੀ ਧਰਮ ਦੇ ਨਾ਼ਲ-ਨਾ਼ਲ ਸਿਆਸਤ ਵਿੱਚ ਦਖਲ ਦੇਣਾ ਸੀ। ਸਿੱਖ ਗੁਰੂਆਂ ਦਾ ਮਕਸਦ ਕਿਉਂਕਿ ਨੇਕ ਚਲਣੀ ਦੇ ਧਰਮੀ ਲੋਕਾਂ ਦਾ ਸਮੂਹ ਪੈਦਾ ਕਰਨਾ ਸੀ ਇਸ ਲਈ ਗੁਰੂ ਸਾਹਿਬਾਨਾਂ ਨੇ ਸਮਰੱਥ ਹੋਣ ਦੇ ਬਾਵਜੂਦ ਕਿਸੇ ਵੀ ਰਾਜ 'ਤੇ ਕਬਜ਼ਾ ਨਹੀਂ ਕੀਤਾ। ਉਹਨਾਂ ਨੇ ਆਮ ਲੋਕਾਂ ਨੂੰ ਰਾਜ-ਭਾਗ ਖੋਹਣ ਦੇ ਸਮਰੱਥ ਬਣਾਇਆ। ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਦੀ ਸ਼ੁਰੂਆਤ ਕੀਤੀ।**

ਜੇਕਰ ਕੋਈ ਅਛੂਤ ਹੁਕਮਰਾਨ ਬਣਿਆ ਹੈ ਤਾਂ ਹਿੰਦੂ ਧਰਮ ਵਿੱਚ ਹੇਠਲੇ ਦਰਜੇ 'ਤੇ ਰਹਿੰਦਿਆਂ ਉਹ ਅਜਿਹਾ ਨਹੀਂ ਕਰ ਸਕਿਆ। ਜਦੋਂ ਹੀ ਉਸ ਨੇ ਹਿੰਦੂ ਧਰਮ ਨੂੰ ਤਿਲਾਂਜਲੀ ਦਿੱਤੀ ਤਾਂ ਉਸ ਦੇ ਹੁਕਮਰਾਨ ਬਣਨ ਦੇ ਰਸਤੇ ਖੁੱਲ੍ਹਣੇ ਸ਼ੁਰੂ ਹੋਏ। ਇਸ ਕਰਕੇ ਹੀ ਬਾਬਾ ਸਾਹਿਬ ਅੰਬੇਡਕਰ ਨੇ ਅਛੂਤਾਂ ਨੂੰ ਧਰਮ ਪਰਿਵਰਤਨ ਕਰਨ ਵਾਸਤੇ ਸਲਾਹ ਦਿੱਤੀ ਸੀ। 30-31 ਮਈ 1936 ਨੂੰ ਦਾਦਰ ਬੰਬਈ ਵਿਖੇ ਇੱਕ ਵੱਡੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਹਨਾਂ ਕਿਹਾ, "ਧਰਮ ਬਦਲੀ ਕਰਨ ਵਿੱਚ ਤੁਹਾਡਾ ਨੁਕਸਾਨ ਕੋਈ ਨਹੀਂ, ਤੁਹਾਡੀਆਂ ਜੰਜ਼ੀਰਾਂ ਹੀ ਟੁੱਟਣਗੀਆਂ। ਭਾਵੇਂ ਇਹ ਸਮੱਸਿਆ ਸਮਾਜਿਕ ਰੁਤਬੇ ਲਈ ਇੱਕ ਸੰਘਰਸ਼ ਪ੍ਰਤੀਤ ਹੁੰਦੀ ਹੈ, ਅਸਲ ਵਿੱਚ ਇਹ ਇੱਕ ਵਰਗ ਸੰਘਰਸ਼ ਹੈ। ਘੋਰ ਅੱਤਿਆਚਾਰ, ਹੱਕਾਂ ਵਾਲਿਆਂ ਅਤੇ ਹੱਕ ਵਿਹੂਣੇ ਲੋਕਾਂ ਵਿਚਕਾਰ ਲਗਾਤਾਰ ਚੱਲਦੇ ਆ ਰਹੇ ਸੰਘਰਸ਼ ਦਾ ਇੱਕ ਹਿੱਸਾ ਹਨ। ਆਪਣਾ ਸੰਘਰਸ਼ ਜਾਰੀ ਰੱਖਣ ਵਿੱਚ ਦਲਿਤ ਵਰਗਾਂ ਕੋਲ ਤਿੰਨ ਜਰੂਰੀ ਘਾਟਾਂ ਹਨ, ਮਨੁੱਖੀ ਸ਼ਕਤੀ, ਮਨੁੱਖੀ ਤਾਕਤ ਨਹੀਂ, ਧਨ ਨਹੀਂ, ਬੁੱਧੀ ਨਹੀਂ। ਹਿੰਦੂ ਧਰਮੀ ਰਹਿੰਦਿਆਂ ਇਹ ਸ਼ਕਤੀਆਂ ਮਿਲ ਵੀ ਨਹੀਂ ਸਕਦੀਆਂ। ਸੱਚੇ ਧਰਮ ਦਾ ਉਦੇਸ਼ ਹੈ, ਮਨੁੱਖ ਦੀ ਉੱਨਤੀ। ਇਸ ਉਦੇਸ਼ ਪੂਰਤੀ ਲਈ ਧਰਮ, ਭਰਾਤ੍ਰੀਭਾਵ ਸਮਾਨਤਾ ਅਤੇ ਸੁਤੰਤਰਤਾ ਵਰਗੇ ਗੁਣਾਂ ਦੀ ਸਿੱਖਿਆ ਦੇਵੇ। ਹਿੰਦੂ ਧਰਮ ਇਹ ਗੁਣ ਨਹੀਂ ਸਿਖਾਉਂਦਾ। ਇਨ੍ਹਾਂ ਲਈ ਮਾਫ਼ਕ ਮਾਹੌਲ ਨਹੀਂ ਦੇ ਸਕਦਾ, ਵਿਕਾਸ ਲਈ ਨਿੱਜੀ ਸੁਤੰਤਰਤਾ ਲਈ ਮੁਨਕਰ ਹੈ। ਸਿੱਖਿਆ, ਧਨ-ਦੌਲਤ ਅਤੇ ਹਥਿਆਰਾਂ ਤੋਂ ਵਾਂਝੇ ਲੋਕ ਕੁੱਝ ਨਹੀਂ ਕਰ ਸਕਦੇ। ਸੋ ਕਿਸੇ ਅਜਿਹੇ ਧਰਮ ਵਿੱਚ ਜਾਣਾ ਜਰੂਰੀ ਹੋ ਗਿਆ ਹੈ ਜੋ ਬਿਹਤਰ ਹਾਲਾਤ ਦੇ ਸਕੇ।''

ਸਿੱਖ ਧਰਮ ਦੀ ਸ਼ੁਰੂਆਤ ਵੇ਼ਲੇ ਹੀ ਸਾਡੇ ਮਹਾਂਪੁਰਸ਼ਾਂ ਨੇ ਤੈਅ ਕਰ ਲਿਆ ਸੀ ਕਿ ਖ਼ੁਦ ਨੂੰ ਹਿੰਦੂ ਮੰਨ ਕੇ ਗ਼ੁਲਾਮ ਬਣ ਚੁੱਕੇ ਲੋਕਾਂ ਨੂੰ ਮਾਨਸਿਕ ਤੌਰ 'ਤੇ ਆਜ਼ਾਦ ਕਰਾਉਣਾ ਹੈ। ਇਸ ਲਈ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਵਿਸ਼ੇ 'ਤੇ ਪਹਿਲ ਕਦਮੀ ਕਰਦਿਆਂ ਸ਼੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ 15 ਜੂਨ 1606 ਨੂੰ ਸ਼੍ਰੀ ਅਕਾਲ ਤਖਤ ਦੀ ਨੀਂਹ ਰੱਖੀ। ਅਕਾਲ ਤਖਤ ਦੀ ਉਸਾਰੀ ਧਰਮ ਦੇ ਨਾ਼ਲ-ਨਾ਼ਲ ਸਿਆਸਤ ਵਿੱਚ ਦਖਲ ਦੇਣਾ ਸੀ। ਸਿੱਖ ਗੁਰੂਆਂ ਦਾ ਮਕਸਦ ਕਿਉਂਕਿ ਨੇਕ ਚਲਣੀ ਦੇ ਧਰਮੀ ਲੋਕਾਂ ਦਾ ਸਮੂਹ ਪੈਦਾ ਕਰਨਾ ਸੀ ਇਸ ਲਈ ਗੁਰੂ ਸਾਹਿਬਾਨਾਂ ਨੇ ਸਮਰੱਥ ਹੋਣ ਦੇ ਬਾਵਜੂਦ ਕਿਸੇ ਵੀ ਰਾਜ 'ਤੇ ਕਬਜ਼ਾ ਨਹੀਂ ਕੀਤਾ। ਉਹਨਾਂ ਨੇ ਆਮ ਲੋਕਾਂ ਨੂੰ ਰਾਜ-ਭਾਗ ਖੋਹਣ ਦੇ ਸਮਰੱਥ ਬਣਾਇਆ। ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਦੀ ਸ਼ੁਰੂਆਤ ਕੀਤੀ।

ਰਾਜ-ਭਾਗ ਖੋਹਣ ਦਾ ਮਤਲਬ ਰਾਜ ਪ੍ਰਾਪਤ ਕਰ ਕੇ ਐਸ਼ ਪ੍ਰਸਤੀ ਕਰਨਾ ਨਹੀਂ ਹੁੰਦਾ ਬਲਕਿ ਆਮ ਜਨਤਾ ਨੂੰ ਇਨਸਾਫ਼ ਦੇਣਾ ਹੁੰਦਾ ਹੈ। ਪ੍ਰਸ਼ਾਸਨਿਕ ਅਧਿਕਾਰੀ ਜਿੰਨ੍ਹਾਂ ਬਾਰੇ ਬਾਬੇ ਨਾਨਕ ਨੇ 'ਰਾਜੇ ਸੀਂਹ ਮੁਕਦਮ ਕੁਤੇ' ਕਿਹਾ ਉਹਨਾਂ ਨੂੰ ਆਪਣੇ ਕੰਟਰੋਲ ਵਿੱਚ ਰੱਖ ਕੇ ਹੀ ਆਮ ਗ਼ਰੀਬ ਤੇ ਮਜ਼ਲੂਮਾਂ ਨੂੰ ਇਨਸਾਫ਼ ਮਿਲ ਸਕਦਾ ਹੈ। ਬਾਬਾ ਸਾਹਿਬ ਡਾ: ਅੰਬੇਡਕਰ ਕਹਿੰਦੇ ਹਨ "ਪ੍ਰਸ਼ਾਸ਼ਨ ਅੰਦਰ ਕੌਣ ਹਨ, ਕਿੰਨ੍ਹਾਂ ਦੀ ਚੱਲਦੀ ਹੈ? ਤੁਸੀਂ ਕਿਤੇ ਵੀ ਜਾਓ, ਕੁਲੈਕਟਰ, ਤਹਿਸੀਲਦਾਰ, ਦਰੋਗਾ, ਇਹ ਸਭ ਉੱਚ ਵਰਗਾਂ ਦੇ ਲੋਕ ਮਿਲਣਗੇ, ਸਾਡੀ ਜਨਸੰਖਿਆ 80ਗ ਤੋਂ ਵੀ ਵੱਧ ਹੈ ਪਰ ਪ੍ਰਸ਼ਾਸ਼ਨ ਵਿੱਚ ਸਾਡੇ ਲੋਕ ਏਨੇ ਘੱਟ ਕਿਉਂ ਹਨ? ਮੈਂ ਤੁਹਾਡੇ ਵਿੱਚੋਂ ਕਿਸੇ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਦੇਖਣਾ ਚਾਹੁੰਦਾ ਹਾਂ। ਮੈਨੂੰ ਇਹਨਾਂ ਮੁੱਠੀ ਭਰ ਬ੍ਰਾਹਮਣਾਂ ਦਾ ਰਾਜ ਨਹੀਂ ਚਾਹੀਦਾ। ਤੁਹਾਡਾ 80% ਲੋਕਾਂ ਦਾ ਰਾਜ ਚਾਹੀਦਾ ਹੈ।''

ਅੱਗੇ ਉਹਨਾਂ ਕਿਹਾ, "ਮੈਂ ਸਿਰਫ਼ ਇਹ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਅਸੀਂ ਕਿਸੇ ਵੀ ਹਾਲਤ ਵਿੱਚ ਹਿੰਦੂ ਸਮਾਜ ਦਾ ਹਿੱਸਾ ਨਹੀਂ ਹੋ ਸਕਦੇ। ਇਸ ਦੇਸ਼ ਦੀ ਸਰਕਾਰ ਨੂੰ ਚਲਾਉਣ ਵਿੱਚ ਅਸੀਂ ਭਾਈਵਾਲੀ ਚਾਹੁੰਦੇ ਹਾਂ। ਅਸੀਂ ਰਾਜਨੀਤਕ ਅਧਿਕਾਰਾਂ ਦੀ ਵੰਡ ਚਾਹੁੰਦੇ ਹਾਂ। ਸਾਡੇ ਰਾਜਨੀਤਕ ਅਧਿਕਾਰਾਂ ਨੂੰ ਹਿੰਦੂਆਂ ਨਾਲੋਂ ਵੱਖਰੀ ਮਾਨਤਾ ਮਿਲਣੀ ਚਾਹੀਦੀ ਹੈ।'' (ਸੋਰਸ ਮੈਟੀਰੀਅਲ ਔਨ ਡਾ. ਬਾਬਾ ਸਾਹਿਬ ਅੰਬੇਡਕਰ ਗ੍ਰੰਥ-1, ਸਫਾ 250)

ਮੌਰੀਆ ਸਾਮਰਾਜ ਦੇ ਖਾਤਮੇ ਪਿੱਛੋਂ ਬ੍ਰਾਹਮਣੀ ਰਾਜ ਦੇ ਸਥਾਪਤ ਹੋ ਜਾਣ ਬਾਅਦ ਅਛੂਤ ਕਦੇ ਵੀ ਜ਼ਿਆਦਾ ਗਿਣਤੀ ਵਿੱਚ ਹਿੰਦੂ ਧਰਮ ਤੋਂ ਦੂਰ ਨਹੀਂ ਹੋ ਸਕੇ। ਮੰਦਰਾਂ ਵਿੱਚ ਸ਼ੂਦਰ ਅਛੂਤਾਂ ਦੇ ਦਾਖਲੇ ਦੀ ਮਨਾਹੀ ਹੋਣ ਦੇ ਬਾਵਜੂਦ ਉਹਨਾਂ ਦੀ ਜ਼ਿਆਦਾ ਤਾਕਤ ਇਸ ਗੱਲ 'ਤੇ ਕੇਂਦਰਤ ਰਹਿੰਦੀ ਹੈ ਕਿ ਉਹਨਾਂ ਨੂੰ ਮੰਦਰ ਵਿੱਚ ਪ੍ਰਵੇਸ਼ ਕਰਨ ਦਿੱਤਾ ਜਾਵੇ। ਮਾਤਾ ਦੇ ਜੈਕਾਰੇ ਬੁਲਾਉਂਦੇ ਪੈਦਲ ਅਤੇ ਸਾਇਕਲਾਂ 'ਤੇ ਦੇਵੀਆਂ ਦੇ ਦਰਸ਼ਨ ਕਰਨ ਜਾਣ ਵਾਲ਼ੇ ਨੌਜਵਾਨ ਇਸ ਦੀ ਉਦਾਹਰਣ ਹਨ। ਅਛੂਤ ਸ਼ੂਦਰਾਂ ਦੀ ਇਸੇ ਲਾਲਸਾ ਕਾਰਨ ਹੀ ਸਵਰਨ ਜਾਤੀ ਹਿੰਦੂ ਭਾਰਤ 'ਤੇ ਕਾਬਜ਼ ਰਹੇ ਹਨ। ਜਰਮਨ ਦੇ ਸਾਬਕਾ ਤਾਨਾਸ਼ਾਹ ਹਿਟਲਰ ਨੇ ਆਪਣੀ ਸਵੈ-ਜੀਵਨੀ 'ਮੇਰਾ ਜੀਵਨ ਸੰਗਰਾਮ' ਵਿੱਚ ਇਸ ਦਾ ਜ਼ਿਕਰ ਕੀਤਾ ਹੈ। ਅਛੂਤ ਪਛੜਿਆਂ ਦੀ ਇਸੇ ਨਲਾਇਕੀ ਕਾਰਨ ਹੀ ਸਵਰਨ ਜਾਤੀਆਂ ਹੁਕਮਰਾਨ ਹਨ। ਬਾਬਾ ਸਾਹਿਬ ਡਾ: ਅੰਬੇਡਕਰ ਨੇ ਤਾਂ ਆਮ ਲੋਕਾਂ ਨੂੰ ਹੀ ਹੁਕਮਰਾਨ ਬਣਨ ਦਾ ਅਧਿਕਾਰ ਬਖਸ਼ਿਆ ਹੈ। ਬਾਬਾ ਸਾਹਿਬ ਦੁਆਰਾ ਤਿਆਰ ਕੀਤੇ ਲੋਕਤੰਤਰੀ ਢਾਂਚੇ ਵਿੱਚ ਕੋਈ ਪਰਜਾ ਨਹੀਂ ਕੋਈ ਰਾਜਾ ਨਹੀਂ। ਆਪਣੀ ਵੋਟ ਨਾ਼ਲ ਆਪਣਾ ਨੁਮਾਇੰਦਾ ਚੁਣਨ ਵਾਲ਼ੀ ਜਨਤਾ ਹੀ ਕਰਤਾ ਧਰਤਾ ਹੈ। ਭਾਰਤੀ ਸੰਵਿਧਾਨ ਦੀ ਉਦੇਸ਼ਿਕਾ (ਗਕ ਦੀ ਸ਼ੁਰੂਆਤ ਹੀ ਇਹਨਾਂ ਸ਼ਬਦਾਂ ਤੋਂ ਹੁੰਦੀ ਹੈ, "ਅਸੀਂ ਭਾਰਤ ਦੇ ਲੋਕ, ਭਾਰਤ ਨੂੰ ਇੱਕ ਸੰਪੂਰਨ ਪ੍ਰਭੂਤਵ ਸੰਪੰਨ ਸਮਾਜਵਾਦੀ, ਧਰਮ ਨਿਰਪੱਖ, ਲੋਕਤੰਤਰੀ ਗਣਰਾਜ ਬਣਾਉਣ ਵਾਸਤੇ...... ਦ੍ਰਿੜ੍ਹ ਸੰਕਲਪ ਹੋ ਕੇ ਆਪਣੀ ਇਸ ਸੰਵਿਧਾਨ ਸਭਾ ਵਿੱਚ ਅੱਜ ਤਾਰੀਖ 26 ਨਵੰਬਰ, 1949 ਨੂੰ ਇਸ ਸੰਵਿਧਾਨ ਨੂੰ ਅੰਗੀਕਾਰ ਕਰਦੇ ਹਾਂ।''

ਜਦੋਂ ਬਾਬਾ ਸਾਹਿਬ ਲੋਕਾਂ ਨੂੰ ਦੇਸ਼ ਦੇ ਹੁਕਮਰਾਨ ਬਣਨ ਲਈ ਆਖਦੇ ਹਨ ਤਾਂ ਇਸ ਦਾ ਮਤਲਬ ਇਹ ਕਦੇ ਵੀ ਨਹੀਂ ਹੁੰਦਾ ਕਿ ਉਹ ਪ੍ਰਧਾਨ ਮੰਤਰੀ, ਮੁੱਖ ਮੰਤਰੀ ਜਾਂ ਕੈਬਿਨਟ ਮੰਤਰੀ ਬਣਨ ਲਈ ਸਵਰਨਾਂ ਅੱਗੇ ਲਿਫ ਜਾਣ। ਬਲਕਿ ਇਸ ਦਾ ਮਤਲਬ ਇਹ ਹੁੰਦਾ ਹੈ ਕਿ ਉਹ ਭਾਰਤੀ ਸੰਵਿਧਾਨ ਅਨੁਸਾਰ ਹੁਕਮਰਾਨ ਬਣਨ, ਰਾਜੇ ਨਹੀਂ। ਇੱਥੇ ਇੱਕ ਵਾਕਿਆ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਜਦੋਂ ਨਾਦਰ ਸ਼ਾਹ ਨੇ 1738 ਵਿੱਚ ਮੁਹੰਮਦ ਸ਼ਾਹ ਰੰਗੀਲੇ ਨੂੰ ਈਨ ਮੰਨਵਾ ਕੇ ਦਿੱਲੀ ਵਿੱਚ ਕਤਲੇਆਮ ਕੀਤਾ ਅਤੇ ਕਰੋੜਾਂ ਰੁਪਿਆ ਇਕੱਠਾ ਕਰਕੇ ਵਾਪਸ ਈਰਾਨ ਵੱਲ ਜਾਣ ਲੱਗਿਆ ਤਾਂ ਰਸਤੇ ਵਿੱਚ ਸਿੱਖਾਂ ਨੇ ਉਸ ਦਾ ਕਾਫ਼ੀ ਮਾਲ ਧਨ ਲੁੱਟ ਲਿਆ। ਸਮੁੱਚੇ ਦੇਸ਼ ਵਿੱਚ ਉਸ ਨੂੰ ਰੋਕਣ ਲਈ ਕੋਈ ਵੀ ਹੌਸਲਾ ਨਹੀਂ ਦਿਖਾ ਸਕਿਆ ਸੀ। ਇਸ ਲਈ ਮੁੱਠੀ ਭਰ ਸਿੱਖਾਂ ਦੇ ਇਸ ਕਾਰਨਾਮੇ ਤੋਂ ਨਾਦਰ ਸ਼ਾਹ ਗੁੱਸੇ ਵਿੱਚ ਆ ਕੇ ਲਾਹੌਰ ਦੇ ਗਵਰਨਰ ਜ਼ਕਰੀਆ ਖ਼ਾਨ ਨੂੰ ਪੁੱਛਣ ਲੱਗਾ ਕਿ ਮੈਨੂੰ ਦੱਸ ਇਹਨਾਂ ਲੋਕਾਂ ਦਾ ਘਰ-ਘਾਟ ਕਿੱਥੇ ਹੈ ਤਾਂ ਕਿ ਮੈਂ ਉਹਨਾਂ ਨੂੰ ਸਜ਼ਾ ਦੇ ਸਕਾਂ। ਜ਼ਕਰੀਆ ਖ਼ਾਨ ਨੇ ਜਵਾਬ ਵਿੱਚ ਕਿਹਾ ਕਿ ਘੋੜਿਆਂ ਦੀਆਂ ਕਾਠੀਆਂ ਹੀ ਇਹਨਾਂ ਦੇ ਘਰ ਹਨ। ਜੋ ਮਿਲ ਜਾਂਦਾ ਹੈ ਮਿਲ ਵੰਡ ਕੇ ਖਾ ਲੈਂਦੇ ਹਨ। ਇਹ ਗੱਲ ਸੁਣ ਕੇ ਨਾਦਰ ਸ਼ਾਹ ਦੇ ਮੂੰਹੋਂ ਨਿੱਕਲ਼ਿਆ ਕਿ ਇਹ ਲੋਕ ਇੱਕ ਦਿਨ ਦੇਸ਼ 'ਤੇ ਰਾਜ ਕਰਨਗੇ।

ਇਹ ਗੱਲ ਸਮਝਣ ਵਾਲ਼ੀ ਹੈ ਕਿ ਰਾਜਾ ਦੀ ਨਿਯੁਕਤੀ ਹੁੰਦੀ ਹੈ। ਭਾਰਤ ਵਿੱਚ ਲੋਕਤੰਤਰੀ ਪ੍ਰਣਾ਼ਲੀ ਲਾਗੂ ਹੋਣ ਤੋਂ ਪਹਿਲਾਂ ਰਾਜਾ ਦੀ ਨਿਯੁਕਤੀ ਬ੍ਰਾਹਮਣ ਕਰਦਾ ਸੀ। ਜਿਸਨੂੰ ਵੀ ਉਹ ਰਾਜ ਤਿਲਕ ਦੇ ਦਿੰਦਾ ਸੀ ਉਹ ਭਾਵੇਂ ਅੰਨ੍ਹਾਂ, ਕਾਣਾ ਹੋਵੇ ਜਾਂ ਸੁਜਾਖਾ, ਦਿਆਲੂ ਹੋਵੇ ਜਾਂ ਅੱਤਿਆਚਾਰੀ, ਸਿਆਣਾ ਹੋਵੇ ਜਾਂ ਮੂਰਖ, ਪੜ੍ਹਿਆ ਹੋਵੇ ਜਾਂ ਅਨਪੜ੍ਹ, ਵੱਸ ਰਾਜਾ ਬਣ ਜਾਂਦਾ ਸੀ। ਇਸ ਲਈ ਬ੍ਰਾਹਮਣ ਦੀ ਮਨਜ਼ੂਰੀ ਲੈਣ ਵਾਸਤੇ ਸ਼ਿਵਾਜੀ ਮਰਾਠਾ ਨੂੰ ਬਨਾਰਸ ਦੇ ਇੱਕ ਬ੍ਰਾਹਮਣ ਗੰਗ ਭੱਟ ਨੂੰ ਭਾਰੀ ਰਿਸ਼ਵਤ ਦੇਣੀ ਪਈ ਸੀ। ਪਰ ਰਿਸ਼ਵਤ ਲੈ ਕੇ ਵੀ ਉਸਨੇ ਸ਼ਿਵਾਜੀ ਨੂੰ ਰਾਜ ਤਿਲਕ ਹੱਥ ਦੀ ਬਜਾਏ ਪੈਰ ਦੇ ਅੰਗੂਠੇ ਨਾ਼ਲ ਲਗਾਇਆ ਕਿਉਂਕਿ ਉਹ ਸ਼ਿਵਾਜੀ ਨੂੰ ਸ਼ੂਦਰ ਸਮਝਦਾ ਸੀ।

ਰਾਜਾ ਅਸਲ ਵਿੱਚ ਹੁਕਮਰਾਨ ਨਹੀਂ ਹੁੰਦਾ। ਹੁਕਮਰਾਨ ਤਾਂ ਉਹ ਹੁੰਦਾ ਹੈ ਜਿਸਦਾ ਹੁਕਮ ਚੱਲਦਾ ਹੈ। ਜਿਸ

**(ਬਾਕੀ ਅਗਲੇ ਸਫੇ ਤੇ)**

# ਮਾਦੇ ਤੋਂ ਮਨੁੱਖ ਤੱਕ (ਜੀਵ ਵਿਕਾਸ ਦੀ ਕਹਾਣੀ)



ਮੇਘ ਰਾਜ ਮਿੱਤਰ
+91-98887-87440

(16ਵੀ ਕਿਸਤ)

## ਜ਼ਮੀਨ ਤੇ ਕੀੜੇ ਮਰੋੜੇ ਆਏ

ਪੌਦੇ ਭਾਵੇਂ ਜ਼ਮੀਨ ਤੇ ਆਉਣ ਵਿੱਚ ਜੀਵਾਂ ਨਾਲੋਂ ਅੱਗੇ ਸਨ ਪਰ ਇਹਨਾਂ ਵਿੱਚ ਸਮੇਂ ਦਾ ਫਰਕ ਬਹੁਤ ਹੀ ਘੱਟ ਸੀ। ਮਨੁੱਖੀ ਜ਼ਿੰਦਗੀ ਲਈ ਲੱਖਾਂ ਸਾਲ ਬਹੁਤ ਲੰਬਾ ਸਮਾਂ ਹੁੰਦਾ ਹੈ ਪਰ ਧਰਤੀ ਦੇ 460 ਕਰੋੜ ਵਰਖ਼ੇ ਦੇ ਇਤਿਹਾਸ ਵਿੱਚ ਇਸ ਸਮੇਂ ਦੀ ਵੱਡੀ ਮਹੱਤਤਾ ਨਹੀਂ ਹੈ।

ਪੌਦਿਆਂ ਤੋਂ ਕੁਝ ਲੱਖ ਵਰਖ਼ੇ ਬਾਅਦ ਹੀ, ਕੰਨ ਖਜ਼ੂਰੇ, ਬਿਛੂ, ਕਾਕਰੋਚ, ਟਿੱਡੇ ਤੇ ਹੋਰ ਕੀੜੇ ਮਕੋੜੇ ਦਲਦਲਾਂ ਵਿੱਚ ਦੀ ਲੰਘਦੇ ਹੋਏ ਜ਼ਮੀਨ ਤੇ ਰਹਿਣ ਦੀ ਜਾਂਚ ਸਿੱਖ ਗਏ। ਸਮੁੰਦਰੀ ਪਾਣੀਆਂ ਵਿੱਚੋਂ ਅੱਜ ਵੀ ਮਿਲਦੀ ਫੇਫੜਿਆਂ ਵਾਲੀ ਮੱਛੀ ਇਸ ਗੱਲ ਦੀ ਗਵਾਹ ਹੈ ਕਿ ਧਰਤੀ ਤੇ ਰੀਂਗ ਕੇ ਚੱਲਣ ਵਾਲੇ ਜੀਵ ਜੰਤੂ ਸਮੁੰਦਰਾਂ ਵਿੱਚੋਂ ਹੀ ਆਏ ਸਨ। ਇਸ ਸਮੇਂ ਦੇ ਕੀੜੇ ਮਕੌੜੇ ਆਕਾਰ ਵਿੱਚ ਬਹੁਤ ਹੀ ਵੱਡੇ ਹੁੰਦੇ ਸਨ। ਕਈਆਂ ਦੇ ਆਕਾਰ ਤਾਂ ਤਿੰਨ ਫੁੱਟ ਤੱਕ ਪੁੱਜ ਜਾਂਦੇ ਸਨ।

ਮੌਸਮ ਨੇ ਕੁਝ ਕਰਵਟ ਲਈ। ਧਰਤੀ ਉੱਤੇ ਲੰਬੇ ਸਮੇਂ ਲਈ ਬਰਫਾਨੀ ਯੁੱਗ ਆ ਗਏ। ਇਸ ਵਿੱਚ ਧਰਤੀ ਤੇ ਉਪਲਬਧ ਪੌਦੇ ਐਨਾ ਪਥਰਾ ਗਏ ਕਿ ਅੱਜ ਧਰਤੀ ਥੱਲੇ ਮਿਲਣ ਵਾਲੀਆਂ ਕੋਇਲੇ ਦੀਆਂ ਖਾਨਾਂ ਇਹਨਾਂ ਪੌਦਿਆਂ ਦੀਆਂ ਹੀ ਬਣੀਆਂ ਹਨ।

ਭਾਵੇਂ ਇਸ ਬਰਫਾਨੀ ਯੁੱਗ ਵਿੱਚ ਪੌਦਿਆਂ ਤੇ ਜੰਤੂਆਂ ਦੀਆਂ ਬਹੁਤੀਆਂ ਨਸਲਾਂ ਅਲੋਪ ਹੋ ਗਈਆਂ ਪਰ ਕੁਝ ਨੇ ਆਲੇ ਦੁਆਲੇ ਮੁਤਾਬਕ ਆਪਣੇ ਆਪ ਨੂੰ ਢਾਲਣਾ ਸਿੱਖ ਹੀ ਲਿਆ। ਇਸ ਸਮੇਂ ਦੇ ਅਜਿਹੇ ਜਾਨਵਰਾਂ ਦੇ ਪਥਰਾਟ ਵੀ ਮਿਲੇ ਹਨ ਜਿਹੜੇ ਆਪਣੇ ਆਂਡਿਆਂ ਵਿੱਚੋਂ ਬੱਚੇ ਕੱਢਣ ਲਈ ਇਹਨਾਂ ਨੂੰ ਕੁੱਕੜੀਆਂ ਦੀ ਤਰਖ਼ਾਂ ਸੇਂਦੇ ਰਹਿੰਦੇ ਸਨ। ਇਸ ਤਰਖ਼ਾਂ ਨਾ ਹੀ ਇਹ ਪਾਣੀ ਵਿੱਚ ਆਂਡੇ ਦਿੰਦੇ ਸਨ ਤੇ ਨਾ ਹੀ ਇਹਨਾਂ ਦੇ ਗਲਾਂ ਵਿੱਚ ਗਲਫੜੇ ਸਨ। ਇਸ ਢੰਗ ਨਾਲ ਸਮੁੰਦਰ ਵਿੱਚੋਂ ਆਏ ਇਹ ਜੀਵ ਧਰਤੀ 'ਤੇ ਰਹਿਣਾ ਤੇ ਆਪਣੀ ਨਸਲ ਵਿੱਚ ਵਾਧਾ ਕਰਨਾ ਸਿਖ ਗਏ। ਪਰ ਅਜੇ ਤੱਕ ਫੁੱਲਾਂ ਵਾਲੇ ਬੂਟੇ ਤੇ ਇਹਨਾਂ ਤੋਂ ਸ਼ਹਿਦ ਪ੍ਰਾਪਤ ਕਰਨ ਵਾਲੀਆਂ ਮੱਖੀਆਂ ਤੇ ਤਿਤਲੀਆਂ ਹੋਂਦ ਵਿੱਚ ਨਹੀਂ ਆਈਆਂ ਸਨ।

## ਸੱਪ ਤੇ ਮਗਰਮੱਛ

ਸਮੇਂ ਦੀ ਤਬਦੀਲੀ ਨਾਲ ਧਰਤੀ ਤੇ ਗਰਮੀ ਪੈਣ ਲੱਗ ਪਈ ਜਿਸ ਨਾਲ ਸਰਦ ਮੌਸਮ ਦੇ ਜੀਵਾਂ ਦੀਆਂ ਕਈ ਨਸਲਾਂ ਅਲੋਪ ਹੋ ਗਈਆਂ ਪਰ ਗਰਮੀਆਂ ਵਿੱਚ ਚੁਸਤ ਹੋਣ ਵਾਲੇ ਜੀਵ ਹੋਂਦ ਵਿੱਚ ਆ ਗਏ। ਇਹਨਾਂ ਵਿੱਚ ਸੱਪ, ਕੱਛੂ, ਘੜਿਆਲ, ਮਗਰਮੱਛ, ਡੱਡੂ ਤੇ ਗਿਰਗਿਟ ਵਰਗੇ ਜੀਵ ਵਿਚਰਨ ਲੱਗ ਪਏ। ਅੱਜ ਤੋਂ 24 ਕਰੋੜ ਸਾਲ ਪਹਿਲਾਂ ਇਹਨਾਂ ਹੀ ਜੀਵਾਂ ਤੋਂ ਵਿਕਾਸ ਕਰਕੇ ਅੱਜ ਦੇ ਪਸ਼ੂ ਤੇ ਪੰਛੀ ਹੋਂਦ ਵਿੱਚ ਆਏ ਹਨ। ਭਾਵੇਂ ਇਹਨਾਂ ਜੀਵਾਂ ਨੂੰ ਲੰਬਾ ਸਮਾਂ ਧਰਤੀ ਤੇ ਮਿਲਣ ਵਾਲੇ ਵੱਡੇ ਜੀਵਾਂ ਕਰਕੇ ਗੁਪਤਵਾਸ ਵਿੱਚ ਹੀ ਰਹਿਣਾ ਪਿਆ ਹੈ ਅਤੇ ਇਸ ਲਈ ਲੰਬੇ ਸਮੇਂ ਤੱਕ ਇਹ ਆਪਣੀਆਂ ਨਸਲਾਂ ਤੇ ਸਰੀਰਕ ਆਕਾਰ ਵਿੱਚ ਬਹੁਤਾ ਵਿਕਾਸ ਨਹੀਂ ਕਰ ਸਕੇ ਸਨ ਪਰ ਇਹਨਾਂ ਨੇ ਆਪਣੀ ਹੋਂਦ ਕਾਇਮ ਰੱਖ ਕੇ ਹੀ ਅੱਜ ਮਿਲਣ ਵਾਲੇ ਪਸ਼ੂਆਂ ਦੇ ਜੰਗਲੀ ਜਾਨਵਰਾਂ ਦੀ ਹੋਂਦ ਦਾ ਮੁੱਢ ਬੰਨਿਆ ਹੈ।

ਧਰਤੀ ਤੇ ਲਗਭੱਗ 15 ਕਰੋੜ ਸਾਲ ਡਾਇਨੋਸੋਰ ਵਰਗੇ ਵੱਡੇ ਤੇ ਭਿਆਨਕ ਜੀਵ ਹੀ ਰਾਜ ਕਰਦੇ ਰਹੇ ਹਨ। ਇਹਨਾਂ ਦੇ ਸਰੀਰਾਂ ਦੀਆਂ ਹੱਡੀਆਂ ਦਰਸ-'ਉਂਦੀਆਂ ਹਨ ਕਿ ਇਹਨਾਂ ਦੀ ਲੰਬਾਈ 84 ਫੁੱਟ ਤੱਕ ਹੁੰਦੀ ਸੀ ਤੇ ਬੈਠਣ ਸਮੇਂ 100 ਫੁੱਟ ਥਾਂ ਘੇਰਦੇ ਸਨ। ਇੱਕੋਂ ਥਾਂ 'ਤੇ ਬੈਠ ਕੇ ਹੀ ਇਹ ਸੈਂਕੜੇ ਦਰਖਤਾਂ ਦੇ ਟੂਸੇ ਚਰ ਜਾਂਦੇ ਸਨ ਕਿਉਂਕਿ ਇਹਨਾਂ ਵਿੱਚੋਂ ਬਹੁਤੇ ਸਾਕਾਹਾਰੀ ਸਨ। ਇਸ ਲਈ ਆਮ ਤੌਰ 'ਤੇ ਇਹ ਮਾਸਾਹਾਰੀਆਂ ਦਾ ਸ਼ਿਕਾਰ ਬਣ ਜਾਂਦੇ। ਮਜ਼ਬੂਰ ਹੋ ਕੇ ਇਹਨਾਂ ਰੀਂਗਣ ਵਾਲੇ ਜਾਨਵਰਾਂ ਦੀਆਂ ਕੁਝ ਨਸਲਾਂ ਦਾ ਝੁਕਾਅ ਸਮੁੰਦਰ ਵੱਲ ਨੂੰ ਹੋ ਗਿਆ। ਇਸ ਲਈ ਇਹਨਾਂ ਵਿਚੋਂ ਕੁਝ ਉਸੇ ਸਮੁੰਦਰ ਵਿਚ ਜਾ ਵੜੇ ਜਿੱਥੋਂ ਇਹਨਾਂ ਦੇ ਵੱਡ-ਵਡੇਰੇ ਨਿਕਲ ਕੇ ਧਰਤੀ 'ਤੇ ਆਏ ਸਨ। ਅੱਜ ਸਮੁੰਦਰਾਂ ਵਿੱਚੋਂ ਮਿਲਣ ਵਾਲੀ ਥਣਧਾਰੀ ਵੇਲਖ਼ ਮੱਛੀ ਇਹਨਾਂ ਡਾਇਨੋਸੋਰਾਂ ਦਾ ਹੀ ਇੱਕ ਰੂਪ ਹੈ।

## ਪੰਛੀ ਕਿਵੇਂ ਬਣੇ?

ਜਦੋਂ ਡਾਇਨੋਸੋਰਾਂ ਦੀ ਨਸਲ ਦੇ ਛੋਟੇ ਛੋਟੇ ਜੀਵ ਮਾਸਾਹਾਰੀ ਜੀਵਾਂ ਦਾ ਟਾਕਰਾ ਨਾ ਕਰ ਸਕੇ ਤਾਂ ਇਹਨਾਂ ਵਿਚੋਂ ਕੁਝ ਪਹਾੜੀ ਸਥਾਨਾਂ 'ਤੇ ਕੂਚ ਕਰ ਗਏ। ਹਾਲਤਾਂ ਦੀ ਮੰਗ ਅਨੁਸਾਰ ਉਹਨਾਂ ਨੇ ਆਪਣੇ ਸਰੀਰਾਂ ਨੂੰ ਠੰਡ ਤੋਂ ਬਚਾਉਣ ਲਈ ਛੋਟੇ ਛੋਟੇ ਖੰਭ ਉਗਾ ਲਏ। ਇਹ ਛੋਟੇ ਛੋਟੇ ਖੰਭ ਉਹਨਾਂ ਨੂੰ ਪਹਾੜਾਂ ਵਿੱਚ ਉੱਚੀ ਚੋਟੀ ਤੋਂ ਹੇਠਲੀ ਚੋਟੀ ਤੱਕ ਆਉਣ ਵਿੱਚ ਸਹਾਈ ਹੁੰਦੇ ਸਨ।

ਲੱਖਾਂ ਸਾਲਾਂ ਦੇ ਅਭਿਆਸ ਨਾਲ ਆਖਰ ਇਹ ਕਿਰਲੀਆਂ ਉੱਡਣਾ ਸਿਖ ਗਈਆਂ ਤੇ ਇਕ ਸਮਾਂ ਅਜਿਹਾ ਵੀ ਆਇਆ ਜਦੋਂ ਧਰਤੀ ਦੇ ਚਾਰੇ ਪਾਸੇ ਇਹ ਕਿਰਲੀਆਂ ਹੀ ਉੱਡਦੀਆਂ ਨਜ਼ਰ ਆਉਂਦੀਆਂ੧ਓਨ। ਇਸ ਤਰਖ਼ਾਂ ਇਹ ਪਹਿਲੇ ਪੰਛੀ ਬਣ ਗਏ। ਪਹਿਲਾਂ ਪਹਿਲ ਇਹ ਪੰਛੀ ਸਮੁੰਦਰੀ ਮੱਛੀਆਂ ਖਾ ਕੇ ਗੁਜਾਰਾ ਕਰਦੇ ਸਨ। ਉਹਨਾਂ ਦੇ ਅਗਲੇ ਪੈਰ ਅੱਜ ਵੀ ਐਟਾਰਟਿਕਾ ਵਿਚੋਂ ਮਿਲਦੇ ਪੰਛੀ ਪੈਂਗੁਅਨ ਜਿਹੇ ਹੁੰਦੇ ਸਨ ਤੇ ਇਹਨਾਂ ਦੇ ਪਰ ਕੀਵੀ ਵਰਗੇ ਹੁੰਦੇ ਸਨ। ਧਰਤੀ ਦੀਆਂ ਚਟਾਨਾਂ ਵਿਚੋਂ ਮਿਲੇ ਆਰਕੀਉਪਟੈਰਿਕਸ ਨਾਂ ਦੇ ਜੀਵ ਦੇ ਪਿੰਜਰ ਇਸ ਗੱਲ ਦਾ ਸਬੂਤ ਹਨ ਕਿ ਰੀਂਗਣ ਵਾਲੇ ਜਾਨਵਰਾਂ ਤੋਂ ਹੀ ਉੱਡਣ ਵਾਲੇ ਪੰਛੀ ਹੋਂਦ ਵਿਚ ਆਏ ਹਨ। ਇਸ ਪੰਛੀ ਵਿੱਚ ਉੱਡਣ ਵਾਲੇ ਤੇ ਰੀਂਗ ਕੇ ਤੁਰਨ ਵਾਲੇ ਦੋਹਾਂ ਜੀਵਾਂ ਦੇ ਗੁਣ ਮੌਜੂਦ ਸਨ। ਅੱਜ ਤੋਂ ਸਾਢੇ ਛੇ ਕਰੋੜ ਵਰਖ਼ੇ ਪਹਿਲਾਂ ਧਰਤੀ ਤੇ ਵਾਪਰੀ ਕਿਸੇ ਵੱਡੀ ਦੁਰਘਟਨਾ ਕਾਰਨ ਡਾਇਨੋਸੋਰਾਂ ਦੀਆਂ ਨਸਲਾਂ ਧਰਤੀ ਤੋਂ ਸਦਾ ਲਈ ਅਲੋਪ ਹੋ ਗਈਆਂ। ਪਰ ਇਹਨਾਂ ਦੀ ਹੋਂਦ ਦੇ ਸਬੂਤ ਕਲਕੱਤੇ ਦੇ ਅਜਾਇਬਘਰ ਵਿੱਚ ਪਈਆਂ ਵੱਡੀਆਂ ਵੱਡੀਆਂ ਹੱਡੀਆਂ ਦੇ ਪਿੰਜਰ ਹਨ। ਦੁਨੀਆ ਦੇ ਇਸ ਨਵੇਂ ਦ੍ਰਿਸ਼ ਤੇ ਹੁਣ ਹੋਰ ਕਿਸਮ ਦੇ ਸਖਤ ਦਰਖਤ ਤੇ ਤਾਕਤਵਰ ਜੀਵ ਵਿਖਾਈ ਦੇਣ ਲੱਗ ਪਏ। (ਚਲਦਾ)

# ਹੁਕਮਰਾਨ ਹੋਣ ਦਾ ਮਤਲਬ ਕੀ ਹੁੰਦਾ ਹੈ?

ਦੀ ਮਨਜ਼ੂਰੀ ਨਾ.ਲ ਹੀ ਕੋਈ ਵਿਅਕਤੀ ਰਾਜਾ ਬਣ ਸਕਦਾ ਹੈ। ਬਾਬਾ ਸਾਹਿਬ ਨੇ ਇਹ ਅਧਿਕਾਰ ਬ੍ਰਾਹਮਣ ਤੋਂ ਖੋਹ ਕੇ ਆਮ ਜਨਤਾ ਨੂੰ ਦੇ ਦਿੱਤਾ। ਜਾਣੀ ਰਾਜ ਤਿਲਕ ਦੇ ਕੇ ਰਾਜਾ ਬਣਾਉਣ ਦਾ ਅਧਿਕਾਰ ਬ੍ਰਾਹਮਣ ਦੀ ਜਗ੍ਹਾ ਆਮ ਲੋਕਾਂ ਕੋ.ਲ ਆ ਗਿਆ ਹੈ। ਹੁਣ ਆਮ ਜਨਤਾ ਆਪਣੀ ਵੋਟ ਰਾਹੀਂ ਆਪਣਾ ਰਾਜਾ ਚੁਣਦੀ ਹੈ। ਆਮ ਜਨਤਾ ਵਿੱਚ ਉੱਚੇ ਅਖਵਾਉਂਦੇ ਲੋਕ ਵੀ ਹਨ ਅਤੇ ਨੀਵੇਂ ਆਖੇ ਜਾਣ ਵਾ.ਲੇ ਲੋਕ ਵੀ। ਜੇਕਰ ਸੱਚ ਕਹੀਏ ਤਾਂ ਨੀਵੇਂ ਕਹੇ ਜਾਣ ਵਾਲਿਆਂ ਦੀ ਗਿਣਤੀ ਜ਼ਿਆਦਾ ਹੈ। ਇਸ ਹਿਸਾਬ ਨਾ.ਲ ਆਮ ਲੋਕ ਬਲਕਿ ਨੀਵੇਂ ਕਹੇ ਜਾਣ ਵਾ.ਲੇ ਲੋਕ ਹੀ ਹੁਕਮਰਾਨ ਹਨ। ਪਰ ਭਾਰਤੀ ਸੰਵਿਧਾਨ ਨੂੰ ਠੀਕ ਤਰੀਕੇ ਨਾ.ਲ ਲਾਗੂ ਨਾ ਕੀਤੇ ਜਾਣ ਕਾਰਨ ਹੁਕਮਰਾਨ ਆਮ ਜਨਤਾ ਨਹੀਂ ਬਲਕਿ ਇੱਕ ਖ਼ਾਸ ਵਰਗ ਹੈ ਜਿਸਦਾ ਹੁਕਮ ਚੱਲਦਾ ਹੈ। ਜੇਕਰ ਨਰੇਂਦਰ ਮੋਦੀ ਪ੍ਰਧਾਨ ਮੰਤਰੀ ਹੈ ਤਾਂ ਉਸ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਦੇ ਦਾਅਵੇਦਾਰ ਵਜੋਂ ਪੇਸ਼ ਕਰਨ ਵਾ.ਲੀ ਅਤੇ ਬਾਅਦ ਵਿੱਚ ਉਸ 'ਤੇ ਦਬਾਅ ਪਾ ਕੇ ਆਪਣਾ ਹੁਕਮ ਮਨਾਉਣ ਵਾ.ਲੀ ਰਾਸ਼ਟਰੀ ਸਵੈਂ-ਸੇਵਕ ਸੰਘ ਹੈ। ਇਸ ਤੋਂ ਪਹਿਲਾਂ ਵੀ ਜੋ ਵਿਅਕਤੀ ਪ੍ਰਧਾਨ ਮੰਤਰੀ ਜਾਂ ਰਾਜਾਂ ਦੇ ਮੁੱਖ ਮੰਤਰੀ ਜਾਂ ਮੰਤਰੀ ਬਣਦੇ ਆਏ ਹਨ ਉਹਨਾਂ ਤੋਂ ਹੁਕਮ ਮਨਾਉਣ ਵਾ.ਲਾ ਵਰਗ ਹਮੇਸ਼ਾਂ ਹੋਰ ਹੁੰਦਾ ਹੈ।

ਜਮਾਂਦਰੂ ਹੁਕਮਰਾਨੀ ਦੇ ਪਟੇ ਵਾਲਿਆਂ ਨੂੰ ਪਤਾ ਹੈ ਕਿ ਰਾਜਨੀਤੀ ਵਿੱਚ ਦਿਲਚਸਪੀ ਨਾ.ਲ ਹੀ ਸੁੱਖਾਂ ਦੀ ਪ੍ਰਾਪਤੀ ਹੈ। ਹੇਠਲੇ ਵਰਗ ਦੇ ਲੋਕਾਂ ਨੇ ਰਾਜਨੀਤੀ ਵਿੱਚ ਬਹੁਤੀ ਦਿਲਚਸਪੀ ਨਹੀਂ ਦਿਖਾਈ। ਉਹਨਾਂ ਨੇ ਮੰਨ ਲਿਆ ਹੈ ਕਿ ਦੇਸ਼ ਨੂੰ ਚਲਾਉਣ ਦੀ ਜ਼ਿੰਮੇਂਵਾਰੀ ਉੱਪਰਲੇ ਵਰਗਾਂ ਦੀ ਹੀ ਹੈ। ਮਹਾਰਾਜਾ ਰਣਜੀਤ ਸਿੰਘ ਨੇ ਜਦੋਂ ਰਾਜ ਸੰਭਾਲਿਆ ਤਾਂ ਉਸਨੂੰ ਸ਼ਿਵਾਜੀ ਵਾਂਗ ਕਿਸੇ ਬ੍ਰਾਹਮਣ ਤੋਂ ਪੈਰ ਦੇ ਅੰਗੂਠੇ ਨਾ.ਲ ਤਿਲਕ ਲਵਾ ਕੇ ਬੇਇੱਜ਼ਤੀ ਨਹੀਂ ਕਰਵਾਉਣੀ ਪਈ। ਕਿਉਂਕਿ ਉਹ ਸਿੱਖ ਧਰਮ ਨੂੰ ਮੰਨਦਾ ਸੀ। ਪਰ ਬ੍ਰਾਹਮਣੀ ਰਸਮਾਂ-ਰੀਤਾਂ ਤੋਂ ਉਹ ਵੀ ਮੁਕਤ ਨਹੀਂ ਹੋ ਸਕਿਆ। ਉਸ ਨੇ ਵੀ ਆਪਣੇ ਰਾਜ ਤਿਲਕ ਲਈ ਗੁਰੂ ਵੰਸ਼ ਵਿੱਚੋਂ ਬਾਬਾ ਸਾਹਿਬ ਸਿੰਘ ਬੇਦੀ ਨੂੰ ਬੁਲਾਇਆ। ਜਿਸ ਨੇ ਤਿਲਕ ਲਾ ਕੇ ਰਣਜੀਤ ਸਿੰਘ ਨੂੰ ਰਾਜਾ ਘੋਸ਼ਿਤ ਕੀਤਾ। ਜੇ ਉੱਚਿਆਂ ਨੇ ਹੀ ਰਾਜਾ ਹੋਣ ਦੀ ਮਨਜ਼ੂਰੀ ਦੇਣੀ ਹੈ ਤਾਂ ਸਿੱਖ ਧਰਮ ਅਤੇ ਹਿੰਦੂ ਧਰਮ ਵਿੱਚ ਫ਼ਰਕ ਕੀ ਹੋਇਆ? ਸਵਾਲ ਇਹ ਹੈ ਕਿ ਜੇਕਰ ਗੁਰਗੱਦੀ ਰਸਮ ਸਮੇਂ ਕਿਸਾਨੀ ਕਰਨ ਵਾ.ਲੇ ਇੱਕ ਕਿਰਤੀ ਬਜ਼ੁਰਗ ਬਾਬਾ ਬੁੱਢਾ ਜੀ ਗੁਰੂ ਅੰਗਦ ਦੇਵ, ਗੁਰੂ ਅਮਰ ਦਾਸ, ਗੁਰੂ ਅਰਜਨ ਦੇਵ ਆਦਿ ਨੂੰ ਤਿਲਕ ਲਗਾਉਣ ਦੀ ਰਸਮ ਅਦਾ ਕਰ ਸਕਦੇ ਹਨ ਤਾਂ ਰਣਜੀਤ ਸਿੰਘ ਨੂੰ ਰਾਜਾ ਘੋਸ਼ਿਤ ਕਰਨ ਸਮੇਂ ਕਿਸੇ ਕਿਰਤੀ ਨੂੰ ਇਹ ਮੌਕਾ ਕਿਉਂ ਨਹੀਂ ਮਿਲ ਸਕਿਆ? ਜਾਂ ਗੁਰੂ ਦੇ ਸਾਜੇ ਪੰਜ ਪਿਆਰੇ ਇਹ ਰਸਮ ਨਿਭਾਉਣ ਦੇ ਕਾਬਿਲ ਕਿਉਂ ਨਹੀਂ ਸਮਝੇ ਗਏ? ਸਿੱਧਾ ਜਿਹਾ ਜਵਾਬ ਹੈ ਕਿ ਅਸਲ ਵਿੱਚ ਰਣਜੀਤ ਸਿੰਘ ਹੁਕਮਰਾਨ ਨਹੀਂ ਇੱਕ ਰਾਜਾ ਸੀ ਜਿਸ ਨੇ ਬ੍ਰਾਹਮਣ ਦੀ ਸਲਾਹ ਮੰਨ ਕੇ ਲੰਬਾ ਸਮਾਂ ਰਾਜ ਚਲਾਇਆ। ਬਾਬਾ ਬੰਦਾ ਸਿੰਘ ਬਹਾਦਰ ਲੰਬਾ ਸਮਾਂ ਇਸ ਲਈ ਰਾਜ ਨਹੀਂ ਕਰ ਸਕੇ ਕਿਉਂਕਿ ਉਹਨਾਂ ਨੂੰ ਹੁਕਮ ਦੇਣ ਦੀ ਕਿਸੇ ਵਿੱਚ ਜੁਰਅਤ ਨਹੀਂ ਸੀ ਅਤੇ ਉਹ ਖ਼ਾਲਸਈ ਰਵਾਇਤਾਂ ਅਨੁਸਾਰ ਖ਼ੁਦ ਸ਼ਾਸਕ ਬਣ ਕੇ ਵਿਚਰ ਰਹੇ ਸਨ। ਅਜਿਹੇ ਸ਼ਾਸਕ ਦੇ ਸਭ ਵਿਰੋਧੀ ਹੁੰਦੇ ਹਨ। ਜੇਕਰ ਉਹ ਵੀ ਬ੍ਰਾਹਮਣ ਦੀ ਸਲਾਹ ਅਨੁਸਾਰ ਰਾਜ ਚਲਾਉਂਦੇ ਹਨ, ਲੰਬਾ ਸਮਾਂ ਰਾਜ ਕਰ ਸਕਦੇ ਸਨ। ਬਸਪਾ ਸੁਪਰੀਮੋ ਸ਼੍ਰੀ ਕਾਂਸ਼ੀ ਰਾਮ ਜੀ ਨੂੰ ਭਾਜਪਾ ਸਰਕਾਰ ਸਮੇਂ ਰਾਸ਼ਟਰਪਤੀ ਦੇ ਅਹੁਦੇ ਦੀ ਪੇਸ਼ਕਸ਼ ਕੀਤੀ ਗਈ ਸੀ। ਪਰ ਇਸ ਨੂੰ ਉਹਨਾਂ ਠੁਕਰਾ ਦਿੱਤਾ ਸੀ।

ਅਸਲ ਵਿੱਚ ਸ਼ਾਸਕ ਹੋਣਾ ਕੀ ਹੁੰਦਾ ਹੈ ਇਸ ਦੀ ਸਿੱਖਿਆ ਹੇਠਲੇ ਵਰਗਾਂ ਦੇ ਲੋਕਾਂ ਨੂੰ ਦਿੱਤੀ ਹੀ ਨਹੀਂ ਗਈ। ਬ੍ਰਾਹਮਣੀ ਸਮਾਜਿਕ ਢਾਂਚੇ ਵਿੱਚ ਬ੍ਰਾਹਮਣ ਦਾ ਆਖਿਆ ਹੀ ਧਰਮ ਦਾ ਅਦੇਸ਼ ਹੁੰਦਾ ਹੈ। ਅੱਜ ਭਾਵੇਂ ਸੰਵਿਧਾਨ ਲਾਗੂ ਹੈ ਪਰ ਫਿਰ ਵੀ ਬ੍ਰਾਹਮਣ ਹੀ ਕਰਤਾ ਧਰਤਾ ਬਣਿਆ ਹੋਇਆ ਹੈ। ਇਸ ਲਈ ਸਭ ਪਾਰਟੀਆਂ ਦੇ ਮੁਖੀ ਸਵਰਨ ਜਾਤੀਆਂ ਨਾ.ਲ ਸੰਬੰਧਤ ਲੋਕ ਹੀ ਹਨ। ਕਿਸ ਨੂੰ ਟਿਕਟ ਦੇਣੀ ਹੈ ਕਿਸ ਨੂੰ ਨਹੀਂ, ਇਸ ਦਾ ਫ਼ੈਸਲਾ ਪਾਰਟੀ ਮੁਖੀ ਕਰਦੇ ਹਨ ਕਿਉਂਕਿ ਉਹਨਾਂ ਕੋ.ਲ ਟਿਕਟ ਦੇਣ ਦੀ ਤਾਕਤ ਹੈ। ਲੋਕਾਂ ਦਾ ਨੁਮਾਇੰਦਾ ਕੌਣ ਹੋਵੇ ਇਸ ਦਾ ਫ਼ੈਸਲਾ ਆਮ ਲੋਕ ਨਹੀਂ ਕਰਦੇ। ਆਮ ਲੋਕ ਸਿਰਫ਼ ਵੋਟ ਪਾਉਣ ਤੱਕ ਹੀ ਸੀਮਤ ਰਹਿ ਗਏ ਹਨ। ਇਸ ਤਰ੍ਹਾਂ ਰਾਜਾ ਕਿਸ ਨੂੰ ਬਣਾਉਣਾ ਹੈ ਇਸ ਦਾ ਫ਼ੈਸਲਾ ਅੱਜ ਵੀ ਉੱਚ ਜਾਤੀ ਸਵਰਨ ਹਿੰਦੂ ਹੀ ਕਰ ਰਹੇ ਹਨ।

ਗੁਰਬਾਣੀ ਹੁਕਮਰਾਨ ਬਾਰੇ ਸਪੱਸ਼ਟ ਕਰਦੀ ਹੋਈ ਆਖਦੀ ਹੈ:-

ਤਖਤ ਬਹਹਿ ਤਖਤੈ ਕੀ ਲਾਇਕ।।

ਭਾਵ ਉਹ ਵਿਅਕਤੀ ਹੀ ਤਖਤ 'ਤੇ ਬੈਠਣਾ ਚਾਹੀਦਾ ਹੈ ਜਿਹੜਾ ਤਖਤ ਦੇ ਪੂਰੀ ਤਰ੍ਹਾਂ ਲਾਇਕ ਹੋਵੇ। ਜੋ ਹਰ ਵਿਅਕਤੀ ਨੂੰ ਅੱਗੇ ਵਧਣ ਦੇ ਬਰਾਬਰ ਮੌਕੇ ਦੇਵੇ ਅਤੇ ਹਰ ਇੱਕ ਨੂੰ ਇਨਸਾਫ਼ ਦੇਵੇ। ਜਦੋਂ ਸਿੱਖਾਂ ਦੇ ਵੱਡੇ ਨੇਤਾ ਨਵਾਬ ਕਪੂਰ ਸਿੰਘ ਦੇ ਸਾਹਮਣੇ ਆਪਣਾ ਅੰਤਮ ਸਮਾਂ ਦਿਖ ਰਿਹਾ ਸੀ ਤਾਂ ਉਹਨਾਂ ਨੇ ਆਪਣੇ ਆਗਿਆਕਾਰ ਅਤੇ ਬਹਾਦਰ ਭਤੀਜੇ ਦੀ ਜਗ੍ਹਾ ਜੱਸਾ ਸਿੰਘ ਆਹਲੂਵਾ.ਲੀਆ ਨੂੰ ਪੰਥ ਦੀ ਕਮਾਨ ਸੰਭਾ.ਲੀ। ਇਸੇ ਤਰ੍ਹਾਂ ਸ਼ਾਹੂ ਜੀ ਮਹਾਰਾਜ ਕੋਹਲਾਪੁਰ ਨੇ ਆਪਣੇ ਅੰਤਮ ਸਮੇਂ ਕੋਹਲਾਪੁਰ ਰਿਆਸਤ ਦੇ ਮਾਨਗਾਉਂ ਵਿਖੇ ਬਾਬਾ ਸਾਹਿਬ ਦੀ ਪ੍ਰਧਾਨਗੀ ਹੇਠ ਹੋਈ ਇੱਕ ਸਭਾ ਵਿੱਚ 21 ਮਾਰਚ 1921 ਨੂੰ ਅਛੂਤਾਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ "ਤੁਹਾਨੂੰ ਅੰਬੇਡਕਰ ਦੇ ਰੂਪ ਵਿੱਚ ਮਸੀਹਾ ਮਿ.ਲ ਗਿਆ ਹੈ। ਮੈਨੂੰ ਪੂਰਾ ਭਰੋਸਾ ਹੈ ਕਿ ਇਹ ਤੁਹਾਡੀ ਗ਼ੁਲਾਮੀ ਦੀਆਂ ਬੇੜੀਆਂ ਕੱਟ ਦੇਵੇਗਾ।" ਸਿੱਖਾਂ ਨੇ ਆਪਣੇ ਆਗੂ ਨਵਾਬ ਕਪੂਰ ਸਿੰਘ ਦੀ ਗੱਲ ਮੰਨ ਲਈ। ਜਿਸ ਕਰਕੇ ਉਹਨਾਂ ਦਾ ਸੰਘਰਸ਼ ਸਫਲਤਾ ਵੱਲ ਵਧਿਆ ਅਤੇ ਜੱਸਾ ਸਿੰਘ 'ਸੁਲਤਾਨ-ਉਲ-ਕੌਮ' ਅਖਵਾਇਆ। ਪਰ ਸ਼ਾਹੂ ਜੀ ਮਹਾਰਾਜ ਦੀ ਗੱਲ ਠੀਕ ਹੋਣ ਦੇ ਬਾਵਜੂਦ ਨਹੀਂ ਮੰਨੀ ਗਈ। ਜੇਕਰ ਲੋਕਾਂ ਨੇ ਇਸ ਨੂੰ ਗੰਭੀਰਤਾ ਨਾ.ਲ ਲਿਆ ਹੁੰਦਾ ਤਾਂ ਨਹਿਰੂ ਸਮੇਤ ਕਿਸੇ ਆਗੂ ਵਿੱਚ ਵੀ ਹਿੰਮਤ ਨਹੀਂ ਸੀ ਕਿ ਉਹ ਵਿਦਵਾਨ ਡਾ: ਅੰਬੇਡਕਰ ਦੇ ਸਾਹਮਣੇ ਖੜੋ ਵੀ ਸਕਦਾ।

ਬਾਬਾ ਸਾਹਿਬ ਨੇ ਅਛੂਤਾਂ ਨੂੰ ਕਿਹਾ, "ਦ੍ਰਿੜ੍ਹ ਨਿਸ਼ਚਾ ਕਰੋ ਕਿ ਤੁਸੀਂ ਅਜ਼ਾਦ ਭਾਰਤ ਦੇ ਹੁਕਮਰਾਨ ਬਣਨਾ ਹੈ। ਕਿਸੇ ਦੇ ਅਧੀਨ ਨਹੀਂ ਰਹਿਣਾ। ਗ਼ੁਲਾਮ ਨਹੀਂ ਮਾਲਕ ਬਣ ਕੇ ਰਹਿਣਾ ਹੈ। ਆਪਣੇ ਘਰਾਂ ਦੀਆਂ ਕੰਧਾਂ 'ਤੇ ਲਿਖ ਲਓ ਕਿ ਸਾਡਾ ਉਦੇਸ਼ ਸ਼ਾਸਕ ਵਰਗ ਬਣਨਾ ਹੈ। ਇਹ ਉਦੇਸ਼, ਇਹ ਨਿਸ਼ਾਨਾ ਕੋਈ ਸਾਧਾਰਨ ਮਹੱਤਵ ਵਾਲਾ ਨਹੀਂ। ਇਸ ਨੂੰ ਪ੍ਰਾਪਤ ਕਰਨ ਲਈ ਕਠਿਨ ਮਿਹਨਤ ਕਰਨੀ ਪਵੇਗੀ। ਕੇਵਲ ਭਾਸ਼ਣਾਂ ਨਾਲ ਜਾਂ ਮਤੇ ਪਾਸ ਕਰਨ ਨਾਲ ਇਹ ਪੂਰਾ ਨਹੀਂ ਹੋਵੇਗਾ।"

ਸ਼ਾਸਕ ਬਣਨ ਲਈ ਕਿਸੇ ਵੀ ਵਰਗ ਨੂੰ ਆਪਣੀ ਸੋਚ ਬਦਲਣੀ ਪੈਂਦੀ ਹੈ। ਹੁਕਮਰਾਨ ਬਣਨ ਦੇ ਸੁਪਨੇ ਲੈਣ ਵਾ.ਲੇ ਹੀ ਹੁਕਮਰਾਨ ਬਣਦੇ ਹਨ। ਚੰਦਰ ਗੁਪਤ ਮੌਰੀਆ ਬੇਹੱਦ ਗਰੀਬੀ ਵਿੱਚ ਪ.ਲਦਾ ਹੋਇਆ ਵੀ ਹਾਣੀ ਬੱਚਿਆਂ ਨਾ.ਲ ਖੇਡਣ ਸਮੇਂ ਰਾਜਾ ਬਣਿਆ ਕਰਦਾ ਸੀ। ਉਸਨੇ ਸਖ਼ਤ ਘਾਲਣਾ ਘਾਲੀ ਅਤੇ ਇੱਕ ਦਿਨ ਵੱਡੇ ਸਾਮਰਾਜ ਦਾ ਮੁਖੀਆ ਬਣਿਆ। ਜੱਸਾ ਸਿੰਘ ਆਹਲੂਵਾ.ਲੀਆ ਮਾਂ-ਬਾਪ ਦਾ ਇਕਲੌਤਾ ਪੁੱਤਰ ਸੀ। ਅਜੇ ਉਹ ਚਾਰ ਸਾਲ ਦਾ ਸੀ ਜਦੋਂ ਪਿਤਾ ਦਾ ਸਾਇਆ ਸਿਰ ਤੋਂ ਉੱਠ ਗਿਆ। ਫਿਰ ਇੱਕ ਦਿਨ ਕੀਰਤਨ ਕਰਦਿਆਂ ਦੇਖ ਕੇ ਨਵਾਬ ਕਪੂਰ ਸਿੰਘ ਨੇ ਉਸਨੂੰ ਪੰਥ ਲਈ ਮੰਗ ਲਿਆ। ਵਿਧਵਾ ਹੋ ਚੁੱਕੀ ਮਾਤਾ ਦਾ ਇਕਲੌਤਾ ਸਹਾਰਾ ਸੰਕਟ ਨਾ.ਲ ਜੂਝ ਰਹੇ ਸਿੱਖ ਪੰਥ ਲਈ ਮੰਗਿਆ ਜਾ ਰਿਹਾ ਸੀ ਤਾਂ ਵੀ ਉਸ ਨੇ ਮੱਥੇ ਵੱਟ ਪਾਏ ਬਿਨਾਂ ਬਾਲ ਜੱਸਾ ਸਿੰਘ ਨੂੰ ਨਵਾਬ ਕਪੂਰ ਸਿੰਘ ਦੀ ਝੋ.ਲੀ ਪਾ ਦਿੱਤਾ। ਇੱਕ ਦਿਨ ਉਹ ਨਿਆਸਰਾ ਬੱਚਾ ਹੀ ਮਹਾਰਾਜਾ ਅਖਵਾਇਆ। ਜਦੋਂ ਵੱਡੇ ਅਹੁਦੇ ਤੱਕ ਪਹੁੰਚਣ ਦੀ ਸੋਚ ਬਣ ਜਾਂਦੀ ਹੈ ਤਾਂ ਉਹ ਸੋਚ ਕਦੇ ਨਾ ਕਦੇ ਅਹੁਦੇ ਤੱਕ ਪਹੁੰਚਾ ਵੀ ਦਿੰਦੀ ਹੈ। ਵੱਖੋ-ਵੱਖਰੇ ਵਰਗਾਂ ਦੇ ਮਨਾਂ ਵਿੱਚ ਵਸ ਚੁੱਕੇ ਵਿਚਾਰਾਂ ਦੀ ਉਦਾਹਰਣ ਦਿੰਦਿਆਂ ਬਾਬਾ ਸਾਹਿਬ ਨੇ ਕਿਹਾ ਸੀ ਕਿ "ਜਦੋਂ ਇੱਕ ਬ੍ਰਾਹਮਣੀ ਗਰਭਵਤੀ ਹੁੰਦੀ ਹੈ ਤਾਂ ਉਹ ਕੇਵਲ ਦੇਸ਼ ਦੀਆਂ ਹਾਈ ਕੋਰਟਾਂ ਵੱਲ ਨਜ਼ਰ ਦੁੜਾਉਂਦੀ ਕਿ ਕਿਧਰੇ ਜੱਜ ਦੀ ਨੌਕਰੀ ਖਾਲੀ ਹੈ ਕਿ ਨਹੀਂ। ਪਰ ਜਦੋਂ ਅਛੂਤ ਔਰਤ ਗਰਭਵਤੀ ਹੁੰਦੀ ਹੈ ਤਾਂ ਇਸ ਤੋਂ ਵੱਧ ਹੋਰ ਕੁੱਝ ਨਹੀਂ ਸੋਚ ਸਕਦੀ ਕਿ ਉਸ ਦੇ ਬੱਚੇ ਲਈ ਕਿਧਰੇ ਭੰਗੀ ਦੀ ਨੌਕਰੀ ਖਾਲੀ ਹੈ ਕਿ ਨਹੀਂ।" ਜੇਕਰ ਅਛੂਤਾਂ ਤੇ ਪਛੜਿਆਂ ਨੇ ਵੀ ਹੁਕਮਰਾਨ ਬਣਨ ਦੇ ਸੁਪਨੇ ਲਏ ਹੁੰਦੇ ਤਾਂ ਉਹ ਅੱਜ ਦੇਸ਼ ਦੇ ਹੁਕਮਰਾਨ ਹੁੰਦੇ।

ਅੱਜ ਦੇ ਮੌਜੂਦਾ ਹਾਲਾਤਾਂ ਸਮੇਂ ਜਦੋਂ ਅਸੀਂ ਵੇਖਦੇ ਹਾਂ ਤਾਂ ਸਾਨੂੰ ਦੇਸ਼ ਦੇ ਪ੍ਰਧਾਨ ਮੰਤਰੀ ਦੀ ਚੋਣਾਂ ਤੋਂ ਪਹਿਲਾਂ ਕਹੀ ਇੱਕ ਗੱਲ ਯਾਦ ਆਉਂਦੀ, "ਸਭ ਕਾ ਸਾਥ, ਸਭ ਕਾ ਵਿਕਾਸ"। ਦੇਖਣ ਨੂੰ ਇਹ ਬਹੁਤ ਹੀ ਮਨ ਲੁਭਾਉਣੀ ਗੱਲ ਹੈ ਕਿਉਂਕਿ ਸਭ ਦੇ ਸਹਿਯੋਗ ਨਾ.ਲ ਸਭ ਲੋਕਾਂ ਦਾ ਵਿਕਾਸ ਹੋਣਾ "ਤਖਤੈ ਕੀ ਲਾਇਕ" ਦੀ ਤੁਕ ਨੂੰ ਸਾਰਥਕ ਕਰਦਾ ਹੈ। ਪਰ ਇਸ ਚੋਣ ਪ੍ਰਕਿਰਿਆ ਵਿੱਚ ਸਭ ਦਾ ਸਾਥ ਰਹਿ ਹੀ ਕਿੱਥੇ ਗਿਆ? ਨੁਮਾਇੰਦੇ ਚੁਣੇ ਜਾਣ ਲਈ ਉਮੀਦਵਾਰ ਬਣਾਉਣ ਵਾ.ਲੇ ਤਾਂ ਕੁੱਝ ਲੋਕ ਹੀ ਹਨ। ਚੋਣਾਂ ਵਿੱਚ ਆਪਣਾ ਦੋ ਨੰਬਰ ਦਾ ਪੈਸਾ ਲਾਉਣ ਵਾ.ਲੇ ਉਦਯੋਗ ਪਤੀ ਹਨ। ਦੇਸ਼ ਦੇ ਸਮੁੱਚੇ ਮੀਡੀਏ ਨੇ ਇੱਕ ਪਾਸੜ ਹਵਾ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਇਸ ਹਵਾ ਨੂੰ ਦੇਖਦਿਆਂ ਆਮ ਸਭ ਲੋਕ ਤਾਂ ਉਹਨਾਂ ਵਿੱਚੋਂ ਹੀ ਇੱਕ ਪਾਰਟੀ 'ਤੇ ਮੋਹਰ ਲਾ ਆਏ ਹਨ। ਸਰਕਾਰ ਬਣਨ ਪਿੱਛੋਂ ਅੱਜ ਅਸੀਂ ਦੇਖ ਰਹੇ ਹਾਂ ਕਿ ਧਾਰਮਿਕ ਘੱਟ ਗਿਣਤੀਆਂ ਖ਼ਾਸ ਕਰ ਮੁਸਲਮਾਨਾਂ ਅਤੇ ਪਹਿਲਾਂ ਤੋਂ ਹੀ ਹਾਸ਼ੀਏ 'ਤੇ ਧੱਕੇ ਹੋਏ ਅਛੂਤਾਂ ਦੇ ਵਿਕਾਸ ਨੂੰ ਰੋਕਣ ਦੇ ਲਗਾਤਾਰ ਯਤਨ ਹੀ ਨਹੀਂ ਕੀਤੇ ਜਾ ਰਹੇ ਬਲਕਿ ਉਹਨਾਂ 'ਤੇ ਅੱਤਿਆਚਾਰਾਂ ਦਾ ਸਿਲਸਿਲਾ ਵੀ ਹਰ ਰੋਜ਼ ਤੇਜ਼ ਹੋ ਰਿਹਾ ਹੈ। ਪ੍ਰਧਾਨ ਮੰਤਰੀ ਇਹਨਾਂ ਮਸਲਿਆਂ 'ਤੇ ਚੁੱਪੀ ਧਾਰ ਲੈਂਦੇ ਹਨ। ਇਸ ਦਾ ਕਾਰਨ ਹੈ ਕਿ ਉਹ ਰਾਜਾ ਹਨ ਹੁਕਮਰਾਨ ਨਹੀਂ। ਉਹਨਾਂ ਨੂੰ ਤਖਤ 'ਤੇ ਬਿਠਾਉਣ ਵਾ.ਲੀ ਆਰ.ਐਸ.ਐਸ. ਹੈ ਜਿਸ ਦੀ ਵਿਚਾਰਧਾਰਾ ਤੋਂ ਮੋਦੀ ਜੀ ਇੰਚ ਭਰ ਵੀ ਦੂਰ ਨਹੀਂ ਹੋ ਸਕਦੇ। ਭਲਾ ਆਪਣੇ ਮਾਲਕਾਂ ਤੋਂ ਵੀ ਕੋਈ ਦੂਰ ਹੋ ਸਕਦਾ ਹੈ?

ਜਦੋਂ ਅਯੁੱਧਿਆ ਪਤੀ ਰਾਮ ਚੰਦਰ ਵਣਵਾਸ ਨੂੰ ਚਲੇ ਗਏ ਤਾਂ ਉਹਨਾਂ ਦੀ ਜਗ੍ਹਾ ਉਹਨਾਂ ਦਾ ਮਤਰੇਆ ਭਰਾ ਭਰਤ ਰਾਜਾ ਬਣਿਆ। ਕਹਿੰਦੇ ਹਨ ਭਰਤ ਦੁਆਰਾ ਰਾਮ ਦੀਆਂ ਖੜਾਵਾਂ ਨੂੰ ਤਖਤ 'ਤੇ ਰੱਖ ਕੇ 14 ਸਾਲਾਂ ਤੱਕ ਰਾਜ ਕਰਵਾਇਆ ਗਿਆ। ਵੈਸੇ ਰਾਜ ਤਾਂ ਹਮੇਸ਼ਾਂ ਤੋਂ ਜੁੱਤੀ ਹੀ ਕਰਦੀ ਹੈ। ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਗੱਦੀ ਖੁਹਾ ਚੁੱਕੇ ਅਫਗਾਨੀ ਬਾਦਸ਼ਾਹ ਸ਼ਾਹ ਸ਼ੁਜਾ ਨੂੰ ਮਜ਼ਬੂਰ ਕਰਕੇ ਉਸ ਤੋਂ ਕੋਹਿਨੂਰ ਹੀਰਾ ਲਿਆ ਤਾਂ ਮਹਾਰਾਜੇ ਦੁਆਰਾ ਉਸ ਤੋਂ ਕੋਹਿਨੂਰ ਦੀ ਕੀਮਤ ਪੁੱਛਣ 'ਤੇ ਸ਼ਾਹ ਸ਼ੁਜਾ ਦਾ ਜਵਾਬ ਸੀ ਕਿ "ਇਸ ਦੀ ਕੀਮਤ ਜੁੱਤੀ ਹੈ।" ਜਦੋਂ ਰਣਜੀਤ ਸਿੰਘ ਇਸ ਜਵਾਬ ਨਾ.ਲ ਹੈਰਾਨ ਹੋਇਆ ਤਾਂ ਉਸ ਨੇ ਕਿਹਾ ਕਿ "ਸਾਡੇ ਪੁਰਖਿਆਂ ਨੇ ਇਸ ਨੂੰ ਜੁੱਤੀ ਮਾਰ ਕੇ ਕਿਸੇ ਹੋਰ ਤੋਂ ਖੋਹਿਆ ਸੀ, ਅੱਜ ਤੁਸੀਂ ਜੁੱਤੀ ਮਾਰ ਕੇ ਮੈਥੋਂ ਲੈ ਲਿਆ ਹੈ ਤੇ ਤੁਹਾਥੋਂ ਕੋਈ ਹੋਰ ਖੋਹ ਲਵੇਗਾ।" ਵੈਸੇ ਰਾਮ ਦੇ ਹੁੰਦਿਆਂ ਉਸ ਦੀ ਆਪਣੀ ਜੁੱਤੀ ਨੇ ਰਾਜ ਨਹੀਂ ਕੀਤਾ ਬਲਕਿ ਬ੍ਰਾਹਮਣ ਦੀ ਜੁੱਤੀ ਨੇ ਕੀਤਾ। ਆਦਿਵਾਸੀ ਔਰਤ ਤਾੜਕਾ ਦਾ ਕਤਲ, ਰਾਜਾ ਬਾਲੀ ਦਾ ਕਤਲ ਅਤੇ ਤਪੱਸਿਆ ਕਰ ਰਹੇ ਵਿਦਵਾਨ ਸ਼ੰਬੂਕ ਦਾ ਕਤਲ ਇਸ ਦੀ ਵੱਡੀ ਮਿਸਾਲ ਹੈ। ਰਾਮ ਦਾ ਸਾਰਾ ਜੀਵਨ ਹੀ ਬ੍ਰਾਹਮਣ ਦਾ ਧਰਮ ਨਿਭਾਉਣ ਵਿੱਚ ਰਿਹਾ। ਇਸ ਕਰਕੇ ਹੀ ਉਹ ਮਰਯਾਦਾ ਪ੍ਰਸ਼ੋਤਮ ਹੈ। ਦੁਨੀਆਂ ਦਾ ਦਸਤੂਰ ਹੈ ਕਿ ਜਿਸ ਦੀ ਜੁੱਤੀ ਵਿੱਚ ਜ਼ੋਰ ਹੁੰਦਾ ਹੈ ਉਹ ਹੁਕਮਰਾਨ ਬਣ ਸਕਦਾ ਹੈ। ਲੋਕਤੰਤਰੀ ਢਾਂਚੇ ਵਿੱਚ ਇਹ ਜ਼ੋਰ ਅਬਾਦੀ ਦੇ ਲਿਹਾਜ ਨਾ.ਲ ਬਹੁਗਿਣਤੀ ਕੋ.ਲ ਹੋਣਾ ਚਾਹੀਦਾ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਭਾਰਤ ਵਿੱਚ ਜਿਸ ਵਰਗ ਦੀ ਅਬਾਦੀ ਪੱਖੋਂ ਗਿਣਤੀ ਹੀ ਤੁੱਛ ਹੈ ਉਹ ਜੁੱਤੀ ਫੜ ਕੇ ਹੁਕਮਰਾਨ ਬਣਿਆ ਬੈਠਾ ਹੈ। ਬਾਕੀ ਸਭ ਉਸ ਅੱਗੇ ਜਾਂ ਤਾਂ ਭਿਖਾਰੀ ਬਣੇ ਹੋਏ ਹਨ ਅਤੇ ਜਾਂ ਉਸ ਦੀਆਂ ਜੁੱਤੀਆਂ ਦੀ ਮਾਰ ਖਾ ਰਹੇ ਹਨ।

ਜ਼ਰਾ ਧਿਆਨ ਨਾ.ਲ ਦੇਖਿਆ ਜਾਵੇ ਕਿ ਭਾਰਤ ਵਿੱਚ ਹੁਣ ਵੀ ਪ੍ਰਧਾਨ ਮੰਤਰੀ ਬ੍ਰਾਹਮਣ ਹੀ ਹੁੰਦਾ ਹੈ। ਜੇ ਬ੍ਰਾਹਮਣ ਨਾ ਹੋਵੇ ਤਾਂ ਬ੍ਰਾਹਮਣ ਦੇ ਅਸ਼ੀਰਵਾਦ ਨਾ.ਲ ਹੀ ਕੋਈ ਇਸ ਅਹੁਦੇ ਤੱਕ ਪਹੁੰਚਦਾ ਹੈ। ਇਸ ਲਈ ਜੋ ਵੀ ਨੇਤਾ ਪ੍ਰਧਾਨ ਮੰਤਰੀ ਬਣਨ ਦਾ ਚਾਹਵਾਨ ਹੁੰਦਾ ਹੈ ਉਹ ਆਮ ਲੋਕਾਂ ਅੱਗੇ ਭਾਵੇਂ ਆਪਣੀ ਵਿਦਵਤਾ ਦਿਖਾਉਂਦਾ ਰਹੇ ਪਰ ਪ੍ਰਧਾਨ ਮੰਤਰੀ ਦੀ ਕੁਰਸੀ ਲਈ ਹਰ ਨੇਤਾ ਬ੍ਰਾਹਮਣ ਦੇ ਅਸ਼ੀਰਵਾਦ ਲਈ ਲੇਲ੍ਹੜੀਆਂ ਕੱਢਦਾ ਦਿਖਾਈ ਦਿੰਦਾ ਹੈ।

ਹੁਕਮਰਾਨਾਂ ਦੀਆਂ ਖ਼ਾਸ ਨਿਸ਼ਾਨੀਆਂ ਹੁੰਦੀਆਂ ਹਨ। ਉਹਨਾਂ ਦਾ ਸਮਾਜ ਵਿੱਚ ਮਾਣ-ਸਨਮਾਨ ਹੁੰਦਾ ਹੈ। ਉਹਨਾਂ ਦੀਆਂ ਧੀਆਂ ਭੈਣਾਂ ਸਦਾ ਸੁਰੱਖਿਅਤ ਰਹਿੰਦੀਆਂ ਹਨ। ਉਹਨਾਂ ਦੇ ਬੱਚੇ ਭੁੱਖ ਨਾ.ਲ ਨਹੀਂ ਵਿਲਕਦੇ ਅਤੇ ਨਾ ਹੀ ਛੋਟੀ ਉਮਰੇ ਕੰਮ ਕਰਨ ਲਈ ਮਜ਼ਬੂਰ ਹੁੰਦੇ ਹਨ। ਉਹਨਾਂ ਨੂੰ ਕੋਈ ਕਿਸੇ ਕੰਮ ਲਈ ਮਜ਼ਬੂਰ ਨਹੀਂ ਕਰ ਸਕਦਾ। ਹੁਣ ਵਿਚਾਰਨ ਵਾ.ਲੀ ਗੱਲ ਹੈ ਕਿ ਜੇਕਰ ਆਮ ਸਧਾਰਨ ਵੋਟਰ ਹੁਕਮਰਾਨ ਹੈ ਤਾਂ ਉਸ ਦਾ ਮਾਣ ਸਨਮਾਨ ਕਿਉਂ ਨਹੀਂ? ਕਿਉਂ ਉਹਨਾਂ ਦੀਆਂ ਧੀਆਂ ਭੈਣਾਂ ਨਾ.ਲ ਹਰ ਰੋਜ਼ ਬਦਸਲੂਕੀ ਹੁੰਦੀ ਹੈ? ਜਰਾ ਗਹੁ ਨਾ.ਲ ਸੋਚ ਵਿਚਾਰ ਕੇ ਦੇਖਿਓ ਤਾਂ ਸਮਝ ਆਵੇਗੀ ਕਿ ਸਵਰਨ ਜਾਤੀਆਂ ਦੀ ਅਗਵਾਈ ਵਾ.ਲੀਆਂ ਪਾਰਟੀਆਂ ਆਪਣੇ ਹਿਤਾਂ ਦੀ ਰਖਵਾਲੀ ਕਰਨ ਵਾ.ਲਾ ਰਾਜਾ ਚੁਣਦੀਆਂ ਹਨ। ਆਮ ਲੋਕਾਂ ਦੇ ਹਿਤਾਂ ਦੀ ਕਿਸੇ ਨੂੰ ਕੋਈ ਪ੍ਰਵਾਹ ਨਹੀਂ। ਅਸੀਂ ਸਭ ਆਪਣੇ ਹਿਤਾਂ ਬਾਰੇ ਸੋਚਣ ਦੀ ਬਜਾਏ ਸਾਡੇ ਉੱਪਰ ਥੋਪੇ ਧਰਮ ਦੇ ਵਡੇਰੇ ਹਿਤਾਂ ਨੂੰ ਦੇਖਦਿਆਂ ਉਸ ਉਮੀਦਵਾਰ 'ਤੇ ਆਪਣੀ ਮੋਹਰ ਲਗਾ ਦਿੰਦੇ ਹਾਂ ਜਿਹੜਾ ਸਵਰਨਾਂ ਦੀ ਚੋਣ ਹੁੰਦਾ ਹੈ। ਜੇਕਰ ਆਮ ਵੋਟਰ ਨੂੰ ਅਜਿਹਾ ਅਧਿਕਾਰ ਨਹੀਂ ਦਿੱਤਾ ਜਾਂਦਾ ਤਾਂ ਆਮ ਵੋਟਰ ਨੂੰ ਵੀ ਸਮਝਦਾਰ ਬਣਨਾ ਚਾਹੀਦਾ ਹੈ। ਉਹ ਅਸਲੀ ਹੁਕਮਰਾਨ ਬਣ ਕੇ ਆਪਣਾ ਫ਼ਰਜ਼ ਨਿਭਾ ਸਕਦਾ ਹੈ। ਇਸ ਦੇ ਨਾ.ਲ ਹੀ ਇਹ ਵੀ ਜ਼ਰੂਰੀ ਹੈ ਕਿ ਜਿੰਨਾਂ ਚਿਰ ਤੱਕ ਆਮ ਮੂਲਵਾਸੀ ਲੋਕ ਹਿੰਦੂ ਧਰਮ ਵਿੱਚ ਆਸਥਾ ਰੱਖਦੇ ਰਹਿਣਗੇ, ਜੈ ਸ਼੍ਰੀਰਾਮ, ਜੈ ਮਾਤਾ ਦੀ ਜਾਂ ਹਰ ਹਰ ਮਹਾਂਦੇਵ ਦੇ ਨਾਅਰੇ ਲਾਉਂਦੇ ਦਿਖਾਈ ਦੇਣਗੇ ਉਦੋਂ ਤੱਕ ਉਹਨਾਂ ਦੀ ਜੁੱਤੀ ਵਿੱਚ ਜ਼ੋਰ ਨਹੀਂ ਹੋਵੇਗਾ। ਬਲਕਿ ਉਹ ਜੁੱਤੀਆਂ ਖਾਣ ਦੇ ਲਾਇਕ ਹੀ ਰਹਿਣਗੇ। ਇਸ ਲਈ ਬਾਬਾ ਸਾਹਿਬ ਡਾ: ਅੰਬੇਡਕਰ ਜੀ ਦੇ ਸੰਦੇਸ਼ ਮੁਤਾਬਕ ਸਾਨੂੰ ਜੁੱਤੀ ਵਿੱਚ ਜ਼ੋਰ ਪੈਦਾ ਕਰਕੇ ਹੁਕਮਰਾਨੀ ਵੱਲ ਵਧਣਾ ਚਾਹੀਦਾ ਹੈ। ਸਾਡੇ ਸਾਹਮਣੇ ਉੱਤਰ ਪ੍ਰਦੇਸ਼ ਦੇ ਨਾ.ਲ-ਨਾ.ਲ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵੀ ਆ ਰਹੀਆਂ ਹਨ। ਇਹਨਾਂ ਚੋਣਾਂ ਵਿੱਚ ਦੋ ਤਰ੍ਹਾਂ ਦੇ ਨੁਮਾਇੰਦੇ ਸਾਡੇ ਸਾਹਮਣੇ ਆਉਣਗੇ। ਬਹੁਤੇ ਉਮੀਦਵਾਰਾਂ ਦੀ ਨਾਮਜ਼ਦਗੀ ਸਵਰਨ ਜਾਤੀਆਂ ਨੇ ਕੀਤੀ ਹੈ। ਇਹਨਾਂ ਉਮੀਦਵਾਰਾਂ 'ਚੋਂ ਅਸੀਂ ਕਿਸ ਦੀ ਚੋਣ ਕਰਨੀ ਹੈ ਇਹ ਅਸੀਂ ਸੋਚਣਾ ਹੈ। ਚੋਣ ਕਰਨ ਸਮੇਂ ਸਾਨੂੰ ਕੁੱਝ ਕੁ ਤਾਂ ਅਕਲ ਦਿਖਾਉਣੀ ਚਾਹੀਦੀ ਹੈ।

# ਜਾਤਪਾਤ ਦੇ ਖ਼ਾਤਮੇ ਵੱਲ ਵਧਦੇ ਕਦਮ



ਪ੍ਰੇਮ ਪੈਂਥਰ
(ਉਤਰੀ ਅਮਰੀਕਾ
917-667-6404

ਜਾਤਪਾਤ ਦਾ ਸਮਾਜਿਕ ਜੀਵਨ ਵਿਚ ਕਿੰਨਾ ਸੁਖਾਵਾਂ ਤੇ ਕਿੰਨਾ ਦਰਦਨਾਕ ਅਸਰ ਮਨੁੱਖੀ ਜੀਵਨ 'ਤੇ ਹੈ, ਇਸਦਾ ਅਨੁਭਵ ਉਹ ਲੋਕ ਹੀ ਦੱਸ ਸਕਦੇ ਹਨ ਜੋ ਆਪਣੀ ਰੋਜ਼ਮੱਰਾ ਦੀ ਜ਼ਿੰਦਗੀ ਵਿਚ ਇਸਦੇ ਅਸਰ ਅਧੀਨ ਜੀਵਨ ਬਸਰ ਕਰਦੇ ਹਨ। ਬਿਨਾਂ ਸ਼ੱਕ ਜਿਹਨਾਂ ਲੋਕਾਂ ਨੂੰ ਮਨੂੰ ਦੇ ਜਾਤੀਪਾਤੀ ਵਿਧਾਨ ਮੁਤਾਬਕ ਦੂਜਿਆਂ 'ਤੇ ਦਬਦਬਾ ਰੱਖਣ, ਉੱਚਾ ਰੁਤਬਾ ਰੱਖਣ ਦੇ ਮੌਕੇ ਮਿਲੇ ਹਨ, ਉਹ ਜ਼ਰੂਰ ਇਸ ਜਾਤਪਾਤ ਸਿਸਟਮ ਦਾ ਆਨੰਦ ਮਾਣਦੇ ਹੋਣਗੇ ਪਰ ਇਸਦੇ ਉਲਟ ਜਿਹੜੇ ਲੋਕ ਅਧਿਕਾਰਾਂ ਤੋਂ ਵੰਚਿਤ ਅਤੇ ਦੂਜਿਆਂ ਦੇ ਦਬਾਅ ਹੇਠਾਂ ਜ਼ਿੰਦਗੀ ਬਸਰ ਕਰ ਰਹੇ ਹਨ, ਉਨ੍ਹਾਂ ਦੀ ਜ਼ਿੰਦਗੀ ਨਰਕ ਭਰੀ ਤੇ ਅੰਧਕਾਰਮਈ ਹੋ ਗੁਜ਼ਰਦੀ ਹੈ।

ਜੇਕਰ ਖੁਦ ਦੇ ਤਜਰਬੇ ਨੂੰ ਅੱਗੇ ਰੱਖਾਂ ਤਾਂ ਮੈਨੂੰ ਇਸ ਤਰ੍ਹਾਂ ਦਾ ਕੋਈ ਅਨੁਭਵ ਨਹੀਂ, ਜਿਸ ਵਿਚ ਜਾਤਪਾਤ ਦੀ ਉੱਚਤਾ ਦਾ ਅਨੁਭਵ ਹੋਵੇ। ਭਾਰਤ ਵਿਚ ਕਰੋੜਾਂ ਲੋਕ ਅਜਿਹੇ ਹਨ ਜੋ ਜਾਤਪਾਤ ਦੀ ਉੱਚਤਾ ਦੇ ਆਨੰਦ ਤੋਂ ਸੱਖਣੇ ਹਨ। ਜੇਕਰ ਇਹ ਲੋਕ ਉੱਚਤਾ ਦੀ ਚਾਹਤ ਵੀ ਰੱਖਣ ਤਦ ਵੀ ਇਸ ਲਛਮਣ-ਰੇਖਾ ਨੂੰ ਪਾਰ ਨਹੀਂ ਕਰ ਸਕਦੇ। ਇਹ ਉੱਚਤਾ ਤਾਂ ਤੁਹਾਨੂੰ ਤਦ ਹੀ ਪ੍ਰਾਪਤ ਹੁੰਦੀ ਹੈ ਜੇਕਰ ਕਿਸੇ ਖਾਸ ਜਾਤੀ ਵਿਚ ਪੈਦਾ ਹੋਵੋ। ਉਸ ਜਾਤੀ ਵਿਸ਼ੇਸ਼ ਬਾਰੇ ਵੀ ਉਹੀ ਇਨਸਾਨ ਦੱਸ ਸਕਦੇ ਹਨ ਜੋ ਇਸ ਉੱਚਤਾ ਦਾ ਆਨੰਦ ਮਾਣਦੇ ਹਨ।

ਜਿੱਥੋਂ ਤੱਕ ਮੇਰਾ ਖੁਦ ਦਾ ਅਨੁਭਵ ਹੈ ਕਿ ਚਮਾਰ ਜਾਤ ਨਾਲ ਸਬੰਧ ਰੱਖਣ ਵਾਲੇ ਲੋਕਾਂ ਨੂੰ ਸਿੱਧੇ ਤੌਰ ਤੇ ਜੱਟ, ਲੁਹਾਰ, ਤਖਾਣ, ਛੀਂਬੇ, ਸੁਨਿਆਰ, ਝਿਊਰ, ਘੁਮਹਾਰ, ਨਾਈ ਆਦਿ ਜਾਤਾਂ ਨੇ ਨੀਚ ਹੋਣ ਦਾ ਅਹਿਸਾਸ ਕਰਵਾਇਆ ਹੋਵੇਗਾ। ਬ੍ਰਾਹਮਣ ਜਾਂ ਪੰਡਤ ਨੂੰ ਮੈਂ ਸਿੱਧੇ ਤੌਰ ਤੇ ਇਸ ਵਿਚ ਸ਼ਾਮਲ ਨਹੀਂ ਕੀਤਾ, ਕਿਉਂਕਿ ਚਮਾਰ ਜਾਤੀ ਨਾਲ ਸਬੰਧ ਰੱਖਣ ਵਾਲੇ ਲੋਕਾਂ ਦਾ ਸਮਾਜਿਕ ਤੌਰ 'ਤੇ ਸਿੱਧਾ ਮੇਲ-ਮਿਲਾਪ ਇਹਨਾਂ ਜਾਤਾਂ ਨਾਲ ਨਹੀਂ ਹੁੰਦਾ ਤੇ ਹਿੰਦੂ ਮੰਦਰਾਂ ਵਿਚ ਜਾਣਾ ਚਮਾਰ ਜਾਤੀ ਦੀ ਮੁੱਖ ਜ਼ਰੂਰਤ ਵੀ ਨਹੀਂ ਹੁੰਦੀ। ਪਰ ਸਮਾਜਿਕ ਤੌਰ 'ਤੇ ਬ੍ਰਾਹਮਣ ਤੇ ਪੰਡਿਤ ਨੂੰ ਛੱਡ ਕੇ ਚਮਾਰ ਜਾਤੀ ਦਾ ਸਿੱਧਾ ਸਬੰਧ ਜੱਟ, ਲੁਹਾਰ, ਤਰਖਾਣ, ਛੀਂਬੇ, ਸੁਨਿਆਰ, ਝਿਊਰ, ਘੁਮਹਾਰ, ਨਾਈ ਆਦਿ ਜਾਤਾਂ ਦੇ ਲੋਕਾਂ ਨਾਲ ਹੁੰਦਾ ਹੈ। ਜਾਤਪਾਤ ਦੇ ਰੁਤਬੇ ਕਰਕੇ ਚਮਾਰ ਤੇ ਚੂਹੜਾ ਜਾਤ ਦੇ ਲੋਕਾਂ ਨਾਲ ਵਿਵਹਾਰ ਸਮੇਂ ਇਹ ਕਿੰਨਾ ਆਨੰਦ ਮਾਣਦੇ ਹਨ, ਇਹ ਤਾਂ ਉਹ ਖੁਦ ਹੀ ਦੱਸ ਸਕਦੇ ਹਨ।

ਭਾਰਤ ਦੇ ਸੰਵਿਧਾਨ ਮੁਤਾਬਕ ਜੱਟ, ਲੁਹਾਰ, ਤਰਖਾਣ, ਛੀਂਬੇ, ਸੁਨਿਆਰ, ਘੁਮਿਆਰ, ਝਿਊਰ, ਨਾਈ ਆਦਿ ਸਭ ਬੈਕਵਾਰਡ ਕਲਾਸ ਨਾਲ ਸਬੰਧਤ ਹਨ। ਜਾਤੀਪਾਤੀ ਸਿਸਟਮ ਮੁਤਾਬਕ ਇਨ੍ਹਾਂ ਦੀ ਵੀ ਐਨੀ ਉੱਚਤਾ ਨਹੀਂ ਕਿਉਂਕਿ ਇਹ ਵੀ ਸ਼ੂਦਰ ਕੈਟਾਗਰੀ ਵਿਚ ਆਉਂਦੇ ਹਨ। ਹਾਂ ਸ਼ੂਦਰ ਦੀਆਂ ਤਰਤੀਬਵਾਰ ਜਾਤਾਂ ਵਿਚ ਇਹ ਇਕ ਦੂਜੀ ਜਾਤ ਤੋਂ ਮਨੂੰ ਵਿਧਾਨ ਮੁਤਾਬਕ ਉੱਚਤਾ ਜਾਂ ਨੀਚਤਾ ਰੱਖਦੇ ਹਨ।

ਜਾਤਪਾਤ ਦੇ ਸਿਸਟਮ ਕਰਕੇ ਭਾਰਤ ਦੇ ਲੋਕਾਂ ਦਾ ਸਮਾਜਿਕ ਜੀਵਨ ਕਿਹੋ ਜਿਹਾ ਹੈ, ਉਸਦੀ ਸੂਖਮਤਾ ਨੂੰ ਜਾਨਣ ਦੀ ਜ਼ਰੂਰਤ ਹੈ। ਬਹੁਤੇ ਲੋਕ ਇਸਨੂੰ ਭਲੀਭਾਂਤ ਜਾਣਦੇ ਵੀ ਹੋਣਗੇ। ਜਿੱਥੋਂ ਤੱਕ ਮੇਰਾ ਨਿੱਜੀ ਅਨੁਭਵ ਹੈ, ਲੰਗਰ ਦੀ ਪ੍ਰਥਾ ਅਸੀਂ ਸਿੱਖ ਗੁਰੂਆਂ ਦੀ ਦੇਣ ਸਮਝਦੇ ਹਾਂ। ਜਿਸ ਵਿਚ ਜਾਤਪਾਤ ਦੇ ਪਾੜੇ ਨੂੰ ਖਤਮ ਕਰਕੇ ਬਰਾਬਰਤਾ ਦਾ ਅਹਿਸਾਸ ਪੈਦਾ ਕਰਨ ਦੀ ਸੋਚ ਹੈ। ਜਾਤੀ ਤੌਰ 'ਤੇ ਮੈਂ ਇਹੋ ਜਿਹੀ ਜਗ੍ਹਾ ਨਹੀਂ ਛੱਡੀ ਹੋਵੇਗੀ, ਜਿੱਥੇ ਲੰਗਰ ਖਾਣ ਦਾ ਆਨੰਦ ਨਾ ਮਾਣਿਆ ਹੋਵੇ। ਇਸਨੂੰ ਚਾਹੇ ਬਚਪਨ ਦੀ ਗਰੀਬੀ ਨਾਲ ਜੋੜ ਕੇ ਦੇਖਿਆ ਜਾਵੇ ਜਾਂ ਉਸ ਜਾਤ ਵਿਚ ਪੈਦਾ ਹੋਣ ਦਾ ਸੁਭਾਗ, ਜਿੱਥੇ ਭਿੱਟੇ ਜਾਣ ਦਾ ਮਾੜਾ ਪ੍ਰਭਾਵ ਪੈਣ ਦਾ ਕੋਈ ਡਰ ਹੋਵੇ। ਕਿਉਂਕਿ ਜੇਕਰ ਉੱਚੀ ਜਾਤ 'ਚ ਪੈਦਾ ਹੋਇਆ ਮਨੁੱਖ ਨੀਵੀਂ ਜਾਤ ਦੁਆਰਾ ਚਲਾਏ ਲੰਗਰ ਦਾ ਖਾਣਾ ਖਾ ਲਵੇ ਤਾਂ ਜਾਤਪਾਤ ਸਿਸਟਮ ਮੁਤਾਬਕ ਉਹ ਭਿੱਟਿਆ ਜਾਂਦਾ ਹੈ।

ਖਾਸ ਕਿਸਮ ਦੀ ਜਾਤ ਨਾਲ ਸਬੰਧ ਰੱਖਣ ਵਾਲੇ ਮਨੁੱਖ ਨੂੰ ਲੰਗਰ ਛਕਣ ਦਾ ਆਨੰਦ ਮਾਨਣ ਦੇ ਖ਼ੂਬ ਅਵਸਰ ਮਿਲਦੇ ਹਨ। ਕਿਉਂਕਿ ਉਹ ਬਿਨਾਂ ਕਿਸੇ ਭਿੱਟ ਦੇ ਡਰ ਤੋਂ ਕਿਸੇ ਵੀ ਜਾਤੀ ਵੱਲੋਂ ਚਲਾਏ ਲੰਗਰ 'ਚ ਸ਼ਾਮਲ ਹੋ ਕੇ ਲੰਗਰ ਛਕ ਸਕਦੇ ਹਨ। ਪੰਜਾਬ ਦੇ ਪਿੰਡਾਂ ਵਿਚ ਚਲਾਏ ਲੰਗਰ ਜਿਵੇਂ ਮੰਦਰਾਂ ਵਿਚ ਫੁੱਲੀਆਂ ਪਤਾਸੇ ਦਾ ਲੰਗਰ, ਲੱਖਾਂ ਦਾ ਦਾਤੇ ਦਾ ਰੱਟ ਤੇ ਮੰਨੀਆਂ ਦਾ ਲੰਗਰ, ਪੀਰ ਦੀ ਸਮਾਧ 'ਤੇ ਚੜ੍ਹਾਇਆ ਜਾਂਦਾ ਚੂਰਮਾ ਤੇ ਨਿਆਜ਼ (ਪੀਲੇ ਚੌਲਾਂ) ਦੇ ਗੱਫੇ, ਬਾਬੇ ਬਾਲਕ ਨਾਥ ਦਾ ਮੇਵਿਆਂ ਭਰਿਆ ਰੋਟ, ਕਿਸਾਨ (ਜੱਟ) ਦੁਆਰਾ ਇੰਦਰ ਦੇਵਤਾ ਨੂੰ ਮਨਾਉਣ ਲਈ ਪੁਰਾਣੇ ਸਮਿਆਂ ਵਿਚ ਵੰਡੇ ਜਾਂਦੇ ਗੰਨੇ ਦੇ ਰਸ ਵਾਲੇ ਚੌਲਾਂ ਦਾ ਲੰਗਰ, ਨਾਗ ਦੇਵਤਾ ਦੀ ਮਣੀ ਤੇ ਚੜ੍ਹਾਈਆਂ ਜਾਂਦੀਆਂ ਸੇਵੀਆਂ, ਗੁਰਦੁਆਰਿਆਂ ਵਿਚ ਕੜਾਹ ਪ੍ਰਸ਼ਾਦ ਤੇ ਰੋਟੀ, ਦਾਲ, ਸਬਜ਼ੀ, ਮਠਿਆਈ ਦਾ ਲੰਗਰ ਆਦਿ ਦਾ ਆਨੰਦ ਸਿਰਫ਼ ਜਾਤਪਾਤ ਤੋਂ ਉਪਰ ਉੱਠ ਕੇ ਮਾਨਣ ਦਾ ਮੌਕਾ ਮਿਲਦਾ ਹੈ। ਜਾਂ ਜੋ ਲੋਕ ਐਸੀ ਜਾਤ 'ਚ ਪੈਦਾ ਹੋਏ, ਜਿਹਨਾਂ ਨੂੰ ਭਿੱਟ ਚੜ੍ਹਨ ਦਾ ਖਤਰਾ ਨਹੀਂ।

ਆਮ ਤੌਰ ਤੇ ਇਹ ਦੇਖਣ ਵਿਚ ਆਇਆ ਹੈ ਕਿ ਪਿੰਡਾਂ ਵਿਚ ਚਮਾਰ ਤੇ ਚੂਹੜਾ ਨੀਵੀਆਂ ਜਾਤਾਂ ਵਿਚ ਪੈਦਾ ਹੋਏ ਲੋਕਾਂ ਵੱਲੋਂ ਕਰਾਏ ਗਏ ਲੰਗਰਾਂ ਨੂੰ ਜੱਟ, ਲੁਹਾਰ, ਤਰਖਾਣ, ਸੁਨਿਆਰ, ਘੁਮਹਾਰ, ਝੀਰ, ਨਾਈ, ਛੀਂਬੇ ਜਾਤ ਨਾਲ ਸਬੰਧ ਰੱਖਣ ਵਾਲੇ ਲੋਕ ਭਿੱਟ ਚੜ੍ਹਨ ਦੇ ਡਰ ਜਾਂ ਜਾਤ ਦੇ ਉੱਚੇ ਹੋਣ ਦਾ ਘੁਮੰਡ ਕਾਰਨ ਨਹੀਂ ਛਕਦੇ। ਬੇਸ਼ੱਕ ਇਹ ਸਭ ਜਾਤਾਂ ਸ਼ੂਦਰ ਸ਼੍ਰੇਣੀ ਨਾਲ ਸਬੰਧਤ ਹਨ।

ਅਮਰੀਕਾ ਵਰਗੇ ਵਿਕਸਤ ਦੇਸ਼ ਵਿਚ ਭਾਰਤ ਤੋਂ ਆਏ ਲੋਕ ਇਸ ਜਾਤਪਾਤ ਦੀ ਉੱਚਤਾ ਅਤੇ ਭਿੱਟੇ ਜਾਣ ਦੀ ਮਾਨਸਿਕਤਾ 'ਚ ਬਾਹਰ ਨਹੀਂ ਨਿਕਲ ਸਕੇ। ਇਹ ਲੋਕ ਭਾਰਤ ਦੇ ਲੋਕਾਂ ਪ੍ਰਤੀ ਭਿੱਟੇ ਜਾਣ ਦੀ ਮਾਨਸਿਕਤਾ ਰੱਖਦੇ ਹਨ ਜਦਕਿ ਕਾਲੇ ਜਾਂ ਗੋਰੇ ਲੋਕਾਂ ਤੋਂ ਇਨ੍ਹਾਂ ਨੂੰ ਭਿੱਟ ਨਹੀਂ ਚੜ੍ਹਦੀ। ਇਹ ਕਾਲੇ ਅਤੇ ਗੋਰਿਆਂ ਨੂੰ ਆਪਣੇ ਧਰਮ ਵੱਲ ਆਕਰਸ਼ਿਤ ਕਰਦੇ ਹਨ ਤੇ ਮਨੁੱਖਤਾ ਦੇ ਬਰਾਬਰ ਹੋਣ ਦੀ ਦੁਹਾਈ ਦੇ ਕੇ ਸਰਵੋਤਮ ਹੋਣ ਦੀ ਛਾਪ ਇਨ੍ਹਾਂ ਕਾਲੇ ਅਤੇ ਗੋਰੇ ਲੋਕਾਂ 'ਤੇ ਛੱਡਣ ਦਾ ਯਤਨ ਕਰਦੇ ਹਨ। ਪ੍ਰੰਤੂ ਆਪਣੇ ਦੇਸ਼ ਦੇ ਤੇ ਆਪਣੀ ਧਰਤੀ ਦੇ ਲੋਕਾਂ ਪ੍ਰਤੀ ਇਨ੍ਹਾਂ ਦੇ ਵਤੀਰੇ ਵਿਚ ਜ਼ਮੀਨ-ਅਸਮਾਨ ਦਾ ਫਰਕ ਹੈ ਤੇ ਅਮਾਨਵਤਾਵਾਦੀ ਹੈ।

ਜਾਤਪਾਤ ਦੇ ਸਿਸਟਮ ਨੇ ਸਾਡੇ ਅੰਦਰ ਡੂੰਘੀ ਹੱਦ ਤੱਕ ਨਿਰਾਸ਼ਾ ਪੈਦਾ ਕੀਤੀ ਹੈ। ਇਸਦੇ ਬਾਵਜੂਦ ਸਿੱਖ ਧਰਮ ਵਿਚ ਵਿਸ਼ਵਾਸ ਰੱਖਣ ਵਾਲੇ ਤੇ ਸਿੱਖੀ ਦੇ ਮੂਲ ਸਿਧਾਂਤ ਨੂੰ ਸਮਝਣ ਵਾਲੇ ਕੁਝ ਲੋਕਾਂ ਵੱਲੋਂ ਇਸ ਜਾਤੀਪਾਤੀ ਸਿਸਟਮ ਨੂੰ ਨਿਕਾਰਨ ਦੀ ਉਦਾਹਰਣ ਪੇਸ਼ ਕੀਤੀ ਹੈ। ਬੇਸ਼ੱਕ ਸਿੱਖ ਧਰਮ ਨੂੰ ਮੰਨਣ ਵਾਲੇ ਲੋਕਾਂ ਨੇ ਅਜੇ ਵੀ ਜਾਤ ਆਧਾਰਿਤ ਗੁਰਦੁਆਰੇ ਬਣਾਏ ਹਨ ਪਰ ਫਿਰ ਵੀ ਉੱਚੀ ਜਾਤ ਦੇ ਲੋਕਾਂ ਵੱਲੋਂ ਨੀਵੀਂ ਜਾਤ ਦੇ ਗੁਰਦੁਆਰਿਆਂ ਵਿਚ ਜਾਣ ਨਾਲ ਤੇ ਇਕ ਪੰਗਤ ਵਿਚ ਬੈਠ ਕੇ ਲੰਗਰ ਛਕਣ ਨਾਲ ਜਾਤਪਾਤ ਦੀ ਇਸ ਦੀਵਾਰ ਨੂੰ ਕੁਝ ਹੱਦ ਤੱਕ ਤੋੜਨ ਦਾ ਯਤਨ ਕੀਤਾ ਹੈ। ਪ੍ਰੰਤੂ ਇਸ ਵਿਚ ਇਕ ਹੋਰ ਮੰਦਭਾਗੀ ਗੱਲ ਸੁਣਨ ਨੂੰ ਮਿਲਦੀ ਹੈ ਕਿ ਜੇਕਰ ਉੱਚੀ ਜਾਤ ਦੇ ਲੋਕਾਂ ਨੇ ਜਾਤਪਾਤ ਤੋਂ ਉਪਰ ਉੱਠ ਕੇ ਰਲ ਕੇ ਬੈਠਣ ਦੀ ਗੁਰੂ ਦੀ ਸਿੱਖਿਆ 'ਤੇ ਚੱਲਣ ਦਾ ਮਨ ਬਣਾਇਆ ਤਾਂ ਨੀਵੀਂ ਜਾਤ ਚਮਾਰ ਨਾਲ ਸਬੰਧ ਰੱਖਣ ਵਾਲੇ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਇਹ ਕਹਿ ਕੇ ਉਨ੍ਹਾਂ ਨੂੰ ਜ਼ਲੀਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਹ ਤਾਂ ਚਮਾਰਾਂ ਦਾ ਗੁਰਦੁਆਰਾ ਹੈ, ਤੁਸੀਂ ਉੱਚੀ ਜਾਤ ਦੇ ਇੱਥੇ ਕਿਉਂ ਆਉਂਦੇ ਹੋ? ਇਹ ਬਹੁਤ ਹੀ ਮੰਦਭਾਗਾ ਹੈ। ਜਾਤਪਾਤ ਤੇ ਭਿੱਟ ਚੜ੍ਹਨ ਦੀ ਸੋਚ ਨੂੰ ਤਿਲਾਂਜਲੀ ਦੇ ਕੇ ਗੁਰੂ ਘਰ ਆਏ ਇਨ੍ਹਾਂ ਲੋਕਾਂ ਨੂੰ ਹੱਥਾਂ 'ਤੇ ਚੁੱਕਣਾ ਤੇ ਧੰਨਵਾਦ ਕਰਨ ਦੀ ਜ਼ਰੂਰਤ ਹੈ। ਇਹ ਲੋਕ ਗੁਰੂ ਘਰ ਵੱਲੋਂ ਸਿਰੋਪਾਓ ਦੀ ਬਖਸ਼ਿਸ਼ ਨਾਲ ਨਿਵਾਜਣੇ ਚਾਹੀਦੇ ਹਨ। ਜੇਕਰ ਇਹੋ ਜਿਹੀਆਂ ਪਵਿੱਤਰ ਰੂਹਾਂ ਦਾ ਸਮਾਜ ਵਿਚ ਮਾਣ-ਸਤਿਕਾਰ ਹੋਵੇਗਾ ਤਾਂ ਇਨ੍ਹਾਂ ਵੱਲ ਵੇਖ ਕੇ ਹੋਰ ਲੋਕ ਵੀ ਜਾਤਪਾਤ ਤਿਆਗਣ ਦਾ ਮਨ ਬਣਾ ਸਕਦੇ ਹਨ। ਇਸ ਰਸਤੇ ਸਿੱਖ ਧਰਮ ਦੇ ਗੁਰੂਆਂ ਤੇ ਸੰਤਾਂ ਨੇ ਸਾਨੂੰ ਚੱਲਣ ਦਾ ਉਪਦੇਸ਼ ਦਿੱਤਾ ਹੈ ਅਤੇ ਇਸੇ ਹੀ ਸੰਕਲਪ ਨੂੰ ਲੈ ਕੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਤੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਜ਼ਿੰਦਗੀ ਭਰ ਸੰਘਰਸ਼ ਕੀਤਾ। ਜੇਕਰ ਅਸੀਂ ਇਨ੍ਹਾਂ ਰਹਿਬਰਾਂ ਦੇ ਸੱਚਮੁੱਚ ਪੈਰੋਕਾਰ ਕਹਾਉਂਦੇ ਹਾਂ ਤਾਂ ਪੂਰੀ ਇਮਾਨਦਾਰੀ ਨਾਲ ਸਾਨੂੰ ਉਨ੍ਹਾਂ ਦੇ ਮਿਸ਼ਨ 'ਤੇ ਚੱਲਣ ਦੀ ਜ਼ਰੂਰਤ ਹੈ।

# ਮੁੰਡੇ ਦੀ ਲਾਲਸਾ



ਮੇਜਰ ਸਿੰਘ ਨਾਭਾ
91-94635-53962

ਮੁੰਡੇ ਦੀ ਲਾਲਸਾ ਨੂੰ ਲੈ ਕੇ ਸੂਬੇਦਾਰ ਦੇ ਉਪਰੋਂ ਥਲੀ ਪੰਜ ਕੁੜੀਆਂ ਦੀ ਹੀ ਲਾਈਨ ਲੱਗ ਗਈ। ਆਖਰ ਛੇਵੇਂ ਨੰਬਰ ਤੇ ਮੁੰਡੇ ਦੀ ਵਾਰੀ ਆ ਹੀ ਗਈ। ਸਾਰਾ ਪਿੰਡ ਸੁਕਰ ਕਰ ਰਿਹਾ ਸੀ। ਸੂਬੇਦਾਰ ਛੁੱਟੀ ਆਇਆ ਹੋਇਆ ਸੀ। ਜਿਹੜੀ ਵੀ ਬੁੜੀ ਸੂਬੇਦਾਰ ਨੂੰ ਮਿਲਦੀ, ਵਧਾਈਆਂ ਜਰੂਰ ਦਿੰਦੀ।

ਗਲੀ ਵਿਚ ਬੈਠੀ ਧੰਨੋ ਆਪਣੀਆਂ ਗੁਆਂਢਣਾਂ ਨੂੰ ਸੂਬੇਦਾਰ ਦੇ ਘਰ ਮੁੰਡੇ ਹੋਣ ਤੇ ਕਹਿ ਰਹੀ ਸੀ "ਸ਼ੁਕਰ ਏ, ਵਿਚਾਰੀ ਜਿਉਂਦੀ ਵਸਦੀ ਰਹਿਜੂ, ਉਹਨੇ ਤਾਂ ਕੋਈ ਥਾਂ ਨੀਂ ਛੱਡੀ, ਜਿਥੇ ਕੋਈ ਦੱਸਦਾ, ਉਥੇ ਈ ਜਾਂਦੀ, ਨਾਲੇ ਮੁੰਡੇ ਨਾਲ ਤਾਂ ਹੁਣ ਪਿਛਲੇ ਸਿਲ੍ਹਿਆਂ ਦੇ ਦੁੱਖ ਵੀ ਭੁੱਲਜੂਗੀ, ਵਿਚਾਰੀਆਂ ਕੁੜੀਆਂ ਦਾ ਸਿਰ ਵੀ ਢਕਿਆ ਜਾਊ।"

ਸੂਬੇਦਾਰ ਦੀ ਰਿਟਾਇਰਮੈਂਟ ਹੋਣ ਵਿਚ ਸਿਰਫ ਸਾਲ ਕੁ ਹੀ ਰਹਿੰਦਾ ਸੀ। ਇਸ ਲਈ ਉਹ ਪਿੰਡ ਆ ਕੇ ਕੋਈ ਨਾ ਕੋਈ ਕਾਰੋਬਾਰ ਤੋਰਨ ਦੀ ਪਹਿਲਾਂ ਹੀ ਸੋਚ ਰਿਹਾ ਸੀ। ਉਸ ਨੇ ਸ਼ਹਿਰ ਵਿਚ ਪਲਾਟ ਵੀ ਖਰੀਦ ਰੱਖਿਆ ਸੀ ਕਿਉਂਕਿ ਤਨਖਾਹ ਦੀ ਉਸਨੂੰ ਬੱਚਤ ਹੀ ਸੀ। ਘਰ ਦਾ ਸਾਰਾ ਖਰਚ ਤਾਂ ਜ਼ਮੀਨ ਦੇ ਸਿਰ ਤੇ ਹੀ ਚਲੀ ਜਾਂਦਾ ਸੀ।

ਹਰ ਵਰ੍ਹੇ ਜੁਆਕ ਜੰਮਣ ਕਾਰਨ, ਮੀਤੋ ਨੂੰ ਮੁੰਡਾ ਜੰਮਣ ਤੋਂ ਮਹੀਨਾ ਕੁ ਬਾਅਦ ਛਾਤੀ ਦੇ ਦਰਦ ਦੀ ਸ਼ਿਕਾਇਤ ਹੋ ਗਈ ਜੋ ਕਿ ਬਾਅਦ ਵਿਚ ਡਾਕਟਰਾਂ ਦੇ ਜਾਂਚ ਕਰਨ ਤੋਂ ਦੱਸਿਆ ਕਿ ਇਹ ਤਾਂ ਕੈਂਸਰ ਦਾ ਰੂਪ ਧਾਰਨ ਕਰ ਚੁੱਕੀ ਹੈ। ਤਿੰਨ ਕੁ ਮਹੀਨੇ ਬਾਅਦ ਮੀਤੋ ਦੁਨੀਆਂ ਤੋਂ ਸਦਾ ਲਈ ਵਿਛੋੜਾ ਦੇ ਗਈ।

ਮੀਤੋ ਦੀ ਸਕੀ ਭੈਣ ਸੂਬੇਦਾਰ ਦੇ ਵੱਡੇ ਭਰਾ ਨਾਲ ਵਿਆਹੀ ਹੋਈ ਸੀ। ਸੋਨੂੰ ਨੂੰ ਉਸਦੀ ਮਾਸੀ ਨੇ ਆਪਣੇ ਪੁੱਤ ਵਾਂਗ ਹੀ ਪਾਲਿਆ ਕਿਉਂਕਿ ਸ਼ੁਰੂ ਤੋਂ ਦੋਵੇਂ ਭੈਣਾਂ ਇਕੱਠੀਆਂ ਹੀ ਰਹਿੰਦੀਆਂ ਸਨ ਕਿਉਂਕਿ ਸੂਬੇਦਾਰ ਤਾਂ ਸਾਲ ਵਿਚ ਇਕ ਅੱਧੀ ਵਾਰ ਹੀ ਛੁੱਟੀ ਆਉਂਦਾ ਸੀ। ਇਸ ਲਈ ਮੀਤੋ ਦਾ ਨਿਰਬਾਹ ਵਧੀਆ ਹੋਈ ਜਾਂਦਾ ਸੀ।

ਸੂਬੇਦਾਰ ਪੈਨਸ਼ਨ ਆ ਗਿਆ। ਸੋਨੂੰ ਅਜੇ ਦੋ ਕੁ ਸਾਲ ਦਾ ਹੀ ਸੀ। ਇਸ ਲਈ ਸੂਬੇਦਾਰ ਪਿੰਡ ਵਿਚ ਹੀ ਰਹਿਣ ਲੱਗ ਪਿਆ। ਉਪਰਲੇ ਕੰਮ ਕਾਰ ਕਰ ਦਿੰਦਾ ਸੀ। ਪਿੰਡ 'ਚ ਉਸਦਾ ਕਾਫੀ ਮਾਣ-ਇਜ਼ੱਤ ਸੀ। ਸਵੇਰੇ ਸ਼ਾਮ ਗੁਰਦੁਆਰਾ ਸਾਹਿਬ ਪਾਠ ਕਰਨ ਜਾਂਦਾ ਅਤੇ ਲੋਕਾਂ ਨੂੰ ਪਿੰਡ ਦੇ ਸਾਂਝੇ ਕੰਮਾਂ 'ਚ ਮੋਹਰੀ ਹੋ ਕੇ ਕੰਮ ਕਰਨ ਨੂੰ ਉਤਸ਼ਾਹਿਤ ਕਰਦਾ। ਸੂਬੇਦਾਰ ਦੀ ਹਰੇਕ ਬੰਦਾ ਗੱਲ ਮੰਨ ਲੈਂਦਾ ਸੀ। ਇਸ ਲਈ ਸਿਆਣੇ ਬਜ਼ੁਰਗਾਂ ਨੇ ਉਸ ਨੂੰ ਹੀ ਹਰੇਕ ਕੰਮ ਵਿਚ ਮੋਹਰੀ ਰੱਖਿਆ ਹੋਇਆ ਸੀ।

ਸੋਨੂੰ ਦੀ ਪੜ੍ਹਾਈ ਨੂੰ ਲੈ ਕੇ ਸੂਬੇਦਾਰ ਨੇ ਸ਼ਹਿਰ ਰਹਿਣ ਦਾ ਵਿਚਾਰ ਬਣਾ ਲਿਆ। ਦੋ ਕਮਰੇ ਆਪ ਨੇ ਪਹਿਲਾਂ ਹੀ ਖਰੀਦੇ ਪਲਾਟ ਵਿੱਚ ਖੜ੍ਹੇ ਕਰ ਲਏ। ਤਿੰਨ ਕੁੜੀਆਂ ਦੇ ਵਿਆਹ ਪਿੰਡ ਹੀ ਕਰ ਦਿੱਤੇ ਸਨ। ਹੁਣ ਸੋਨੂੰ ਵੀ ਆਪਣੀ ਸੋਝੀ ਵਿਚ ਹੋ ਗਿਆ। ਉਸਨੂੰ ਪ੍ਰਾਇਮਰੀ ਵਿਚ ਪਿੰਡ ਦੇ ਸਕੂਲ ਵਿਚ ਪੜ੍ਹਨੇ ਲਾ ਦਿੱਤਾ ਪਰ ਸੂਬੇਦਾਰ ਨੇ ਉਸਦੀ ਚੰਗੀ ਪੜ੍ਹਾਈ ਲਈ ਸ਼ਹਿਰ ਜਾਣ ਦਾ ਇਰਾਦਾ ਬਣਾ ਲਿਆ।

ਸ਼ਹਿਰ ਆ ਕੇ ਮਾਸੀ ਦਾ ਲਾਡਲਾ ਰੱਖਿਆ ਸੋਨੂੰ ਹੁਣ ਮਾਡਲ ਸਕੂਲ ਵਿਚ ਪੜ੍ਹਨ ਲਾ ਦਿੱਤਾ। ਉਸਨੂੰ ਟਿਊਸ਼ਨ ਤੋਂ ਲੈ ਕੇ ਹਰ ਸਹੂਲਤ ਦਿੱਤੀ ਗਈ। ਪਰ ਸੋਨੂੰ ਨੂੰ ਪੜ੍ਹਾਈ ਵੱਲ ਰੁਝਾਨ ਨਹੀਂ ਸੀ ਸਗੋਂ ਘਰੋਂ ਆਨੇ ਬਹਾਨੇ ਪੈਸੇ ਲੈ ਜਾਂਦਾ, ਬਾਜ਼ਾਰ ਵਿਚ ਜਾ ਕੇ ਸਾਥੀਆਂ ਨੂੰ ਖੁਆ ਪਿਆ ਦਿੰਦਾ। ਖਾਣ-ਪੀਣ ਵਾਲੇ ਤਾਂ ਹਰ ਇਕ ਦੋ ਦੋਸਤ ਬਣ ਜਾਂਦੇ ਹਨ ਪਰ ਜਿੰਨਾ ਚਿਰ ਤੀਕ ਉਹ ਖੁਆਉਂਦੇ ਨੇ। ਇਸੇ ਤਰ੍ਹਾਂ ਸੋਨੂੰ ਨਾਲ ਹੋਈ।

ਧੱਕਾ ਧੁਕਾ ਲਾ ਕੇ ਸੋਨੂੰ ਨੂੰ ਸੂਬੇਦਾਰ ਨੇ ਦਸਵੀਂ ਕਲਾਸ ਤੱਕ ਅਪੜ੍ਹਦਾ ਕਰ ਦਿੱਤਾ। ਉਹ ਦਸਵੀਂ ਵਿਚੋਂ ਪਾਸ ਨਾ ਹੋ ਸਕਿਆ। ਕਈ ਵਾਰੀ ਪੇਪਰ ਦਿੱਤੇ ਪਰ ਸਭ ਵਿਅਰਥ ਹੀ ਗਏ। ਸੋਨੂੰ ਸਕੂਲ ਜਾਣ ਦੀ ਥਾਂ ਰਸਤੇ ਵਿਚ ਉਸਨੂੰ ਪਹਿਲਾਂ ਹੀ ਉਡੀਕ ਰਹੇ ਮੁੰਡਿਆਂ ਨਾਲ ਅਵਾਰਾ ਗਰਦੀ ਲਈ ਤੁਰ ਜਾਂਦਾ। ਸਾਰਾ ਦਿਨ ਬਾਹਰ ਹੀ ਨਸ਼ੇ ਪਾਣੀ ਕਰਦਾ। ਕੁੜੀਆਂ ਦੀ ਛੇੜਖਾਨੀ ਕਾਰਨ ਕਈ ਵਾਰ ਸੂਬੇਦਾਰ ਨੂੰ ਉਲਾਂਭੇ ਆ ਚੁੱਕੇ ਸਨ।

ਹੋਰ ਕੋਈ ਚਾਰਾ ਨਾ ਦੇਖ ਕੇ ਸੂਬੇਦਾਰ ਨੂੰ ਸੋਨੂੰ ਦਾ ਵਿਆਹ ਕਰ ਦਿੱਤਾ ਤਾਂ ਜੋ ਆਪਣੀ ਬਾਹਰਲੀ ਜੁੰਡਲੀ ਤੋਂ ਸ਼ਾਇਦ ਨਾਤਾ ਤੋੜ ਲਵੇ। ਕੁੜੀ ਵੀ ਸੁੱਖ ਨਾਲ ਬੀ.ਏ. ਪਾਸ ਮਿਲ ਗਈ ਜੋ ਸੋਨੂੰ ਤੋਂ ਕਈ ਵਰ੍ਹੇ ਉਮਰ ਵਿਚ ਵੱਡੀ ਹੀ ਸੀ। ਕੁੜੀ ਵਾਲਿਆਂ ਨੇ ਤਾਂ ਸਿਰਫ ਸੋਨੂੰ ਲਈ ਬਣਾਈ ਜਾਇਦਾਦ ਦੇਖੀ ਸੀ। ਉਨ੍ਹਾਂ ਕੁੜੀ ਨਾਲ ਮੁੰਡੇ ਦੇ ਮੇਲ ਮਿਲਾਉਣ ਨੂੰ ਐਨੀ ਅਹਿਮੀਅਤ ਨਾ ਦਿੱਤੀ।

ਸੋਨੂੰ ਦੇ ਗੁਆਂਢ ਵਿਚ ਕਈ ਟਰੱਕਾਂ ਵਾਲੇ ਰਹਿੰਦੇ ਸਨ। ਉਹਨਾਂ ਨਾਲ ਸਾਰਾ ਦਿਨ ਵਿਹਲੇ ਹੋਣ ਕਾਰਨ ਦੋਸਤੀ ਪੈ ਗਈ। ਕਈ ਵਾਰੀ ਟਰੱਕ ਦੇ ਨਾਲ ਬਾਹਰ ਵੀ ਚਲਾ ਜਾਂਦਾ। ਹੌਲੀ ਹੌਲੀ ਡਰਾਇਵਰੀ ਸਿੱਖਣ ਲੱਗ ਪਿਆ। ਹੁਣ ਤਾਂ ਕਈ ਕਈ ਦਿਨ ਉਹ ਘਰ ਨਾ ਮੁੜਦਾ। ਘਰਵਾਲੀ ਇਕੱਲੀ ਹੀ ਦਿਨ ਗੁਜ਼ਾਰਦੀ।

ਸਾਲ ਕੁ ਬਾਅਦ ਸੋਨੂੰ ਦੇ ਮੁੰਡਾ ਹੋ ਗਿਆ। ਸੋਨੂੰ ਫਿਰ ਵੀ ਘਰ ਨਾ ਬਹਿੰਦਾ। ਸੂਬੇਦਾਰ ਤੰਗ ਹੋ ਗਿਆ ਸੀ। ਮੁੰਡਾ ਬਿਮਾਰ ਤਾਂ ਸੂਬੇਦਾਰ ਨੇ ਜਾ ਦਵਾਈ ਦਿਵਾਉਣੀ, ਨੂੰਹ ਨੂੰ ਕੁਝ ਹੋ ਗਿਆ ਤਾਂ ਉਹਦੀ ਜ਼ਿੰਮੇਵਾਰੀ। ਦੋਨਾਂ ਕੁੜੀਆਂ ਦਾ ਵਿਆਹ ਸੂਬੇਦਾਰ ਨੇ ਸੋਨੂੰ ਦੇ ਵਿਆਹ ਤੋਂ ਪਹਿਲਾਂ ਕਰ ਦਿੱਤਾ ਸੀ। "ਤਾਹੀਓਂ ਤਾਂ ਰੋਟੀ ਪਕਾਉਣ ਦੇ ਚੱਕਰ ਵਿਚ ਏਨੀ ਕਾਹਲੀ ਕਰਨੀ ਪਈ, ਪਰ ਕੰਜਰ ਤਾਂ ਬਾਹਰ ਈ ਰਹਿੰਦਾ, ਸਾਰਾ ਘਰ ਦਾ ਨਿੱਕ ਸੁੱਕ ਮੈਨੂੰ ਈ ਮੁੜ ਕੇ ਫਿਰ ਕਰਨਾ ਪੈਂਦਾ" ਸੂਬੇਦਾਰ ਆਪਣੇ ਦੋਸਤ ਤੇਜਾ ਸਿੰਘ ਦੀ ਗੱਲ ਦਾ ਜਵਾਬ ਦੇ ਰਿਹਾ ਸੀ।

"ਚਲੋ ਸੂਬੇਦਾਰ ਸਾਹਿਬ, ਨਿਆਣੀ ਮੱਤ ਆ ਆਪੀ ਸੁਧਰ ਜੂਗਾ ਹੌਲੀ ਹੌਲੀ। ਸੁੱਖ ਨਾਲ ਰੱਬ ਨੇ ਹੁਣ ਤਾਂ ਘਰ ਵਿਚ ਜੀਅ ਵੀ ਦੇ ਦਿੱਤਾ। ਐਵੇਂ ਫਿਕਰ ਨਾ ਕਰਿਆ ਕਰੋ।" ਤੇਜਾ ਸਿੰਘ ਨੇ ਨਾਲ ਹੀ ਸੂਬੇਦਾਰ ਨੂੰ ਸਾਹਮਣੇ ਖੜ੍ਹੇ ਬੁਲੈਟ ਮੋਟਰ ਸਾਈਕਲ ਵੱਲ ਇਸ਼ਾਰਾ ਕਰਕੇ ਕਹਿ ਦਿੱਤਾ, "ਵਧਾਈਆਂ, ਮੋਟਰ ਸਾਈਕਲ ਦੀਆਂ। ਹੁਣ ਤਾਂ ਆਪ ਵੱਲ ਦੂਹਰੀ ਪਾਰਟੀ ਹੋਗੀ।" "ਵਧਾਈਆਂ ਕਾਹਦੀਆਂ, ਕੰਜਰ ਨੇ ਘਰ ਬਰਬਾਦ ਕਰਤਾ, ਆਪਣੀਆਂ ਮਨ ਮਰਜ਼ੀਆਂ ਕਰਦਾ। ਸਕੂਟਰ ਦੱਸ ਕੀ ਦੰਦੀਆਂ ਵੱਡਦਾ ਤੀ, ਨਾਲੇ ਇਹ ਪੁਰਾਣਾ ਲੈ ਲਿਆ ਏਨਾ ਸੁਹਣਾ ਸਕੂਟਰ ਤੀ, ਬਹੂ ਵਿਚਾਰੀ ਦੱਸ ਕੀ ਕਹਿੰਦੀ ਹੋਊ? ਐਦੂੰ ਤਾਂ ਕੰਜਰ ਖਾੜਕੂ ਹੁੰਦਾ ਤਾਂ ਮਰ ਜਾਂਦਾ, ਸ਼ੁਕਰ ਕਰਦੇ। ਹੁਣ ਤਾਂ ਇਹ ਮਰਦਾ ਵੀ ਨੀ।" ਸੂਬੇਦਾਰ ਅੱਕਿਆ ਹੋਇਆ ਕਹਿ ਰਿਹਾ ਸੀ।

# ਦਿੱਲੀ ਦੇ ਦਰਿੰਦੇ ਵੱਲੋਂ 500 ਬੱਚੀਆਂ ਨਾਲ ਰੇਪ



ਨਵੀਂ ਦਿੱਲੀ- ਪੁਲਿਸ ਦੀ ਗ੍ਰਿਫਤ 'ਚ ਆਏ ਟੇਲਰ ਨੇ ਹੈਰਾਨ ਕਰਨ ਵਾਲਾ ਗੁਨਾਹ ਕਬੂਲ ਕੀਤਾ ਹੈ। 38 ਸਾਲਾ ਟੇਲਰ ਸੁਨੀਲ ਰਸਤੋਗੀ ਨੇ ਪੁਲਿਸ ਦੀ ਪੁੱਛਗਿੱਛ 'ਚ ਖੁਲਾਸਾ ਕੀਤਾ ਹੈ ਕਿ ਉਸ ਨੇ 12 ਸਾਲ 'ਚ 500 ਬੱਚਿਆਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਹੈ। ਇਸ ਦੇ ਨਾਲ ਹੀ ਉਸ ਨੇ ਮੰਨਿਆ ਹੈ ਕਿ 2500 ਨਬਾਲਿਗਾਂ ਨਾਲ ਰੇਪ ਦੀ ਕੋਸ਼ਿਸ਼ ਵੀ ਕੀਤੀ ਹੈ। ਪੁਲਿਸ ਦੀ ਗ੍ਰਿਫਤ 'ਚ ਆਇਆ ਮੁਲਜ਼ਮ ਸੁਨੀਲ ਰਸਤੋਗੀ ਪੰਜ ਬੱਚਿਆਂ ਦਾ ਪਿਤਾ ਹੈ। ਉਸ ਨੂੰ ਦੋ ਬੱਚੀਆਂ ਨਾਲ ਰੇਪ ਦੀ ਕੋਸ਼ਿਸ ਕਰਨ ਦੇ ਮਾਮਲੇ 'ਚ ਗ੍ਰਿਫਤਾਰ ਕੀਤਾ ਗਿਆ ਹੈ। ਮਾਮਲੇ 'ਤੇ ਬੋਲਦਿਆਂ ਡੀ.ਸੀ.ਪੀ. ਓਮਵੀਰ ਨੇ ਦੱਸਿਆ ਕਿ ਸੁਨੀਲ ਜ਼ਿਆਦਾਤਰ 8 ਤੋਂ 10 ਸਾਲ ਦੀਆਂ ਸਕੂਲ ਆਉਂਦੀਆਂ-ਜਾਂਦੀਆਂ ਬੱਚੀਆਂ ਨੂੰ ਨਿਸ਼ਾਨਾ ਬਣਾਉਂਦਾ ਸੀ। ਉਹ ਕਿਸੇ ਬਹਾਨੇ ਬੱਚੀਆਂ ਨੂੰ ਸੁੰਨਸਾਨ ਜਗ੍ਹਾ ਲੈ ਜਾਂਦਾ 'ਤੇ ਉਨ੍ਹਾਂ ਨਾਲ ਰੇਪ ਕਰਦਾ ਸੀ।

ਮੁਲਜ਼ਮ ਸੁਨੀਲ ਨੇ ਜ਼ਿਆਦਾਤਰ ਦਿੱਲੀ, ਉੱਤਰ ਪ੍ਰਦੇਸ਼ ਤੇ ਉੱਤਰਾਖੰਡ 'ਚ ਇਨ੍ਹਾਂ ਕਰਤੂਤਾਂ ਨੂੰ ਅੰਜਾਮ ਦਿੱਤਾ ਹੈ। 2006 'ਚ ਅਜਿਹੇ ਇੱਕ ਮਾਮਲੇ 'ਚ ਉਹ ਉੱਤਰਾਖੰਡ ਦੀ ਰੁਦਰਪੁਰ ਜੇਲ 'ਚ 6 ਮਹੀਨੇ ਦੀ ਸਜ਼ਾ ਵੀ ਕੱਟ ਚੁੱਕਾ ਹੈ। ਫਿਲਹਾਲ ਪੁਲਿਸ ਉਸ ਤੋਂ 6 ਮਾਮਲਿਆਂ 'ਚ ਪੁੱਛਗਿੱਛ ਕਰ ਰਹੀ ਹੈ। ਇਨ੍ਹਾਂ 'ਚੋਂ ਤਿੰਨ ਕੇਸ ਦਿੱਲੀ ਦੇ, ਦੋ ਰੁਦਰਪੁਰ ਤੇ ਇੱਕ ਬਿਲਾਸਪੁਰ ਦਾ ਹੈ।

# ਪਿੰਡ ਪੰਡੋਰੀ ਦੇ ਸੈਂਕੜੇ ਲੋਕਾਂ ਨੇ ਫੜਿਆ ਆਪ ਦਾ 'ਝਾੜੂ'

**ਫਗਵਾੜਾ (ਰੱਤੂ)-** ਆਮ ਆਦਮੀ ਪਾਰਟੀ ਦੀ ਇਕ ਭਰਵੀਂ ਮੀਟਿੰਗ ਸੂਬਾ ਮੀਤ ਪ੍ਰਧਾਨ ਯੂਥ ਗੁਰਸ਼ਰਨ ਸਿੰਘ ਅਤੇ ਫਗਵਾੜਾ ਸਿਟੀ ਯੂਥ ਪ੍ਰਧਾਨ ਯਾਦਵਿੰਦਰ ਹੈਰੀ ਦੀ ਸਾਂਝੀ ਅਗਵਾਈ ਹੇਠ ਪਿੰਡ ਪੰਡੋਰੀ ਵਿਖੇ ਹੋਈ। ਮੀਟਿੰਗ ਵਿਚ 'ਆਪ' ਨੂੰ ਉਸ ਸਮੇਂ ਭਾਰੀ ਤਾਕਤ ਮਿਲੀ ਜਦੋਂ ਕੁਲਬੀਰ ਸਿੰਘ ਵੜੈਚ ਦੀ ਅਗਵਾਈ ਹੇਠ ਸੈਂਕੜੇ ਲੋਕਾਂ ਨੇ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਨਵੇਂ ਸ਼ਾਮਲ ਹੋਏ ਸਮੂਹ ਮੈਂਬਰਾਂ ਦਾ ਫਗਵਾੜਾ ਹਲਕੇ ਤੋਂ ਆਮ ਆਦਮੀ ਪਾਰਟੀ ਅਤੇ ਲੋਕ ਇੰਨਸਾਫ ਪਾਰਟੀ ਦੇ ਸਾਂਝੇ ਉਮੀਦਵਾਰ ਜਰਨੈਲ ਨੰਗਲ, 'ਆਪ' ਦੇ ਫੰਡ ਰੇਜ਼ਿੰਗ ਸੂਬਾ ਕਮੇਟੀ ਮੈਂਬਰ ਪ੍ਰਿੰ. ਨਿਰਮਲ ਸਿੰਘ, ਹਰਮੇਸ਼ ਪਾਠਕ, ਬਲਾਕ ਸੰਮਤੀ ਮੈਂਬਰ ਵਿਜੇ ਪੰਡੋਰੀ ਤੋਂ ਇਲਾਵਾ ਅਮਨ ਸਿੰਘ, ਲਾਡੀ ਬਸਰਾ, ਲਖਵੀਰ ਸਿੰਘ ਲਾਡੀ ਅਤੇ ਦਿਲਾਵਰ ਸਿੰਘ ਆਦਿ ਨੇ ਸਿਰੋਪੇ ਪਾ ਕੇ ਸੁਆਗਤ ਕੀਤਾ। ਉਕਤ ਆਗੂਆਂ ਨੇ ਕਿਹਾ ਕਿ ਪੂਰੇ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਲਹਿਰ ਚਲ ਰਹੀ ਹੈ। ਦਿੱਲੀ ਦੀ ਸ਼ਾਨਦਾਰ ਜਿੱਤ ਤੋਂ ਬਾਅਦ ਪਹਿਲੀ ਵਾਰ ਪੰਜਾਬ ਦੀਆਂ ਚੋਣਾਂ ਵਿਚ ਉਤਰੀ 'ਆਪ' ਨੂੰ ਲੈ ਕੇ ਵੋਟਰਾਂ ਵਿਚ ਭਾਰੀ ਉਤਸ਼ਾਹ ਹੈ। ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਹੀ ਪੰਜਾਬ ਨੂੰ 'ਚਿੱਟੇ' ਦੀ ਦਲਦਲ ਵਿਚੋਂ ਬਾਹਰ ਕੱਢ ਸਕਦੇ ਹਨ। ਉਹਨਾਂ ਇਲਾਕੇ ਦੇ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਵਾਰ ਪੰਜਾਬ ਦੇ ਭਲੇ ਲਈ ਝਾੜੂ ਦਾ ਬਟਨ ਦਬਾਅ ਕੇ ਸੂਬੇ ਵਿਚ 'ਆਪ' ਅਤੇ ਲੋਕ ਇਨਸਾਫ ਪਾਰਟੀ ਦੀ ਸਰਕਾਰ ਬਨਾਉਣ ਦਾ ਰਾਹ ਪੱਧਰਾ ਕਰਨ। ਇਸ ਮੌਕੇ ਵੱਡੀ ਗਿਣਤੀ ਵਿਚ ਦੋਵੇਂ ਪਾਰਟੀਆਂ ਦੇ ਵਲੰਟੀਅਰ ਅਤੇ ਪਿੰਡ ਵਾਸੀ ਹਾਜਰ ਸਨ।



# ਕਲ੍ਹ ਅੱਜ ਅਤੇ ਕਲ੍ਹ ਤੇ ਅੰਬੇਦਕਰਵਾਦ ਦਾ ਭਵਿੱਖ



ਬਖ਼ਸ਼ੀ ਰਾਮ, ਲੁਧਿਆਣਾ
+91 94 632 68101

ਮੂਲ ਭਾਰਤੀ ਆਦਿ ਵਾਸੀ ਲੋਕ ਇਸ ਭਾਰਤ ਦੇਸ਼ ਵਿਚ ਪਤਾ ਨਹੀਂ ਕਦੋਂ ਤੋਂ ਕਿੰਨੀਆਂ ਸਦੀਆਂ ਤੋਂ ਸ਼ਾਂਤੀ ਪੂਰਬਕ ਸਥਾਪਿਤ ਸਨ। ਮੂਲ ਰੂਪ ਵਿਚ ਇਸ ਦੇਸ਼ ਨੂੰ ਨਾਗਵੰਸ਼ੀ ਦਰਾਵਿੜ ਲੋਕਾਂ ਦਾ ਦੇਸ਼ ਕਿਹਾ ਜਾਂਦਾ ਰਿਹਾ ਹੈ। ਹੜੱਪਾ, ਮੋਹਿੰਜੋਦਾੜੋ, ਸਿੰਧੂ ਘਾਟੀ ਸਭਿਅਤਾਵਾਂ ਦੀਆਂ ਨਿਸ਼ਾਨੀਆਂ ਸਾਬਤ ਕਰਦੀਆਂ ਹਨ ਕਿ ਇਸ ਦੇਸ਼ ਦੀ ਸਭਿਅਤਾ ਬਾਕੀ ਸੰਸਾਰ ਨਾਲੋਂ ਕਿਸ ਹੱਦ ਤਕ ਅੱਗੇ ਸੀ। ਅਜ ਤੋਂ ਪੰਜ ਹਜ਼ਾਰ ਵਰ੍ਹੇ ਪਹਿਲਾਂ ਜਦ ਤੋਂ ਆਰੀਆ ਲੋਕਾਂ ਨੇ ਭਾਰਤ ਵਿਚ ਪਰਵੇਸ਼ ਪਾਇਆ ਤਾਂ ਇਥੋਂ ਦੇ ਲੋਕਾਂ ਨੂੰ ਧਾਹੀਂ ਰੁਆਇਆ। ਵਸਦੀ ਰਸਦੀ ਸੰਸਾਰ ਪ੍ਰਸਿੱਧ ਸਰਵੁੱਚ ਸਭਿਅਤਾ ਦਾ ਸੱਤਿਆਨਾਸ ਕਰ ਕੇ ਤੇ ਆਪਣਾ ਪ੍ਰਭੁਤਵ ਕਾਇਮ ਕੀਤਾ। ਇਸ ਤਰ੍ਹਾਂ ਲਗ ਭਗ ਦੋ ਹਜ਼ਾਰ ਸਾਲ ਦਾ ਸਮਾਂ ਬੀਤ ਗਿਆ ਜਦ ਤਥਾਗਤ ਦਾ ਜਨਮ ਹੋਇਆ। ਬੁੱਧ ਧਰਮ ਦਾ ਸੰਸਾਰ ਭਰ ਵਿਚ ਆਗਮਨ ਹੋਇਆ। ਇਹ ਆਰੀਆ ਲੋਕਾਂ ਦੇ ਸਤਾਏ ਹੋਏ ਲੋਕ ਬੋਧੀ ਹੋ ਗਏ। ਇਹ ਸਿਲਸਿਲਾ ਸਮਰਾਟ ਅਸ਼ੋਕ ਤੇ ਉਸ ਦੇ ਪੋਤਰੇ ਬ੍ਰਹਿਦ੍ਰਥ ਤੱਕ ਚੱਲਿਆ ਜਦ ਉਸ ਦੇ ਇਕ ਬ੍ਰਾਹਮਣ ਸੈਨਾਪਤੀ ਨੇ ਉਸ ਨੂੰ ਕਤਲ ਕਰ ਕੇ ਆਪਣਾ ਰਾਜ ਕਾਇਮ ਕਰ ਲਿਆ।ਇਹ ਦੂਜੀ ਸਦੀ ਈਸਵੀ ਦਾ ਸਮਾ ਸੀ। ਹੱਦ ਓਦੋਂ ਹੋਈ ਜਦੋਂ ਦੂਜੀ ਸਦੀ ਈਸਵੀ ਵਿਚ ਮਨੂੰ ਸਿਮਰਤੀ ਨਾਮ ਦਾ ਹਿੰਦੂ ਗ੍ਰੰਥ ਰਚ ਕੇ ਉਸ ਵਿਚ ਸੰਸਾਰ ਭਰ ਦੇ ਅਤਿਆਚਾਰੀ ਅਸਮਾਜਿਕ ਨਿਯਮ ਬਣਾ ਕੇ ਭਾਰਤ ਦੇ ਮੂਲ ਨਿਵਾਸੀ ਲੋਕਾਂ ਉਤੇ ਥੋਪ ਦਿੱਤੇ ਗਏ। ਪਹਿਲਾਂ ਤੋਂ ਹੀ ਚਾਰ ਵਰਣਾ ਵਿਚ ਵੰਡਿਆ ਹੋਇਆ ਭਾਰਤੀ ਸਮਾਜ ਹਜ਼ਾਰਾਂ ਹੀ ਜਾਤਾਂ ਵਿਚ ਵੰਡ ਦਿੱਤਾ ਗਿਆ।ਬਿਪਰ ਪ੍ਰਭੂ ਨੇ ਆਪਣੀ ਸਰਦਾਰੀ ਪੱਕੀ ਪੀਡੀ ਕਰੀ ਰੱਖਣ ਲਈ ਜਾਤਾਂ ਦੀਆਂ ਵੀ ਪਉੜੀਆਂ ਬਣਾ ਦਿਤੀਆਂ ਗਈਆਂ । ਕੋਈ ਵੀ ਜਾਤ ਇਕ ਦੂਜੀ ਦੇ ਸਮਾਨ ਨਹੀਂ ਸੀ । ਕੋਈ ਕਿਸੇ ਤੋਂ ਛੋਟੀ ਸੀ ਤੇ ਕੋਈ ਕਿਸੇ ਤੋਂ ਵੱਡੀ ਸੀ । ਸਮਾਜ ਵਿਚੋਂ ਰਹੀ ਸਹੀ ਏਕਤਾ ਵੀ ਸਮਾਪਤ ਹੋ ਗਈ।

ਇਸ ਸਮੇਂ ਦੌਰਾਨ ਸਮਾਜ ਦੇ ਇਕ ਐਸੇ ਤਬਕੇ ਦੀ ਸਿਰਜਣਾ ਕੀਤੀ ਗਈ ਜਿਸ ਨੂੰ ਅਛੂਤ ਦਾ ਦਰਜਾ ਦਿੱਤਾ ਗਿਆ।ਇਨ੍ਹਾਂ ਨੂੰ ਛੂਹ ਲੈਣ ਮਾਤਰ ਨਾਲ ਬਾਕੀ ਸਮਾਜ ਦੇ ਬੰਦਿਆਂ ਨੂੰ ਭਿੱਟ ਚੜ੍ਹਦੀ ਸੀ ਤੇ ਉਹ ਅਪਵਿਤਰ ਹੋ ਜਾਂਦੇ ਸਨ। ਪਵਿੱਤਰ ਹੋਣ ਲਈ ਉਨ੍ਹਾਂ ਨੂੰ ਮੁੜ ਨਹਾਉਣਾ ਪੈਂਦਾ ਸੀ । ਇਹ ਅਛੂਤ ਲੋਕ ਬਿਨਾਂ ਜ਼ਿੰਦਗੀ ਦੇ ਕਿਸੇ ਤਰ੍ਹਾਂ ਦੇ ਵੀ ਹੱਕ ਹਕੂਕ ਦੇ ਬਿਨਾਂ ਕਿਸੇ ਦੀ ਮੰਗ ਕੀਤਿਆਂ ਬਾਕੀ ਦੇ ਉਚ ਕਹੇ ਜਾਂਦੇ ਸਮਾਜ ਦੀ ਸੇਵਾ ਵਿਚ ਲਾ ਦਿਤੇ ਗਏ। ਇਨ੍ਹਾਂ ਦਾ ਕੰਮ ਕੇਵਲ ਤੇ ਕੇਵਲ ਬਾਕੀ ਸਮਾਜ ਦੀ ਸੇਵਾ ਕਰਨਾ ਸੀ ਤੇ ਇਵਜ਼ ਵਿਚ ਕੁਝ ਵੀ ਮੰਗਣਾ ਇਨ੍ਹਾਂ ਦਾ ਹੱਕ ਨਹੀਂ ਸੀ।

ਇਹ ਨੀਵੇਂ ਦਰਜੇ ਦੇ ਅਛੂਤ ਲੋਕ ਪਿੰਡਾਂ ਤੋਂ ਬਾਹਰ ਕਢ ਕੇ ਵਸਾ ਦਿਤੇ ਗਏ ਸਨ। ਸਮਾਜ ਦੇ ਉਚ ਦਰਜੇ ਦੇ ਲੋਕ ਇਨ੍ਹਾਂ ਦਾ ਪਰਛਾਵਾਂ ਲੈਣ ਤੋਂ ਵੀ ਝਿਜਕਦੇ ਸਨ। ਵਿਆਹ ਸ਼ਾਦੀਆਂ ਜਾਂ ਹੋਰ ਸਮਾਗਮਾਂ ਵਿਚ ਸਮਾਜ ਦੇ ਉਚ ਜਾਤੀ ਲੋਕਾਂ ਦੁਆਰਾ ਛੱਡੀ ਹੋਈ ਜੂਠ ਖਾ ਕੇ ਇਹ ਲੋਕ ਗੁਜ਼ਾਰਾ ਕਰਦੇ ਸਨ।ਇਨ੍ਹਾਂ ਨੂੰ ਕੀਤੇ ਹੋਏ ਕੰਮ ਦਾ ਕੋਈ ਮਿਹਨਤਾਨਾ ਨਹੀਂ ਦਿੱਤਾ ਜਾਂਦਾ ਸੀ। ਬਲਕਿ ਬਚੀਆਂ ਖੁਚੀਆਂ ਰੋਟੀਆਂ ਜਾਂ ਗਲਿਆ ਸੜਿਆ ਅਨਾਜ ਦੇ ਕੇ ਘਰ ਨੂੰ ਤੋਰ ਦਿੱਤਾ ਜਾਂਦਾ ਸੀ। ਮਰੇ ਹੋਏ ਡੰਗਰ ਪਿੰਡਾਂ ਤੋਂ ਬਾਹਰ ਲਿਜਾ ਕੇ ਉਨ੍ਹਾਂ ਦਾ ਚੰਮ ਉਤਾਰਨ ਦਾ ਕੰਮ ਵੀ ਇਹ ਹੀ ਲੋਕ ਕਰਦੇ ਸਨ। ਚੰਮ ਉਤਾਰ ਕੇ ਉਸ ਨੂੰ ਸਮਾਜ ਦੇ ਵੱਖ ਵੱਖ ਕੰਮਾਂ ਵਿਚ ਲਿਆਂਦਾ ਜਾਂਦਾ ਸੀ ਤੇ ਮਾਸ ਖਾ ਲਿਆ ਜਾਂਦਾ ਸੀ। ਗੰਨਾ ਪੱਕਣ ਤੇ ਜਦ ਗੁੜ ਬਣਾਉਣ ਲਈ ਵੇਲਣੇ ਚੱਲਦੇ ਸਨ ਤਾਂ ਇਨ੍ਹਾਂ ਨੂੰ ਗੰਨੇ ਛਿੱਲਣ ਤੋਂ ਲੈ ਕੇ ਘੁਲਾੜੀ ਵਿਚ ਗੰਨੇ ਲਾਉਣ ਤੇ ਚੁਰ ਝੋਕ ਦੇ ਕੰਮ ਕਰਨੇ ਪੈਂਦੇ ਸਨ। ਇਵਜ਼ ਵਿਚ ਸ਼ਾਮ ਨੂੰ ਜਾਂ ਤਾਂ ਇਨ੍ਹਾਂ ਨੂੰ ਗੰਨਿਆਂ ਤੋਂ ਉਤਰੇ ਆਗ ਤੇ ਖੋਰੀ ਮੁਫਤ ਲੈ ਜਾਣ ਨੂੰ ਦੇ ਦਿੱਤੀ ਜਾਂਦੀ ਜਾਂ ਫਿਰ ਝੋਕਣ ਦੇ ਦਿਨਾਂ ਵਿਚ ਰਸ ਤੋਂ ਸਫਾਈ ਉਪਰੰਤ ਉਤਰੀ ਮੈਲ ਦੇ ਦਿੱਤੀ ਜਾਂਦੀ ਸੀ ਜਿਸ ਨੂੰ ਇਹ ਘਰ ਲਿਜਾ ਕੇ ਵਿਚ ਥੋੜ੍ਹਾ ਅਨਾਜ ਪਾ ਕੇ ਪੀ ਲੈਂਦੇ ਸਨ ਤੇ ਇਸ ਤਰ੍ਹਾਂ ਆਪਣਾ ਜੀਵਨ ਨਿਰਵਾਹ ਕਰਦੇ ਸਨ।

ਕਿਸੇ ਤਰ੍ਹਾਂ ਦੀ ਵੀ ਜਾਇਦਾਦ ਬਣਾ ਲੈਣ ਦਾ ਇਨ੍ਹਾਂ ਨੂੰ ਕੋਈ ਹੱਕ ਨਹੀ ਹੁੰਦਾ ਸੀ ।ਪੂਰੀ ਦੀ ਪੂਰੀ ਭੋਂ ਮਾਲਕੀ ਜਗੀਰਦਾਰ ਜ਼ਿਮੀਂਦਾਰ ਦੀ ਹੁੰਦੀ ਸੀ । ਇਹ ਲੋਕ ਉਸ ਦੁਆਰਾ ਮੁਫਤ ਵਿਚ ਬਖ਼ਸ਼ ਦਿੱਤੇ ਗਏ ਹੋਏ ਜ਼ਮੀਨ ਦੇ ਟੁਕੜੇ ਉਤੇ ਉਸ ਦੀ ਖ਼ੁਸ਼ੀ ਅਨੁਸਾਰ ਕੁੱਲੀ, ਝੁੱਗੀ ,ਢਾਰਾ, ਛੱਪਰ ਆਦਿ ਪਾ ਕੇ ਰਹਿ ਸਕਦੇ ਸਨ। ਚੰਗੇ ਸਜਾਵਟੀ ਮਕਾਨ ਬਣਾਉਣਾ ਇਨ੍ਹਾਂ ਲਈ ਵਰਜਿਤ ਸੀ। ਇਹੀ ਹਾਲ ਇਨ੍ਹਾਂ ਲੋਕਾਂ ਦੀ ਪੜ੍ਹਾਈ ਦਾ ਸੀ। ਨਾ ਕਿਸੇ ਨੂੰ ਪੜ੍ਹਨ ਲਿਖਣ ਤੇ ਨਾ ਕਿਸੇ ਕਿਸਮ ਦੇ ਸਮਾਗਮ ਆਦਿ ਵਿਚ ਜਾਣ ਦੀ ਆਗਿਆ ਸੀ। ਇਹ ਲੋਕ ਮੰਦਰਾਂ ਵਿਚ ਵੀ ਨਹੀਂ ਜਾ ਆ ਸਕਦੇ ਸਨ। ਗੱਲ ਕੀ ਹਰੇਕ ਕਿਸਮ ਦੀਆਂ ਸਮਾਜਿਕ ਗਤੀਵਿਧੀਆਂ ਉਤੇ ਪਾਬੰਦੀ ਲੱਗੀ ਹੋਈ ਸੀ। ਪੜ੍ਹਨ ਸੁਣਨ ਵਾਲੇ ਦੇ ਕੰਨਾਂ ਵਿਚ ਸਿੱਕਾ ਤੱਕ ਪਿਘਲਾ ਕੇ ਪਾ ਦਿੱਤਾ ਜਾਂਦਾ ਸੀ।

ਨੌਵੀਂ ਸਦੀ ਈਸਵੀ ਦੇ ਸ਼ੁਰੂ ਵਿਚ ਭਾਰਤ ਉਤੇ ਅਰਬਾਂ ਦਾ ਹਮਲਾ ਹੋਣ ਦੇ ਨਾਲ ਹੀ ਭਾਰਤ ਭਰ ਵਿਚ ਮੁਸਲਿਮ ਰਾਜ ਦੀ ਸ਼ੁਰੂਆਤ ਹੋਈ । ਸਦੀਆਂ ਤੱਕ ਮੁਸਲਿਮ ਰਾਜਿਆਂ ਦੇ ਕਈ ਖ਼ਾਨਦਾਨ ਆਏ ਕਈ ਗਏ ।ਇਸ ਸਮੇਂ ਦੌਰਾਨ ਭਾਰਤ ਦੇ ਅਛੂਤ ਬਣਾਏ ਗਏ ਲੋਕ ਜੋ ਕਦੇ ਬੋਧੀ ਬਣੇ ਸਨ ਤੇ ਮੁਸਲਮਾਨ ਵੀ ਬਣੇ ਤਾਂ ਜੋ ਉਨ੍ਹਾਂ ਦੇ ਜੀਵਨ ਪੱਧਰ ਵਿਚ ਵੀ ਕੁਝ ਸੁਧਾਰ ਹੋ ਸਕੇ ਪਰ ਅਜਿਹਾ ਕਦੇ ਹੋਇਆ ਨਾ। ਜੈਨੀ, ਪਾਰਸੀ, ਈਸਾਈ ਬਣਨ ਤੇ ਵੀ ਇਹ ਅਛੂਤ ਦੇ ਅਛੂਤ ਹੀ ਬਣੇ ਰਹੇ ਤੇ ਕਦੇ ਵੀ ਮਨੁੱਖੀ ਅਧਿਕਾਰ ਇਨ੍ਹਾਂ ਨੂੰ ਦੇਣ ਦੀ ਗੱਲ ਨਾ ਚੱਲੀ। ਬਾਹਰਵੀ ਤੇਰ੍ਹਵੀਂ ਸਦੀ ਈਸਵੀ ਵਿਚ ਇਕ ਨਵੀ ਕਿਸਮ ਦੀ ਜਾਗਰਿਤੀ ਮੁਹਿੰਮ ਚੱਲੀ ਜਿਸ ਨੂੰ ਭਗਤੀ ਲਹਿਰ ਦਾ ਨਾਮ ਦਿੱਤਾ ਗਿਆ। ਇਸ ਵਿਚ ਦਲਿਤ ਸ਼ੂਦਰ, ਅਛੂਤ ਤਬਕੇ ਵਿਚੋਂ ਪੈਦਾ ਹੋਏ ਸਾਧ ਸੰਤ ਤਬਕੇ ਨੇ ਇਸ ਗ਼ਰੀਬ ਵਰਗ ਦੀ ਸਮਾਜਿਕ ,ਆਰਥਿਕ ਵਿਦਿਅਕ ਹਾਲਤ ਦੇਖ਼ ਕੇ ਹਾ ਦਾ ਨਾਅਰਾ ਮਾਰਿਆ। ਸਿੱਖ ਗੁਰੂ ਸਾਹਿਬਾਨ ਵੀ ਆਏ। ਪਰ ਅਛੂਤ ਸ਼ੂਦਰ ਦੇ ਸਮਾਜਿਕ ,ਆਰਥਿਕ ,ਵਿਦਿਅਕ ਹਾਲਾਤ ਜਿੱਥੇ ਸਨ ਉਥੇ ਹੀ ਰਹੇ।ਸਿੱਖ ਲਹਿਰ ਵਿਚ ਲੱਖ ਯਤਨ ਹੋਣ ਦੇ ਬਾਵਜੂਦ ਵੀ ਸਥਿਤੀ ਵਿਚ ਕੋਈ ਵਿਸ਼ੇਸ਼ ਜ਼ਿਕਰਯੋਗ ਸੁਧਾਰ ਨਾ ਹੋਇਆ।

ਸਮਾਂ ਖਿਸਕਦਾ ਖਿਸਕਦਾ ਹੋਰ ਅੱਗੇ ਹੋ ਗਿਆ। ਅਸੀਂ ਸਤਾਰ੍ਹਵੀਂ ਸਦੀ ਈਸਵੀ ਵਿਚ ਪਹੁੰਚ ਗਏ ਜਦ ਭਾਰਤ ਵਿਚ ਯੂਰਪੀਨ ਲੋਕ ਵਪਾਰੀ ਬਣ ਕੇ ਆਏ ਤੇ ਹੌਲੀ ਹੌਲੀ ਇਥੋਂ ਦੇ ਸਥਾਨਿਕ ਫੁੱਟ ਦੇ ਸ਼ਿਕਾਰ ਰਾਜਿਆਂ ਦੀ ਫੁੱਟ ਦਾ ਲਾਭ ਲੈਂਦੇ ਹੋਏ ਰਾਜ ਭਾਗ ਵਿਚ ਹਿੱਸਾ ਲੈਂਦੇ ਲੈਂਦੇ ਇਥੋਂ ਦੇ ਸ਼ਾਸਕ ਬਣ ਬੈਠੇ। ਭਾਰਤ ਬਰਤਾਨੀਆਂ ਰਾਜ ਦਾ ਭਾਗ ਬਣ ਗਿਆ। ਪਹਿਲਾਂ ਈਸਟ ਇੰਡੀਆ ਕੰਪਨੀ ਤੇ ਫਿਰ ਬਾਦਸ਼ਾਹਤ ਦੇ ਅਧੀਨ ਭਾਰਤ ਨੂੰ ਲੈ ਲਿਆ ਗਿਆ। ਅੰਗਰੇਜ਼ ਲੋਕ ਮਾਨਵੀ ਕਦਰਾਂ ਕੀਮਤਾਂ ਤੋਂ ਜਾਣੂ ਸਨ। ਆਮ ਨਾਲੋਂ ਇਹ ਸਭਿਅਕ ਲੋਕ ਸਾਰੇ ਦੇ ਸਾਰੇ ਭਾਰਤੀਆਂ ਨੂੰ ਇਕੋ ਹੀ ਇਨਸਾਫ ਦੀ ਤੱਕੜੀ ਵਿਚ ਪਾ ਕੇ ਦੇਖਣ ਪਰਖਣ ਲੱਗੇ। ਸਮਾਜ ਦੇ ਸਭ ਫਿਰਕਿਆਂ ਵਾਸਤੇ ਇਕੋ ਜਿਹੇ ਕਾਨੂੰਨ ਬਣਨ ਲੱਗੇ। ਅਛੂਤ ਸ਼ੂਦਰ ਨੂੰ ਵੀ ਕੁਝ ਸੁਰਤ ਆਈ। ਉਨ੍ਹਾਂ ਲਈ ਵੀ ਕਲਿਆਣਕਾਰੀ ਯੋਜਨਾਵਾਂ ਬਣਨ ਲੱਗੀਆਂ। ਇਨ੍ਹਾਂ ਵਿਚੋਂ ਇਕ ਮਹੱਤਵਪੂਰਨ ਯੋਜਨਾ ਉਨ੍ਹਾਂ ਦੇ ਬੱਚਿਆਂ ਲਈ ਵੀ ਵਿਦਿਆ ਦੇ ਬਰਾਬਰ ਦਰਵਾਜ਼ੇ ਖੋਲ੍ਹਣਾ ਸ਼ਾਮਿਲ ਸੀ। ਹਿੰਮਤ ਵਾਲੇ ਦਲਿਤ ਸ਼ੂਦਰ ਅਛੂਤ ਲੋਕ ਵੀ ਬਿਨਾਂ ਰੋਕ ਟੋਕ ਸਕੂਲ ਜਾਣ ਲੱਗੇ । ਇਸੇ ਸਮੇਂ ਵਿਚ ਮੇਰੇ ,ਭਾਰਤ ਦੇ ਕਰੋੜਾਂ ਕਰੋੜਾਂ ਸ਼ੂਦਰਾਂ, ਦਲਿਤਾਂ ਦੇ ਰਹਿਬਰ, ਮੁਕਤੀਦਾਤਾ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਦਾ ਜਨਮ ਹੁੰਦਾ ਹੈ। 14 ਅਪ੍ਰੈਲ, 1891 ਨੂੰ ਬਾਬਾ ਸਾਹਿਬ ਜੀ ਦਾ ਜਨਮ ਹੋਇਆ ਸੀ।



ਅਛੂਤ ਸ਼ੂਦਰ ਹੁੰਦੇ ਹੋਏ ਵੀ ਰਸਤੇ ਵਿਚ ਅਨੇਕਾਂ ਦੁੱਖ ਤਕਲੀਫਾਂ, ਸਰੀਰਕ , ਮਾਨਸਿਕ, ਆਰਥਿਕ ਹਰ ਤਰ੍ਹਾਂ ਝੱਲਦੇ ਹੋਏ ਬਾਬਾ ਸਾਹਿਬ ਉਹ ਪੜ੍ਹਾਈ ਕਰ ਗਏ ਜਿਸ ਦਾ ਦੁਨੀਆਂ ਭਰ ਦੇ ਵਿਦਵਾਨਾਂ ਵਿਚਾਰਵਾਨਾਂ ਚਿੰਤਕਾਂ ਫਿਲਾਸਫਰਾਂ ਆਰਥਿਕ ਮਾਹਿਰਾਂ ਰਾਜਨੀਤੀਵਾਨਾਂ ਵਿਚ ਕੋਈ ਸਾਨੀ ਇਸ ਸੰਸਾਰ ਵਿਚ ਅੱਜ ਤੱਕ ਨਹੀ ਹੈ। ਇਸ ਸਾਰੇ ਅਰਸੇ ਦੌਰਾਨ ਉਨ੍ਹਾਂ ਨੇ ਅਛੂਤ ਸ਼ੂਦਰ ਦਲਿਤ ਮੂਲ ਨਿਵਾਸੀ ਆਦਿ ਵਾਸੀ ਸਮੱਸਿਆਵਾਂ ਨੂੰ ਆਪਣੇ ਪਿੰਡੇ ਤੇ ਖ਼ੂਬ ਹੰਢਾਇਆ ਤੇ ਇਸ ਦਾ ਦੁੱਖ ਮਹਿਸੂਸ ਕੀਤਾ।ਸਾਰੀ ਉਮਰ ਦਲਿਤ ,ਇਸਤਰੀ, ਮਜ਼ਲੂਮਾਂ ਲਈ ਸਰਕਾਰ ਦੇ ਵਿਚ ਰਹਿ ਕੇ ਵੀ ਤੇ ਬਾਹਰ ਵੀ ਲੜਦੇ ਰਹੇ। ਧਾਰਮਿਕ ਸਮਾਜਿਕ ਆਰਥਿਕ ਬਰਾਬਰੀ ਦੀ ਲੜਾਈ, ਲੜੀ ਸੰਤ ਲਹਿਰ ਦੇ ਸੰਤ ਸਤਿਗੁਰੂਆਂ ਨੇ ਵੀ ਹੈ ਤੇ ਸਿੱਖ ਸਤਿਗੁਰੂਆਂ ਨੇ ਵੀ। ਪਰ ਜੋ ਕੁਝ ਇਕੱਲਾ ਅੰਬੇਦਕਰ ਕਰ ਸਕਿਆ ਉਹ ਕਿਸੇ ਹੋਰ ਤੋਂ ਹੋ ਸਕਿਆ ਨਹੀਂ।ਭਾਵੇਂ ਕਿ ਬਾਬਾ ਸਾਹਿਬ ਨੂੰ ਆਪਣੀ ਨਿਜੀ ਜ਼ਿੰਦਗੀ ਵਿਚ ਇਸ ਦੀ ਭਾਰੀ ਕੀਮਤ ਵੀ ਚੁਕਾਉਣੀ ਪਈ ।

ਪੜ੍ਹਾਈ ਪੂਰੀ ਕਰ ਕੇ ਬਾਬਾ ਸਾਹਿਬ ਜੀ ਨੇ ਸੀਆ ਜੀ ਗਾਇਕਵਾੜ, ਸਾਹੂ ਛਤਰਪਤੀ, ਦੇ ਦਰਬਾਰਾਂ ਵਿਚ ਚੰਗੇ ਅਹੁਦੇ ਵੀ ਸੰਭਾਲੇ। ਬੰਬਈ ਹਾਈ ਕੋਰਟ ਵਿਚ ਵਕਾਲਤ ਵੀ ਕੀਤੀ । ਪਰ ਇਹ ਜਾਤੀ ਦਾ ਭੂਤ ਸਦਾ ਹੀ ਉਨ੍ਹਾਂ ਦੇ ਉਤੇ ਬੁਰੀ ਤਰ੍ਹਾਂ ਪਿੱਛੇ ਪਿਆ ਰਿਹਾ। ਯੁਗ ਪਰਿਵਰਤਕ ਬਾਬਾ ਸਾਹਿਬ ਥਾਂ ਥਾਂ ਤੇ ਇਹ ਤ੍ਰਿਸਕਾਰ ਝੱਲਣ ਲਈ ਤਿਆਰ ਨਹੀਂ ਸਨ, ਉਹ ਤਾਂ ਸਹੀ ਸ਼ਬਦਾਂ ਵਿਚ ਯੁਗ ਪਰਿਵਰਤਨ ਕਰ ਦੇਣ ਲਈ ਤਿਆਰ ਬੈਠੇ ਸਨ। ਇਸ ਲਈ ਇਸ ਜਾਤੀ ਭੂਤ ਨੂੰ ਸਦਾ ਸਦਾ ਲਈ ਉਤਾਰ ਸੁੱਟਣ ਦੀ ਠਾਣ ਕੇ ਇਨ੍ਹਾਂ ਨੇ ਪੂਰ ਜ਼ੋਰ ਤਰੀਕੇ ਨਾਲ ਅੰਗਰੇਜ਼ ਸਰਕਾਰ ਦੇ ਧਿਆਨ ਵਿਚ ਇਸ ਕੋਹੜ ਬਾਰੇ ਲਿਆਉਣਾ ਸ਼ੁਰੂ ਕੀਤਾ। ਉਹ ਲੋਕ ਭਾਰਤ ਦੇ ਬਾਕੀ ਸਭ ਸ਼ਾਸਕਾਂ ਤੋਂ ਵੱਧ ਮਾਨਵ ਵਾਦੀ ਸਨ। ਉਨ੍ਹਾਂ ਨੇ ਅੰਬੇਦਕਰ ਦੀ ਮੰਨ ਕੇ ਗੋਲਮੇਜ਼ ਕਾਨਫਰੰਸਾਂ ਰੱਖੀਆਂ। ਜਿਨ੍ਹਾਂ ਵਿਚ ਬਾਬਾ ਸਾਹਿਬ ਨੇ ਦਲਿਤ ਸਮੱਸਿਆ ਨੂੰ ਪੂਰ ਜ਼ੋਰ ਤਰੀਕੇ ਨਾਲ ਉਭਾਰਿਆ। ਸਾਈਮਨ ਕਮਿਸ਼ਨ ਨਿਯਤ ਹੋਇਆ। ਗਾਂਧੀ ਅਗਵਾਈ ਪ੍ਰਾਪਤ ਕਾਂਗਰਸ ਦੇ ਵਿਰੋਧ ਪ੍ਰਗਟ ਕਰਨ ਦੇ ਬਾਵਜੂਦ ਭਾਰਤ ਭਰ ਦਾ ਦੌਰਾ ਕਰ ਕੇ ਆਪਣੀ ਰਾਏ ਸ਼ੂਦਰਾਂ ਦਲਿਤਾਂ ਪਛੜਿਆਂ ਪ੍ਰਤੀ ਕਾਇਮ ਕੀਤੀ। ਅੰਬੇਦਕਰ ਸਾਹਿਬ ਨੇ ਵੀ ਮੈਮੋਰੈਂਡਮ ਦਿੱਤਾ। ਹੋਰ ਸ਼ੂਦਰ ਜਥੇਬੰਦੀਆਂ ਨੇ ਵੀ ਉਸ ਦੇ ਸਾਹਮਣੇ ਚੀਕ ਚਿਹਾੜਾ ਪਾ ਕੇ ਆਪਣੇ ਕਰ ਦਿੱਤੇ ਹੋਏ ਭੈੜੇ ਰਹਿਣ ਬਹਿਣ ਦਾ ਸਵਾਲ ਉਠਾਇਆ। ਨਤੀਜੇ ਵਜੋਂ ਕਮਿਊਨਲ ਅਵਾਰਡ ਜਾਰੀ ਹੋਇਆ ਜੋ ਦਲਿਤ ਸ਼ੂਦਰਾਂ ਅਛੂਤਾਂ ਲਈ ਅਨੇਕਾਂ ਰਿਆਇਤਾਂ ਲੈ ਕੇ ਆਇਆ। ਗਾਂਧੀ ਫਿਰ ਬਿੱਫਰ ਗਿਆ। ਅੰਬੇਦਕਰ ਨੂੰ ਆਪਣੇ ਅੰਗਰੇਜ਼ ਦਵਾਰਾ ਦਿੱਤੇ ਹੋਏ ਕੁਝ ਹਿਤਾਂ ਨੂੰ ਕੁਰਬਾਨ ਕਰ ਕੇ ਸਮਝੌਤਾ ਕਰ ਕੇ ਗਾਂਧੀ ਨੂੰ ਮਰਨ ਤੋਂ ਬਚਾਉਣਾ ਪਿਆ। ਇਸ ਤਰ੍ਹਾਂ 15 ਅਗਸਤ 1947 ਆ ਗਿਆ ਜਦ ਭਾਰਤ ਨੂੰ ਆਜ਼ਾਦ ਕਰ ਕੇ ਅੰਗਰੇਜ਼ ਸ਼ਾਸਕ ਆਪਣੇ ਮੁਲਕ ਬਰਤਾਨੀਆਂ ਵਾਪਿਸ ਚਲਾ ਗਿਆ। ਅਸੀਂ ਦਲਿਤ ਲੋਕ ਹਾਲੇ ਆਪਣੇ ਆਪ ਨੂੰ ਆਜ਼ਾਦ ਨਹੀਂ ਮਹਿਸੂਸ ਕਰ ਰਹੇ ਸੀ ਕਿਉਂਕਿ ਸਾਡੇ ਲਈ ਤਾਂ ਕੁਝ ਵੀ ਬਦਲਿਆ ਨਹੀਂ ਸੀ । ਸਭ ਕੁਝ ਜੈਸੇ ਕਾ ਤੈਸਾ ਹੀ ਸੀ ।

26 ਜਨਵਰੀ 1950 ਦਾ ਪਵਿੱਤਰ ਦਿਹਾੜਾ ਆਇਆ, ਜਦ ਪੂਰੀ ਤਰ੍ਹਾਂ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦਵਾਰਾ ਰਚਿਤ ਭਾਰਤ ਦਾ ਸੰਵਿਧਾਨ ਹੋਂਦ ਵਿਚ ਆ ਕੇ ਪੂਰੀ ਤਰਾਂ ਭਾਰਤ ਦੇਸ਼ ਉਤੇ ਲਾਗੂ ਹੋ ਗਿਆ। ਇਸ ਦਿਨ ਤੋਂ ਅਸਲ ਵਿਚ ਸਾਡੇ ਉਤੋਂ ਹਜ਼ਾਰਾਂ ਵਰ੍ਹਿਆਂ ਦਾ ਥੋਪਿਆ ਹੋਇਆ ਮਨੂੰ ਸਿਮ੍ਰਿਤੀ ਦਾ ਕਾਨੂੰਨ ਉਤਾਰ ਕੇ ਸਾਡਾ ਆਪਣਾ, ਸਾਡੇ ਆਪਣੇ ਰਹਿਬਰ ਦਾ ਬਣਾਇਆ ਹੋਇਆ ਕਾਨੂੰਨ ਸਾਡੇ ਉਤੇ ਲਾਗੂ ਹੋ ਗਿਆ।ਹੁਣ ਅਸੀਂ ਦਲਿਤ ਪਛੜੇ,ਸ਼ੂਦਰ ,ਅਛੂਤ ਲੋਕ ਸੰਪੂਰਣ ਤੌਰ ਤੇ ਆਜ਼ਾਦ ਸੀ। ਅਸੀਂ ਵਿਦਿਆ ਪੜ੍ਹ ਸਕਦੇ ਸੀ ਜਦ ਤੱਕ ਜਿੱਥੋਂ ਤੱਕ ਚਾਹੀਏ। ਅਸੀਂ ਆਪਣੀ ਮਨ ਮਰਜ਼ੀ ਦੇ ਆਪਣੇ ਘਰ ਉਸਾਰ ਸਕਦੇ ਸੀ । ਅਸੀਂ ਮਿਲਖਾਂ ਉਸਾਰ ਸਕਦੇ ਸੀ। ਆਪਣੀ ਮਨ ਮਰਜ਼ੀ ਦਾ ਹੀਰਿਆਂ ਤੱਕ ਦਾ ਵਪਾਰ ਕਰ ਸਕਦੇ ਸੀ। ਅਸੀਂ ਭਾਰਤ ਦੇ ਮੁੱਖ ਜੱਜ ਬਣ ਸਕਦੇ ਸੀ। ਅਸੀਂ ਪ੍ਰਧਾਨ ਮੰਤਰੀ, ਰਾਸ਼ਟਰਪਤੀ ਦੀ ਚੋਣ ਲੜ ਸਕਦੇ ਸੀ।

1950 ਤੋਂ ਬਾਅਦ, ਦੇਖਦਿਆਂ ਦੇਖਦਿਆਂ ਸਾਡੇ ਦਲਿਤ, ਸ਼ੂਦਰ, ਅਛੂਤ ਬੱਚੇ ਸਕੂਲਾਂ ਵਿਚ ਜਾਣ ਲੱਗੇ। ਧੜਾ ਧੜ ਵਿਦਿਆ ਪ੍ਰਾਪਤੀ ਵੱਲ ਅੱਗੇ ਵਧਣ ਲੱਗੇ। ਸਾਲ 1970, 75 ਤੋਂ ਬਾਅਦ ਇਸ ਦੇ ਨਤੀਜੇ ਵੀ ਸਮਾਜ ਦੇ ਸਾਹਮਣੇ ਆਉਣੇ ਸ਼ੁਰੂ ਹੋਏ, ਜਦ ਸਾਡੇ ਬਚੇ ਪੜ੍ਹ ਲਿਖ਼ ਕੇ ਸਰਕਾਰੀ ਨੌਕਰੀਆਂ ਵਿਚ ਵੀ ਧੜਾ ਧੜ ਆਉਣੇ ਸ਼ੁਰੂ ਹੋਏ। ਗੱਲ ਕੀ ਕੇਂਦਰੀ ਤੇ ਸੂਬਾਈ ਸਰਕਾਰਾਂ ਦੇ ਸਾਰੇ ਦੇ ਸਾਰੇ ਮਹਿਕਮਿਆਂ ਵਿਚ ਭਰਪੂਰ ਮਾਤਰਾ ਵਿਚ ਦਲਿਤ ਪੱਛੜੇ ਲੋਕ ਨੌਕਰੀ ਕਰਦੇ ਹੋਏ ਦਿਸਣ ਲੱਗੇ। ਦੇਖਦਿਆਂ ਦੇਖਦਿਆਂ ਇਕ ਦਲਿਤ ਭਾਰਤ ਦੇ ਰਾਸ਼ਟਰਪਤੀ ਦੇ ਅਹੁਦੇ ਉਤੇ ਪਹੁੰਚ ਗਿਆ ਤੇ ਉਸ ਨੇ ਪੂਰੇ ਦੇ ਪੂਰੇ ਪੰਜ ਪੰਜ ਸਾਲ ਆਪਣੇ ਪੂਰੇ ਜਾਹੋ ਜਲਾਲ ਨਾਲ ਇਸ ਅਹੁਦੇ ਨੂੰ ਬੜੀ ਸ਼ਾਨੋ ਸ਼ੌਕਤ ਨਾਲ ਚਲਾਇਆ। ਉਹ ਕਿਸੇ ਦੇ ਹੱਥਾਂ ਵਿਚ ਰਬੜ ਦੀ ਮੋਹਰ ਨਹੀਂ ਬਣਿਆਂ। ਆਪਣੇ ਵਿਵੇਕ ਨਾਲ ਉਸ ਨੇ ਆਪਣੇ ਸਮੇਂ ਵਿਚ ਸਭ ਫੈਸਲੇ ਲਏ ਜਿਨ੍ਹਾਂ ਕਰਕੇ ਭਾਰਤ ਦੀ ਰਾਜਨੀਤੀ ਵਿਚ ਦੂਰ ਰਸ ਸਿੱਟੇ ਨਿਕਲੇ। ਇਸੇ ਤਰ੍ਹਾਂ ਇਕ ਵਿਅਕਤੀ ਭਾਰਤ ਦਾ ਮੁੱਖ ਜੱਜ ਵੀ ਬਣਿਆਂ ਤੇ ਉਸ ਨੇ ਵੀ ਜਿੰਨਾ ਸਮਾਂ ਰਿਹਾ ਆਪਣੇ ਅਹੁਦੇ ਦੀ ਸ਼ਾਨ ਤੇ ਗਰਿਮਾ ਵਧਾਈ। ਕਹਿਣ ਤੋਂ ਭਾਵ ਇਹ ਹੈ ਕਿ ਇਹ ਲੋਕ ਜਿਨ੍ਹਾਂ ਦਾ ਪਿਛੋਕੜ ਹੈ ਕਿ ਇਨ੍ਹਾਂ ਦੇ ਪਿਓ ਦਾਦੇ ਸਦੀਆਂ ਤੋਂ ਦੱਬੇ ਕੁਚਲੇ ਲੋਕ ਰਹੇ ਸਨ ਤੇ ਇਸ ਕਮੀਂ ਨੇ ਇਨ੍ਹਾਂ ਲੋਕਾਂ ਦੀ ਲਿਆਕਤ ਕਾਬਲੀਅਤ ਵਿਚ ਕੋਈ ਵੀ ਕਮੀਂ ਨਹੀਂ ਦਿਖਾਈ। ਬਹੁਤ ਸਾਰੇ ਥਾਵੀਂ ਇਹ ਲੋਕ, ਆਮ ਲੋਕਾਂ ਤੋਂ ਵੱਧ ਸਿਆਣਪ ਨਾਲ ਕੰਮ ਕਰਦੇ ਦੇਖੇ ਗਏ ਹਨ।

ਹੁਣ ਸਾਲ 2017 ਆ ਗਿਆ ਹੈ। 26 ਜਨਵਰੀ ਨੂੰ ਅਸੀਂ ਆਪਣਾ 68ਵਾਂ ਗਣਤੰਤਰਤਾ ਦਿਵਸ ਮਨਾ ਰਹੇ ਹੋਵਾਂਗੇ ।ਆਪਣੇ ਚਾਰ ਚੁਫੇਰੇ ਝਾਤੀ ਮਾਰੋ। ਦੇਖੋ ਕੀ ਨਹੀਂ ਹਾਸਲ ਕਰ ਸਕੇ ਇਹ ਮੇਰੇ ਸਮਾਜ ਦੇ ਦਲਿਤ ਪਛੜੇ , ਸ਼ੂਦਰ ਅਛੂਤ ਕਹੇ ਜਾਂਦੇ ਲੋਕ। ਪਿੰਡਾਂ ਵਿਚ ਨਿਕਲ ਕੇ ਦੇਖੋ ਜ਼ਰਾ।ਹੁਣ ਕੋਈ ਝੁੱਗੀਆਂ, ਝੋਂਪੜੀਆਂ, ਕੁੱਲੀਆਂ ਢਾਰਿਆਂ, ਛਤੜਿਆਂ, ਵਿਚ ਨਹੀਂ ਰਹਿੰਦਾ। ਕਿਸੇ ਨੂੰ ਛੱਪੜ ਦਾ ਪਾਣੀ ਨਹੀਂ ਪੀਣਾ ਪੈਂਦਾ। ਕੋਈ ਬੋਰੀਆਂ ਦੇ ਚੀਥੜੇ ਫੂਸੜੇ ਉਪਰ ਲੈ ਕੇ ਰਾਤ ਨੂੰ ਠੰਡ ਵਿਚ ਨਹੀ ਸੌਂਦਾ। ਕਿਸੇ ਨੂੰ ਜੂਠ ਖਾਣ ਦੀ ਲੋੜ ਨਹੀਂ। ਕਿਸੇ ਨੂੰ ਵੀ ਲਗਾਤਾਰ ਆਪਣੇ ਆਕਾ ਦੀਆਂ ਖੁਰਲੀਆਂ ਵਿਚ ਦਿਨ ਰਾਤ ਰੁਲਣਾ ਨਹੀਂ ਪੈਂਦਾ। ਸਾਰੀ ਦਿਹਾੜੀ ਮਿੱਟੀ ਨਾਲ ਮਿੱਟੀ ਨਹੀਂ ਹੋਣਾ ਪੈਂਦਾ। ਲੋਕਾਂ ਵਿਚ ਅਨਪੜ੍ਹਤਾ ਨਹੀਂ ਹੈ।ਦਲਿਤ ਪਛੜੇ ਲੋਕ ਦੇਸ਼ ਭਰ ਵਿਚ ਹਰ ਪਰਕਾਰ ਦੀਆਂ ਸਰਗਰਮੀਆਂ ਵਿਚ ਵਧ ਚੜ੍ਹ ਕੇ ਸ਼ਰੀਕ ਹੁੰਦੇ ਹਨ ਤੇ ਉਥੇ ਆਪਣਾ ਭਰਪੂਰ ਯੋਗਦਾਨ ਪਾਉਂਦੇ ਹਨ।ਅੱਜ ਦਾ ਦਲਿਤ ਪਛੜਿਆ ਇਨਸਾਨ ਹੁਣ ਪਛੜਿਆ ਨਹੀਂ ਰਹਿ ਗਿਆ। ਉਹ ਵੀ ਕਾਰਾਂ ਕੋਠੀਆਂ ਦਾ ਮਾਲਕ ਬਣ ਗਿਆ ਹੈ ।ਹੁਣ ਉਸ ਨੂੰ ਨਹਾਉਣ ਵਾਸਤੇ ਖੁੱਲ੍ਹੇ ਵਿਹੜੇ ਵਿਚ ਦੋ ਇੱਟਾਂ ਭਾਲ ਕੇ ਨਹੀਂ ਰਖਣੀਆਂ ਪੈਂਦੀਆਂ ।ਪਾਣੀ ਗਰਮ ਕਰਨ ਲਈ ਉਸ ਨੂੰ ਕੋਈ ਟੁੱਟਿਆ ਪੀਪਾ ਜਾਂ ਠੀਕਰਾ ਨਹੀਂ ਭਾਲਣਾ ਪੈਂਦਾ। ਉਸ ਦੇ ਘਰਾਂ ਕੋਠੀਆਂ ਵਿਚ ਰਾਜਿਆਂ ਮਹਾਰਾਜਿਆਂ ਨਾਲੋਂ ਵਧੀਆ ਦੋ ਦੋ ਤਿੰਨ ਤਿੰਨ ਗੁਸਲਖਾਨਿਆਂ, ਟੱਟੀਆਂ ਦਾ ਪ੍ਰਬੰਧ ਹੈ ਜਿਨ੍ਹਾਂ ਵਿਚ ਕੋਈ ਟੂਟੀ ਗਰਮ ਪਾਣੀ ਦੀ ਚੱਲਦੀ ਹੈ ਤੇ ਕੋਈ ਠੰਡੇ ਦੀ।

ਹੁਣ ਉਹ ਮਰੇ ਪਸ਼ੂਆਂ ਦਾ ਮਾਸ ਨਹੀਂ ਖਾਂਦਾ ਤੇ ਨਾਂ ਹੀ ਘੁਲਾੜੀ ਦੀ ਮੈਲ ਪੀਂਦਾ ਹੈ। ਉਸ ਨੂੰ ਵੀ ਭਾਂਤ ਭਾਂਤ ਦੇ ਮਨ ਭਾਉਂਦੇ ਪਕਵਾਨ ਬਣਾਉਣੇ ਖਾਣੇ ਆ ਗਏ ਹਨ। ਉਸ ਦੇ ਬੱਚੇ ਸਾਫ ਸੁਥਰੇ ਹੋ ਕੇ ਸਕੂਲ ਜਾਂਦੇ ਹਨ ਤੇ ਮੱਲਾਂ ਮਾਰਦੇ ਹਨ। ਹੁਣ ਦਲਿਤਾਂ ਦੀਆਂ ਰਸੋਈਆਂ ਵਿਚ ਵੀ ਫਰਿਜ, ਮਾਈਕਰੋ ਓਵਨ ਤੇ ਬਹੁਤ ਕੁਝ ਆ ਗਿਆ ਹੈ। ਚਮਚਮਾਉਂਦੇ ਹੋਏ ਨਵੇਂ ਫੈਸ਼ਨ ਤੇ ਡੀਜ਼ਾਈਨ ਦੇ ਬਰਤਣਾਂ ਨਾਲ ਸੁਆਣੀਆਂ ਦੀਆਂ ਰਸੋਈਆਂ ਸਜੀਆਂ ਪਈਆਂ ਹਨ। ਅੱਗ ਬਾਲਣ ਲਈ ਪਾਥੀਆਂ ਪੱਤਿਆਂ ਨਾਲ ਧੂਏਂ ਵਿਚ ਧੂਖੜਨਾ ਨਹੀਂ ਪੈਂਦਾ। ਉਸ ਕੋਲ ਵੀ ਦੋ ਦੋ ਸਿਲੰਡਰ ਵਾਲੇ ਗੈਸ ਕਨੈਕਸ਼ਨ ਆ ਗਏ ਹਨ। ਲਾਈਟਰ ਨਾਲ ਟਿੱਚ ਕਰ ਕੇ ਗੈਸ ਚੁੱਲ੍ਹਾ ਬਾਲ ਕੇ ਹੁਣ ਉਸ ਨੂੰ ਵੀ ਮਜ਼ਾ ਆਉਣ ਲੱਗ ਗਿਆ ਹੈ। ਟੁੱਟੀਆਂ ਫੁੱਟੀਆਂ ਜਹਾਜ਼ ਨੁਮਾਂ ਮੰਜੀਆਂ ਜਿਨ੍ਹਾਂ ਦੀ ਬਾਹੀ ਕਿੱਧਰ ਨੂੰ ਤੇ ਸਰਾਵਾ ਕਿੱਧਰ ਨੂੰ ਜਾਂਦਾ ਹੁੰਦਾ ਸੀ ਤੇ ਅੱਧੇ ਸੰਘੇ ਟੁੱਟੇ ਖੁੱਸੇ ਹੋਏ ਹੁੰਦੇ ਸਨ, ਨੂੰ ਛੱਡ ਕੇ ਉਸ ਨੂੰ ਵੀ ਹੁਣ ਸਜੇ ਹੋਏ ਪਲੰਘਾਂ ਡਬਲ ਬੈੱਡਾਂ ਤੇ ਮਖਮਲੀ ਬਿਸਤਰਿਆਂ ਵਿਚ ਸੌਣ ਦਾ ਵੱਲ ਆ ਗਿਆ ਹੈ ਤੇ ਘਰਾਂ ਵਿਚ ਇਸ ਤਰ੍ਹਾਂ ਦੇ ਆਰਾਮ, ਐਸ਼ੋ ਇਸ਼ਰਤ ਦੇ ਸਾਧਨ ਆਮ ਦੇਖਣ ਨੂੰ ਮਿਲ ਜਾਂਦੇ ਹਨ। ਵਾਹ ਲਗਦੇ ਹਰ ਇਕ ਦਲਿਤ ਪਛੜਿਆ ਘਰ ਮਿਹਨਤ ਮਜ਼ਦੂਰੀ ਕਰਨ ਵਾਲੇ ਦਾ ਵੀ ਵਧੀਆ ਕਿਸਮ ਦੇ ਟੀ ਵੀ ਸੈੱਟ ਨਾਲ ਸਜਿਆ ਹੋਇਆ ਹੈ। ਕਈਆਂ ਘਰਾਂ ਵਿਚ ਕੰਪਿਊਟਰ ,ਇੰਟਰਨੈਟ ਤੇ ਦੋ, ਦੋ; ਤਿੰਨ ਤਿੰਨ; ਮੋਬਾਈਲ ਫੋਨ ਵੀ ਦੇਖਣ ਨੂੰ ਮਿਲ ਜਾਂਦੇ ਹਨ।ਕਈ ਘਰ ਆਪਣੇ ਆਪ ਨੂੰ ਵਾਈ ਫਾਈ ਸਰਵਿਸ ਨਾਲ ਵੀ ਜੋੜ ਚੁੱਕੇ ਹਨ।

ਹੁਣ ਕਿਸੇ ਸ਼ੂਦਰ ,ਦਲਿਤ ,ਪਛੜੇ, ਮੂਲ ਨਿਵਾਸੀ ਨੂੰ ਕਿਸੇ ਦੀ ਧੌਂਸ ਅਧੀਨ ਕਿਸੇ ਦੀ ਮੁਫਤ ਵਿਚ ਵਗਾਰ ਨਹੀਂ ਕਰਨੀ ਪੈਂਦੀ। ਧੌਂਸ ਅਧੀਂ ਕਈ ਪਿੰਡਾਂ ਵਿਚ ਸੌਂਪੀ ਤੇ ਕੰਮ ਨਹੀਂ ਕਰਦਾ। ਕਿਸੇ ਨੂੰ ਕਿਸੇ ਜਗੀਰਦਾਰ, ਜ਼ੈਲਦਾਰ, ਠਾਣੇਦਾਰ ਦਾ ਬੋਝਾ ਨਹੀਂ ਚੁੱਕਣਾ ਪੈਂਦਾ। ਕਿਸੇ ਧੌਂਸ ਹੇਠ ਕਿਸੇ ਦਾ ਮਲ, ਮੂਤਰ, ਗੋਹਾ ਕੂੜਾ ਨਹੀਂ ਕਰਨਾ ਪੈਂਦਾ। ਗੱਲ ਕੀ ਕਿਸੇ ਨੂੰ ਵੀ ਕਿਸੇ ਤਰ੍ਹਾਂ ਦੀਆਂ ਬੁੱਤੀਆਂ ਨਹੀਂ ਕਰਨੀਆਂ ਪੈਂਦੀਆਂ। ਸਭ ਆਪਣੀ ਸੌਣੀ ਸੌਂਦੇ ਹਨ ਉਹ ਆਪਣੀ ਮਰਜ਼ੀ ਨਾਲ ਜਾਗਦੇ ਹਨ। ਨਗਰ ਕਮੇਟੀਆਂ, ਕਾਰਪੋਰੇਸ਼ਨਾਵਾਂ, ਪਿੰਡਾਂ ਦੀਆਂ ਪੰਚਾਇਤਾਂ ਵਿਚ ਸਾਡੀ ਪੂਰੀ ਹਿੱਸੇ ਦਾਰੀ ਹੁੰਦੀ ਹੈ। ਗੱਲ ਕੀ ਹਰ ਪਾਸੇ ਦਲਿਤ ਪਛੜੇ ਸ਼ੂਦਰ ਲੋਕ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਦੀ ਪੁਨਰ ਜਾਗਰਣ ਲਹਿਰ ਕਾਰਣ ਭਾਰਤ ਦੇ ਸੰਵਿਧਾਨ ਦੀਆਂ ਬਰਕਤਾਂ ਨਾਲ ਹਰ ਪਾਸੇ ਬਰਾਬਰ ਆਪਣੀ ਹਾਜ਼ਰੀ ਲਗਵਾ ਰਹੇ ਹਨ।ਭਾਵੇਂ ਹਾਲੇ ਬਹੁਤ ਕੁਝ ਕਰਨ ਵਾਲਾ ਰਹਿੰਦਾ ਹੈ ਪਰ ਫਿਰ ਵੀ ਜੋ ਹੋਇਆ ਹੈ ਉਸ ਤੋਂ ਅਸੀਂ ਇਨਕਾਰ ਵੀ ਨਹੀਂ ਕਰ ਸਕਦੇ।ਸਾਡਾ ਬੀਤਿਆ ਕਲ੍ਹ ਬਹੁਤ ਹੀ ਘਿਨਾਉਣਾ ਸੀ । ਇਹ ਸਾਡਾ ਸੁਹਾਵਣਾ ਅੱਜ ਹੈ ।

ਜ਼ਾਹਿਰ ਹੀ ਹੈ ਕਿ ਸਾਡੇ ਵਿਰੋਧੀਆਂ ਨੂੰ ਇਹ ਸਭ ਕੁਝ ਸਹਿਜੇ ਹੀ ਹਜ਼ਮ ਨਹੀਂ ਹੋ ਰਿਹਾ।ਜਿਨ੍ਹਾਂ ਨੇ ਹਜ਼ਾਰਾਂ ਸਾਲਾਂ ਤੋਂ ਸਾਡੇ ਉੱਤੇ ਕਾਠੀ ਪਾਈ ਰੱਖੀ ਤੇ ਮੁਫਤ ਦੇ ਆਪਣੇ ਬੇ-ਦਾਮ ਗ਼ੁਲਾਮ ਬਣਾ ਕੇ ਰੱਖਿਆ ਉਨ੍ਹਾਂ ਨੂੰ ਇਹ ਸਭ ਕੁਝ ਹੁਣ ਫੁੱਟੀ ਅੱਖ ਨਹੀਂ ਭਾਉਂਦਾ। ਥਾਂ ਥਾਂ ਤੇ ਸਾਡੇ ਵਿਰੁਧ ਸਾਜ਼ਸ਼ਾਂ ਘੜਨ ਲਈ ਸਰਗਰਮ ਰਹਿੰਦੇ ਹਨ। ਜਿੱਥੇ ਹੋ ਸਕਦਾ ਹੈ ਈਰਖਾ ਵੱਸ ਕੋਈ ਨਾ ਕੋਈ ਸੌਖਾ ਜਿਹਾ ਬਹਾਨਾ ਬਣਾ ਕੇ ਸਾਡੇ ਜਵਾਨਾ, ਤ੍ਰੀਮਤਾਂ,ਬੱਚਿਆਂ,ਬੁਢਿਆਂ ਆਦਿ ਨੂੰ ਪ੍ਰੇਸ਼ਾਨ ਕਰਦੇ ਰਹਿੰਦੇ ਹਨ। ਕੁੱਟਣ ਫੈਂਟਣ ਤੋਂ ਇਲਾਵਾ ਕਈ ਵਾਰ ਵੱਡੇ ਵੱਡੇ ਵਾਰ ਵੀ ਸਾਡੇ ਲੋਕਾਂ ਉਤੇ ਬ੍ਰਾਹਮਣੀਕਲ ਸੋਸ਼ਲ ਆਰਡਰ ਦੁਆਰਾ ਪਾਲੇ ਦਲਿਤ ਸ਼ੂਦਰ ਵਿਰੋਧੀ ਗੁੰਡਿਆਂ ਵਲੋਂ ਸਾਡੇ ਲੋਕਾਂ ਉਤੇ ਕੀਤੇ ਜਾਂਦੇ ਹਨ। ਜਾਨੀ ,ਮਾਲੀ ਨੁਕਸਾਨ ਵੀ ਕੀਤਾ ਜਾਂਦਾ ਹੈ। ਇਕੱਲੀਆਂ ਦੁਕੱਲੀਆਂ ਲੜਕੀਆਂ ਨੂੰ ਦੇਖ ਕੇ ਉਨ੍ਹਾਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਹੁੰਦੀਆਂ ਹਨ।ਸਰਕਾਰ ਵੀ ਆਨੇ ਬਹਾਨੇ ਸਮਾਜਿਕ ਗੁੰਡਿਆਂ ਦਾ ਪੱਖ ਪੂਰਦੀ ਰਹਿੰਦੀ ਹੈ।ਇਹ ਗੱਲ ਹੋ ਗਈ ਉਨ੍ਹਾਂ ਲੋਕਾਂ ਦੀ ਜੋ ਸਾਡੇ ਸਮਾਜ ਦੇ ਆਸੇ ਪਾਸੇ ਅੱਗੇ ਪਿੱਛੇ ਬੈਠੇ ਸਾਡੀ ਹਰ ਚੰਗੀ ਮਾੜੀ ਹਰਕਤ ਨੂੰ ਧਿਆਨ ਨਾਲ ਵਾਚਦੇ ਹਨ ਤੇ ਇਕੱਲੇ ਇਕੱਲੇ ਜਾਂ ਸਮੂਹਿਕ ਰੂਪ ਵਿਚ ਉਸ ਅਨੁਸਾਰ ਕੰਮ ਕਰਦੇ ਹਨ। ਇਕ ਉਹ ਹਨ ਜੋ ਸਾਡੇ ਆਪਣੇ ਹਨ। ਜਿਨ੍ਹਾਂ ਨੂੰ ਮੇਰੇ ਆਪਣੇ ਸਮਾਜ ਨੇ ਜਨਮ ਦਿੱਤਾ ਹੈ।

ਇਹ ਖ਼ਾਸ ਤੌਰ ਤੇ ਮੇਰੇ ਆਪਣੇ ਸਮਾਜ ਦੀਆਂ ਉਹ ਔਲਾਦਾਂ ਹਨ ਜਿਨ੍ਹਾਂ ਦੇ 26 ਜਨਵਰੀ 1950 ਤੋਂ ਪਹਿਲਾਂ ਪੈਦਾ ਹੋਏ ਮਾਪਿਆਂ ਨੇ ਨਵੇਂ ਬਣੇ ਹਾਲਾਤ ਵਿਚ ਵਿਦਿਆ ਪ੍ਰਾਪਤ ਕੀਤੀ ਤੇ ਸਰਕਾਰ ਦੀ ਨੌਕਰੀਆਂ ਵਿਚ ਰਾਖਵਾਂ ਕਰਨ ਨੀਤੀ ਅਧੀਨ ਸਰਕਾਰੀ ਨੌਕਰੀ ਵਿਚ ਆਏ। ਇਹ ਬੜੀ ਮਜ਼ਲੂਮ ਕਿਸਮ ਦੇ ਲੋਕ ਸਨ। ਬਾਬਾ ਸਾਹਿਬ ਬੀ ਆਰ ਅੰਬੇਦਕਰ ਨੂੰ ਜਾਣਦੇ ਸਨ। ਤੇ ਇਹ ਵੀ ਜਾਣਦੇ ਸਨ ਕਿ ਇਹ ਸਰਕਾਰੀ ਨੌਕਰੀਆਂ ਉਨ੍ਹਾਂ ਨੂੰ ਬਾਬਾ ਸਾਹਿਬ ਜੀ ਦੀ ਬਦੌਲਤ ਹੀ ਮਿਲੀਆਂ ਹਨ। ਪਰ ਆਰਥਿਕ ਤੌਰ ਤੇ ਕਮਜ਼ੋਰ ਹੋਣ ਕਰਕੇ ਬਾਬਾ ਸਾਹਿਬ ਜੀ ਦੇ ਹੱਕ ਵਿਚ ਕੋਈ ਗਿਣਨ ਯੋਗ ਸਰਗਰਮੀ ਨਾ ਕਰ ਸਕੇ। ਇਨ੍ਹਾਂ ਦੀਆਂ ਉਲਾਦਾਂ ਨੇ ਇਨ੍ਹਾਂ ਦੀ ਬਿਹਤਰ ਜ਼ਿੰਦਗੀ ਦਾ ਭਰਪੂਰ ਲਾਭ ਲਿਆ। ਚੰਗਾ ਪੜ੍ਹ ਲਿਖ਼ ਗਏ। ਕਈਆਂ ਨੇ ਬਹੁਤ ਹੀ ਚੰਗੇ ਚੰਗੇ ਅਹੁਦੇ ਮੱਲੇ। ਅਸਲ ਵਿਚ ਦਲਿਤ ਪਛੜੇ ਸਮਾਜ ਦੀ ਗਣਤੰਤਰਤਾ ਤੋਂ ਮਗਰ ਦੀ ਇਹ ਪੀੜ੍ਹੀ ਸੀ ਜਿਸ ਨੇ

(ਬਾਕੀ ਅਗਲੇ ਸਫੇ ਤੇ)

# ਹਰਿਆਣਾ 'ਚ ਰੈਸਲਿੰਗ ਮੁਕਾਬਲੇ ਕਰਵਾਉਣਗੇ 'ਦ ਗ੍ਰੇਟ ਖਲੀ'

**ਪਾਨੀਪਤ–** ਮਸ਼ਹੂਰ ਭਲਵਾਨ ਗ੍ਰੇਟ ਖਲੀ (ਦਲੀਪ ਸਿੰਘ ਰਾਣਾ) ਹਰਿਆਣਾ ਦੇ ਪਾਨੀਪਤ ਅਤੇ ਗੁਰੂਗਰਾਮ 'ਚ ਅੰਤਰਰਾਸ਼ਟਰੀ ਪੱਧਰ ਦੀ ਰੈਸਲਿੰਗ ਅਕੈਡਮੀ ਸ਼ੁਰੂ ਕਰਨਗੇ। ਖਲੀ ਨੇ ਇਸ ਬਾਰੇ ਖੁਦ ਜਾਣਕਾਰੀ ਦਿੱਤੀ। ਰੈਸਲਿੰਗ ਅਕੈਡਮੀ ਸ਼ੁਰੂ ਕਰਨ ਤੋਂ ਪਹਿਲਾਂ ਹਰਿਆਣਾ 'ਚ ਖਲੀ ਰੈਸਲਿੰਗ ਚੈਂਪੀਅਨਸ਼ਿਪ ਵੀ ਕਰਵਾਉਣਗੇ। 8 ਅਕਤੂਬਰ ਨੂੰ ਗੁਰੂਗਰਾਮ ਅਤੇ 12 ਅਕਤੂਬਰ ਨੂੰ ਪਾਨੀਪਤ 'ਚ ਵਿਸ਼ਵ ਪੱਧਰ ਦੀ ਖੇਡ ਪ੍ਰਤੀਯੋਗਤਾ ਦਾ ਪ੍ਰਬੰਧ ਕੀਤਾ ਜਾਵੇਗਾ।



ਖਲੀ ਨੇ ਕਿਹਾ ਕਿ ਹਰਿਆਣਾ ਖੇਡਾਂ ਨੂੰ ਜਨਮ ਦੇਣ ਵਾਲਾ ਰਾਜ ਹੈ। ਹਰਿਆਣਾ ਦੇ ਖਿਡਾਰੀਆਂ ਨੇ ਭਾਰਤ 'ਚ ਹੀ ਨਹੀਂ ਬਲਕਿ ਵਿਸ਼ਵ ਪੱਧਰ 'ਤੇ ਦੇਸ਼-ਪ੍ਰਦੇਸ਼ ਦਾ ਨਾਮ ਰੌਸ਼ਨ ਕੀਤਾ ਹੈ। ਪਰ ਨਾਲ ਹੀ ਖਲੀ ਨੇ ਰੈਸਲਿੰਗ 'ਚ ਘਟਦੀ ਪ੍ਰਤਿਭਾ ਬਾਰੇ ਵੀ ਗੱਲ ਕੀਤੀ। ਖਲੀ ਨੇ ਕਿਹਾ ਕਿ ਹਰਿਆਣਾ ਹੀ ਨਹੀਂ ਬਲਕਿ ਦੇਸ਼ 'ਚ ਪ੍ਰੋਫੈਸ਼ਨਲ ਰੈਸਲਿੰਗ ਨੂੰ ਪਰਮੋਟ ਕਰਨ ਵਾਲੀਆਂ ਜਾਦਾ ਅਕੈਡਮੀਆਂ ਨਹੀਂ ਹਨ। ਖਲੀ ਨੇ ਕਿਹਾ ਕਿ ਰੈਸਲਿੰਗ ਨੂੰ ਵੱਡੇ ਪੱਧਰ 'ਤੇ ਪਹੁੰਚਾਉਣ ਲਈ ਉਨ੍ਹਾਂ ਨੇ ਗੁਰੂਗਰਾਮ ਅਤੇ ਪਾਨੀਪਤ 'ਚ ਅਕੈਡਮੀ ਖੋਲਣ ਦਾ ਫੈਸਲਾ ਕੀਤਾ ਹੈ। ਇਨ੍ਹਾਂ ਅਕੈਡਮੀਆਂ 'ਚ ਵਿਸ਼ਵ ਪੱਧਰ ਦੀਆਂ ਸਹੂਲਤਾਂ ਦੇਣ ਦੀ ਗੱਲ ਆਖੀ ਗਈ ਹੈ। ਖਲੀ ਨੇ ਕਿਹਾ ਕਿ ਹਰਿਆਣਾ 'ਚ ਖਿਡਾਰੀਆਂ ਦੀ ਅਤੇ ਟੈਲੈਂਟ ਦੀ ਕਮੀ ਨਹੀਂ ਹੈ ਪਰ ਚੰਗੇ ਕੋਚ ਅਤੇ ਅਕੈਡਮੀਆਂ ਦੀ ਕਮੀ ਹੈ। ਪਰ ਖਲੀ ਨੇ ਦੱਸਿਆ ਕਿ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਅਤੇ ਖੇਡ ਮੰਤਰੀ ਅਨਿਲ ਵਿਜ ਖੇਡਾਂ ਨੂੰ ਪਰਮੋਟ ਕਰਨਾ ਚਾਹੁੰਦੇ ਹਨ ਅਤੇ ਉਨ੍ਹਾਂ ਦੇ ਜੁਨੂਨ ਨੂੰ ਵੇਖ ਲਗਦਾ ਹੈ ਕਿ ਜਲਦੀ ਹੀ ਚੰਗੇ ਕੋਚ ਅਤੇ ਚੰਗੀਆਂ ਅਕੈਡਮੀਆਂ ਇਨ੍ਹਾਂ ਖਿਡਾਰੀਆਂ ਲਈ ਉਪਲਬਧ ਹੋਣਗੀਆਂ। ਇਸ ਮੌਕੇ ਸਮਾਲਖਾ ਦੇ ਵਿਧਾਇਕ ਰਵਿੰਦਰ ਮਛਰੌਲੀ ਵੀ ਮੌਜੂਦ ਸਨ। ਉਨ੍ਹਾਂ ਨੇ ਕਿਹਾ ਕਿ ਖਲੀ ਨੂੰ ਅਕੈਡਮੀ ਸ਼ੁਰੂ ਕਰਨ ਲਈ ਹਰ ਕਿਸਮ ਦੀ ਮਦਦ ਦਿੱਤੀ ਜਾਵੇਗੀ। ਖਲੀ ਨੇ ਜਲੰਧਰ 'ਚ ਪਹਿਲਾਂ ਹੀ ਇੱਕ ਅਕੈਡਮੀ ਸ਼ੁਰੂ ਕੀਤੀ ਹੋਈ ਹੈ। ਇਸ ਅਕੈਡਮੀ 'ਚ ਲਗਭਗ 70 ਖਿਡਾਰੀ ਟਰੇਨਿੰਗ ਲੈਂਦੇ ਹਨ।

# ਸਿੱਖ ਨਸਲਕੁਸੀ: ਸੁਪਰੀਮ ਕੋਰਟ ਨੇ ਮੰਗੀ 4 ਹਫਤਿਆਂ 'ਚ ਰਿਪੋਰਟ



ਨਵੀਂ ਦਿੱਲੀ: 1984 ਸਿੱਖ ਨਸਲਕੁਸ਼ੀ ਮਾਮਲੇ ਸਬੰਧੀ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਮਾਮਲੇ 'ਚ ਚਾਰ ਹਫ਼ਤੇ ਅੰਦਰ ਸਟੇਟਸ ਰਿਪੋਰਟ ਪੇਸ਼ ਕਰਨ ਦਾ ਨਿਰਦੇਸ਼ ਦਿੱਤਾ ਹੈ। ਕੋਰਟ ਦੀ ਨਿਗਰਾਨੀ 'ਚ ਐਸ.ਆਈ.ਟੀ. ਜਾਂਚ ਲਈ ਕੋਰਟ 'ਚ ਪਟੀਸ਼ਨ ਦਾਖਲ ਕੀਤੀ ਗਈ ਸੀ। ਇਸ 'ਤੇ ਕੋਰਟ ਨੇ ਇਹ ਫ਼ੈਸਲਾ ਸੁਣਾਇਆ ਹੈ। ਅਗਲੀ ਸੁਣਵਾਈ 20 ਫਰਵਰੀ ਨੂੰ ਹੋਵੇਗੀ। ਦੱਸ ਦੇਈਏ ਕਿ ਦਿੱਲੀ ਅਦਾਲਤ ਨੇ ਮਾਮਲੇ ਦੇ ਦੋਸ਼ੀ ਸੱਜਣ ਕੁਮਾਰ ਨੂੰ ਆਗਾਊਂ ਜ਼ਮਾਨਤ ਦਿੱਤੀ ਸੀ। ਇਸ ਦਾ ਪੀੜਤਾਂ ਵੱਲੋਂ ਸਖਤ ਵਿਰੋਧ ਜਤਾਇਆ ਗਿਆ ਸੀ। ਇਸ ਤੋਂ ਪਹਿਲਾਂ ਅਦਾਲਤ ਨੇ ਸੱਜਣ ਕੁਮਾਰ ਦੀ ਜੱਜ ਬਦਲਣ ਦੀ ਅਪੀਲ ਨੂੰ ਖਾਰਜ ਕੀਤਾ ਸੀ।

# ਕਲ੍ਹ ਅੱਜ ਅਤੇ ਕਲ੍ਹ ਤੇ ਅੰਬੇਦਕਰਵਾਦ ਦਾ ਭਵਿੱਖ

ਦਲਿਤ ਸਮਾਜ ਨੂੰ ਤਰੱਕੀ ਦੀਆਂ ਬੁਲੰਦੀਆਂ ਤੇ ਪਹੁੰਚਾਇਆ। ਪਰ ਇਹ ਅੰਬੇਦਕਰ ਤੋਂ ਦੂਰ ਹੋ ਗਏ ਮਤਾਂ ਕਿਸੇ ਨੂੰ ਪਤਾ ਲੱਗ ਜਾਵੇ ਕਿ ਇਹ ਦਲਿਤ ਸ਼ੂਦਰ ਸਮਾਜ ਨਾਲ ਸਬੰਧਤ ਬੰਦਾ ਹੈ । ਇਨਾਂ ਦੂਰ ਕਿ ਉਸ ਦਾ ਨਾਮ ਤੱਕ ਲੈਣ ਨੂੰ ਗੁਨਾਹ ਸਮਝਦੇ ਹਨ।ਸਮਾਜ ਅੰਦਰ ਸਭ ਤੋਂ ਮਾੜੀ ਸਥਿਤੀ ਹੁਣ ਇਹ ਪੈਦਾ ਹੋਈ ਹੈ।

ਅਜਿਹਾ ਨਹੀਂ ਹੈ ਕਿ ਅੰਬੇਦਕਰ ਉਤੇ ਕੋਈ ਕੰਮ ਨਹੀਂ ਹੋ ਰਿਹਾ। ਬਹੁਤ ਕੁਝ ਹੋ ਰਿਹਾ ਹੈ। ਭਾਰਤ ਭਰ ਵਿਚ ਜਿੰਨੀ ਜਾਗਰਿਤੀ ਦਲਿਤ ਪਛੜੇ ਸਮਾਜ ਵਿਚ ਅੰਬੇਦਕਰ ਵਾਦ ਨੂੰ ਲੈ ਕੇ ਆਈ ਹੈ ਇਨੀ ਕਦੇ ਵੀ ਆਈ ਨਹੀ ਸੀ। ਥਾਂ ਪਰ ਥਾਂ ਬੁੱਧ, ਕਬੀਰ, ਫੂਲੇ, ਸ਼ਾਹੂ , ਅੰਬੇਦਕਰ ਨੂੰ ਯਾਦ ਕੀਤਾ ਜਾਂਦਾ ਹੈ, ਉਨ੍ਹਾਂ ਦੇ ਸੋਹਲੇ ਗਾਏ ਜਾਂਦੇ ਹਨ। ਲੋਕ ਉਨ੍ਹਾਂ ਦੇ ਨਾਮ ਤੇ ਜਲਸੇ ਕਰਦੇ ਹਨ। ਜਲੂਸ ਕੱਢਦੇ ਹਨ। ਅਨੇਕਾਂ ਕਿਸਮ ਦੇ ਫਇਰੋਂਦਿਚਿਓਲਸ ਉਨ੍ਹਾਂ ਦੇ ਨਾਮ ਤੇ ਨਿਕਲਦੇ ਹਨ, ਅਨੇਕਾਂ ਜਥੇਬੰਦੀਆਂ, ਸੰਸਥਾਵਾਂ ਪੂਰੇ ਭਾਰਤ ਭਰ ਵਿਚ ਉਨ੍ਹਾਂ ਦੇ ਨਾਮ ਤੇ ਦਿਨ ਰਾਤ ਕੰਮ ਕਰ ਰਹੀਆਂ ਹਨ। ਵਿਦੇਸ਼ਾਂ ਵਿਚ ਉਨ੍ਹਾਂ ਦੀਆਂ ਸ਼ਾਖ਼ਾਵਾਂ ਅਨੁਸ਼ਾਸਨਾਤਮਕ ਤਰੀਕੇ ਨਾਲ ਕੰਮ ਕਰ ਰਹੀਆਂ ਹਨ। ਫਿਰ ਵੀ ਇਕ ਤਬਕਾ ਅਜਿਹਾ ਵੀ ਹੈ ਜੋ ਕਿ ਕਿਸੇ ਵੀ ਸਰਗਰਮੀ ਤੋਂ ਪਾਸਾ ਵੱਟ ਕੇ ਕੋਲ ਦੀ ਸੌਖਾ ਹੀ ਲੰਘ ਜਾਂਦਾ ਹੈ।

ਇਹ ਉਹ ਲੋਕ ਹਨ ਜੋ ਆਪਣੇ ਹੀ ਘਰ ਵਿਚ ਬਾਪੂ ਦਾ ਮੰਗਵਾਇਆ ਹੋਇਆ ਮੇਜ਼ ਉਤੇ ਪਿਆ ਅੰਬੇਦਕਰ ਵਾਦ ਉਤੇ ਚਰਚਾ ਕਰਦਾ ਹੋਇਆ ਪਰਚਾ ਦੇਖਣਾ ਪਸੰਦ ਨਹੀ ਕਰ ਦੇ। ਜੇਕਰ ਕਿਸੇ ਮਿੱਤਰ ਨੇ ਘਰ ਵਿਚ ਆਉਣਾ ਹੋਵੇ ਤਾਂ ਇਹ ਲੋਕ ਉਸ ਮਿੱਤਰ ਦੀ ਆਮਦ ਉਤੇ ਪਰਚੇ ਨੂੰ ਅਛੋਪਲੇ ਜਿਹੇ ਪੁੱਠਾ ਕਰ ਦਿੰਦੇ ਹਨ ਤਾਂ ਕਿ ਟਾਈਟਲ ਪੰਨਾ ਮਿੱਤਰ ਦੀ ਨਿਗਾਹ ਨਾ ਪੈ ਜਾਵੇ ਤੇ ਉਹ ਅੰਦਾਜ਼ਾ ਨਾ ਲਗਾ ਲਵੇ ਕਿ ਇਹ ਦਲਿਤ ਪਛੜੇ ਸਮਾਜ ਦਾ ਘਰ ਹੈ। ਇਹ ਉਹ ਲੋਕ ਹਨ ਜੋ ਆਪਣੇ ਘਰਾਂ ਦੀਆਂ ਦੀਵਾਰਾਂ ਉਤੇ ਦਲਿਤ ਪਛੜੇ ਆਗੂਆਂ, ਕ੍ਰਾਂਤੀਵੀਰਾਂ ਦੀਆਂ ਤਸਵੀਰਾਂ ਲਾਉਣਾ ਪਸੰਦ ਨਹੀ ਕਰਦੇ। ਹਿੰਦੂ ਮਿਥਿਹਾਸਿਕ ਦੇਵੀ ਦੇਵਤੇ ਜਾਂ ਸਿਖ ਗੁਰੂ ਸਾਹਿਬਾਨ ਦੀਆਂ ਮਨੋ ਕਲਪਿਤ ਤਸਵੀਰਾਂ (ਜੋ ਅਸਲੀ ਨਹੀਂ ਹਨ) ਲਾ ਕੇ ਬਹੁਤ ਖ਼ੁਸ਼ ਹੁੰਦੇ ਹਨ, ਉਨ੍ਹਾਂ ਨਾਲ ਇਨ੍ਹਾਂ ਨੂੰ ਬਹੁਤ ਸਕੂਨ ਮਿਲਦਾ ਹੈ।ਕੋਈ ਅੰਬੇਦਕਰਵਾਦੀ ਕਾਰਜ ਕਰਤਾ ਜੇਕਰ ਆਪਣੇ ਅਸਰ ਰਸੂਖ਼ ਨਾਲ ਕਿਸੇ ਅਜਿਹੇ ਸ਼ਖ਼ਸ ਦੇ ਘਰ ਅੰਬੇਦਕਰੀ ਕ੍ਰਾਂਤੀਕਾਰੀ ਵਿਚਾਰਾਂ ਦਾ ਜੇਕਰ ਕੋਈ ਪਰਚਾ ਲਵਾਉਣ ਵਿਚ ਸਫਲ ਵੀ ਹੋ ਜਾਂਦਾ ਹੈ ਤਾਂ ਇਹ ਮਿਲਣ ਉਤੇ ਉਸ ਨੂੰ ਚਿੜਾ ਕੇ ਬੜੇ ਸ਼ੌਕ ਨਾਲ ਦਸਦੇ ਹਨ ਉਯਾਰ ਤੇਰਾ ਲਵਾਇਆ ਹੋਇਆ ਪਰਚਾ ਤਾਂ ਆ ਗਿਆ ਸੀ। ਪਰ ਜਿਵੇਂ ਆਇਆ ਮੈਂ ਤਾਂ ਬਕਲ ਵੀ ਨਹੀਂ ਖੋਲ੍ਹਿਆ, ਓਵੇਂ ਜਿਵੇਂ ਹੀ ਪਾਸੇ ਕਰ ਕੇ ਰੱਖ ਦਿੱਤਾ। ਹਾ..ਆ.ਹਾ.ਆ ਅ..''।ਦੁਰ ਫਿਟੇ ਮੂੰਹ । ਇਹ ਹਾਲਾਤ ਹਨ ਹੁਣ ਦੀ ਸਾਡੀ ਜਵਾਨ ਹੋਈ ਪੀੜ੍ਹੀ ਦੇ ।

ਕਿਸੇ ਦਲਿਤ ਪ੍ਰਸੰਗ ਨਾਲ ਸਬੰਧਤ ਕੋਈ ਕਿਤਾਬ ਜਾਂ ਕਿਸੇ ਅਖ਼ਬਾਰ ਵਿਚੋਂ ਕੋਈ ਆਰਟੀਕਲ ਪੜ੍ਹਨ ਲਈ ਜੇਕਰ ਕਹਿ ਦਿਤਾ ਜਾਵੇ ਤਾਂ ਇਨ੍ਹਾਂ ਨੂੰ ਸੱਪ ਸੁੰਘ ਜਾਂਦਾ ਹੈ। ਕਿਤਾਬਾਂ ਪੜ੍ਹਨ ਦਾ ਸ਼ੌਕ ਤਾਂ ਇਨ੍ਹਾਂ ਨੇ ਵੈਸੇ ਹੀ ਨਹੀਂ ਪਾਲਿਆ ਫਿਰ ਅੰਬੇਦਕਰਵਾਦੀ ਸਾਹਿਤ ਇਨ੍ਹਾਂ ਨੇ ਕੀ ਪੜ੍ਹਨਾ ਹੋਇਆ।ਆਪਣੇ ਪੂਰਵਜਾਂ, ਪੁਰਖਿਆਂ ਨਾਲ ਹੋਈਆਂ ਬੀਤੀਆਂ ਭੈੜਾਂ ਕਰਤੂਤਾਂ ਦਾ ਜ਼ਿਕਰ ਘਰ ਵਿਚ ਕਰਨਾ ਵਿਸ਼ੇਸ਼ ਤੌਰ ਤੇ ਇਨ੍ਹਾਂ ਦੇ ਬੱਚਿਆਂ ਦੇ ਸਾਹਮਣੇ ਕਰਨ ਤੋਂ ਆਪਣੀ ਵੱਡੀ ਪੀੜ੍ਹੀ ਦੇ ਬਜ਼ੁਰਗਾਂ ਨੂੰ ਇਹ ਵਰਜਦੇ ਹਨ ਕਿਉਂਕਿ ਇਹ ਆਪਣੇ ਬੱਚਿਆਂ ਤੱਕ ਨੂੰ ਆਪਣੀ ਦਲਿਤ ਹੋਣ ਦੀ ਭਿਣਕ ਤੱਕ ਪੈਣ ਦੇਣਾ ਨਹੀਂ ਚਾਹੁੰਦੇ। ਗੱਲ ਕੀ , ਥਾਂ ਪਰ ਥਾਂ ਇਹ ਆਪਣੇ ਆਪ ਨੂੰ ਲੁਕਾਉਂਦੇ ਛੁਪਾਉਂਦੇ ਰਹਿੰਦੇ ਹਨ। ਦੂਸਰੇ ਪਾਸੇ ਸਵਰਣ ਲੋਕ ਇਨ੍ਹਾਂ ਦੇ ਰਹਿਣ ਸਹਿਣ ਵਿਚ ਹੋਈ ਇਨਕਲਾਬੀ ਬਦਲੀ ਦਾ ਨੋਟਿਸ ਗੰਭੀਰਤਾ ਨਾਲ ਲੈਂਦੇ ਹਨ ਤੇ ਇਨ੍ਹਾਂ ਨਾਲ ਭਰਪੂਰ ਈਰਖਾ ਕਰਦੇ ਹਨ। ਸਰਕਾਰੇ ਦਰਬਾਰੇ ਇਨ੍ਹਾਂ ਨੇ ਕਰੀਮੀ ਲੇਅਰ ਦੀ ਰੀਜ਼ਰਵੇਸ਼ਨ ਬੰਦ ਕਰਵਾਉਣ ਲਈ ਕਈ ਵਾਰ ਸਰਕਾਰੇ ਦਰਬਾਰੇ ਪਹੁੰਚ ਕੀਤੀ ਹੈ । ਬਾਰ ਬਾਰ ਗੰਭੀਰ ਕਿਸਮ ਦੀਆਂ ਅਵਾਜ਼ਾਂ ਇਹ ਵੀ ਉਠ ਰਹੀਆਂ ਹਨ ਕਿ ਜਾਤ ਅਧਾਰਤ ਰਾਖਵਾਂਕਰਣ ਬੰਦ ਹੋਣਾ ਚਾਹੀਦਾ ਹੈ। ਕਈ ਖਾਂਦੇ ਪੀਂਦੇ ਵਰਗਾਂ ਦੇ ਲੋਕ ਦੇਖੋ ਦੇਖੀ ਆਪੋ ਆਪਣੀ ਜਾਤ ਲਈ ਰਾਖਵਾਂ ਕਰਣ ਦੀ ਮੰਗ ਕਰਨ ਲੱਗੇ ਹਨ। ਜਿਵੇਂ ਹਰਿਆਣੇ ਵਿਚ ਜਾਟ ਲੋਕ ਤੇ ਰਾਜਸਥਾਨ ਵਿਚ ਗੁੱਰਜਰ ਰਾਜਪੂਤ ਲੋਕ। ਅਸਲ ਵਿਚ ਉਹ ਜਾਣਦੇ ਹਨ ਕਿ ਇਹ ਰਾਖਵਾਂਕਰਣ ਉਨ੍ਹਾਂ ਨੂੰ ਨਹੀਂ ਮਿਲ ਸਕਦਾ। ਪਰ ਇਹ ਸਾਰੀਆਂ ਮੰਗਾਂ ਪਿਛੇ ਕੇਵਲ ਤੇ ਕੇਵਲ ਉਨ੍ਹਾਂ ਦੀ ਦਲਿਤਾਂ ਪਛੜਿਆਂ ਪ੍ਰਤੀ ਈਰਖਾ ਹੀ ਝਲਕਦੀ ਹੈ। ਇਸ ਤਰ੍ਹਾਂ ਉਹ ਇਕ ਤਰਾਂ ਨਲ ਸਰਕਾਰ ਨੂੰ ਸਤਾੱ ਕੇ ਦਲਿਤਾਂ ਪਛੜਿਆਂ ਦੀ ਰਾਖਵਾਂਕਰਣ ਨੀਤੀ ਬੰਦ ਕਰਵਾਉਣਾ ਚਾਹੁੰਦੇ ਹਨ। ਪਰ ਇਨੇ ਵਿਰੋਧਾਂ ਦੇ ਬਾਵਜੂਦ ਸਾਡੇ ਇਹ ਮਨਚਲੇ ਨੌਜਵਾਨ ਹੱਥਾਂ ਤੇ ਹੱਥ ਰੱਖ ਕੇ ਬੈਠੇ ਹਨ। ਇਨ੍ਹਾਂ ਨੂੰ ਪਤਾ ਨਹੀਂ ਕਿ ਇਸ ਤਰ੍ਹਾਂ ਇਹ ਲੋਕ ਆਪਣੇ ਮੁਕਤੀ ਦਾਤਾ ਅੰਬੇਦਕਰ ਨੂੰ ਸਦਾ ਸਦਾ ਲਈ ਮਾਰ ਰਹੇ ਹਨ। ਇਹ ਅੰਬੇਦਕਰਵਾਦ ਹੀ ਹੈ ਜਿਸ ਦੀਆਂ ਪੈਦਾ ਕੀਤੀਆਂ ਨਿਆਮਤਾਂ ਬਦੌਲਤ ਅੱਜ ਤੁਸੀਂ ਆਪਣੇ ਆਪ ਵਿਚ ਰਾਜੇ ਬਣੇ ਬੈਠੇ ਹੋ।ਯਾਦ ਰਖੋ ਜਿਸ ਦਿਨ ਅੰਬੇਦਕਰਵਾਦ ਨੂੰ ਸਵਰਣਾਂ ਨੇ ਢਾਅ ਲਿਆ ਉਸ ਦਿਨ ਤੁਹਾਡਾ ਰਾਖਵਾਂਕਰਣ ਤੇ ਸਭ ਕੁਝ ਆਪਣੇ ਆਪ ਹੀ ਖ਼ਤਮ ਹੋ ਜਾਵੇਗਾ ਤੇ ਤੁਸੀਂ ਅਜ਼ਾਦੀ ਤੋਂ ਪਹਿਲਾਂ ਜਿਸ ਅੰਨ੍ਹੇ ਖੂਹ ਵਿਚ ਵਿਚਰ ਰਹੇ ਸੀ ਉਸੇ ਵਿਚ ਹੌਲੀ ਹੌਲੀ ਮੁੜ ਜਾ ਡਿੱਗੋਗੇ ਤੇ ਫਿਰ ਤੁਹਾਨੂੰ ਬਚਾਅ ਸਕਣ ਵਾਲਾ ਕੋਈ ਨਹੀਂ ਹੋਵੇਗਾ।

# ਮੁਕਤਸਰ ਦਾ ਯੁੱਧ ਜਾਂ ਮਾਘੀ ਦਾ ਤੀਰਥ ਇਸ਼ਨਾਨ?

ਖਾਤਰ ਗੁਰੂ ਜੀ ਸਭ ਕੁਝ ਕੁਰਬਾਨ ਕਰ ਰਹੇ ਸਨ।ਹੁਣ ਗੁਰੂ ਜੀ ਨੇ ਮਾਲਵੇ ਦੇ ਪਿੰਡਾਂ ਦਾ ਤੁਫਾਨੀ ਦੌਰਾ ਕੀਤਾ। ਅਨੇਕਾਂ ਨਵੇਂ ਗੱਭਰੂ ਸਿੰਘ ਸਜ, ਵਜੀਰ ਖਾਂ ਦੀ ਵਧੀਕੀ ਦਾ ਟਾਕਰਾਂ ਕਰਨ ਲਈ ਤਿਆਰ ਹੋ ਗਏ। ਦੀਨੇ ਕਾਂਗੜੇ ਦਾ ਇਲਾਕਾ ਯੁੱਧ ਪੱਖੋਂ ਠੀਕ ਨਾਂ ਜਾਪਿਆ ਤਾਂ ਗੁਰੂ ਜੀ ਭਦੌੜ, ਭਗਤਾ, ਜੈਤੋ, ਮਲੂਕੇ ਦਾ ਕੋਟ ਆਦਿਕ ਪਿੰਡਾਂ ਚੋਂ ਲੰਘਦੇ ਹੋਏ, ਕੋਟ ਕਪੂਰੇ ਪਹੁੰਚੇ। ਦੋ ਤਿੰਨ ਦਿਨ ਠਹਿਰੇ ਇਤਨੇ ਤੱਕ ਗੁਰੂ ਜੀ ਨਾਲ ਸੈਂਕੜੇ ਸਿੰਘ ਇਕੱਠੇ ਹੋ ਗਏ।ਫਿਰ ਗੁਰੂ ਜੀ ਪਿੰਡ ਢਿੱਕਵੀਂ ਪਹੁੰਚੇ ਜਿੱਥੇ ਪ੍ਰਿਥੀ ਚੰਦ ਦੀ ਕੁਲ ਚੋਂ ਸੋਢੀ ਕੌਲ ਰਹਿੰਦਾ ਸੀ।ਇਥੇ ਗੁਰੂ ਜੀ ਨੇ ਪੀਰਾਂ ਵਾਲਾ ਨੀਲਾ ਬਾਣਾ ਉਤਾਰ ਦਿੱਤਾ। ਇੱਥੇ ਇੱਕ ਸਿੰਘ ਸਰਹੰਦ ਤੋਂ ਖਬਰ ਲੈ ਆਇਆ ਕਿ ਸੂਬਾ 7-8 ਹਜ਼ਾਰ ਦੀ ਫੌਜ ਲੈ ਆ ਰਿਹਾ ਹੈ।ਸਰਦਾਰ ਕਪੂਰਾ (ਬਰਾੜ ਜੱਟ) ਵੀ ਓਥੇ ਸੀ ਨੇ ਸਲਾਹ ਦਿੱਤੀ ਕਿ ਵੈਰੀ ਦਾ ਮੂੰਹ ਭੰਨਣ ਲਈ ਇਸ ਇਲਾਕੇ ਵਿੱਚ ਖਿਦਰਾਣੇ ਦੀ ਢਾਬ, ਸਭ ਤੋਂ ਸੁਰੱਖਿਆਤ ਥਾਂ ਹੈ।ਸਿਰਫ ਓਥੇ ਹੀ ਪਾਣੀ ਹੈ, ਹੋਰ ਆਲੇ ਦੁਆਲੇ ਕੋਹਾਂ ਤੱਕ ਪਾਣੀ ਦਾ ਨਾਮੋ ਨਿਸ਼ਾਨ ਵੀ ਨਹੀਂ। ਇਸ ਲਈ ਗੁਰੂ ਜੀ ਪੂਰੇ ਵਹੀਰ ਸਮੇਤ ਓਧਰ ਨੂੰ ਚੱਲ ਪਏ।

ਵਿਛੜੇ ਮੁੜ ਮਿਲੇ-ਜਿਹੜੇ ਸਿੰਘ ਸਰਸਾ ਨਦੀ ਦੇ ਰੋੜ੍ਹ ਕਾਰਨ ਵਿਛੜ ਗਏ ਅਤੇ ਕਿਹਾ ਜਾਂਦਾ ਹੈ ਕਿ ਇਹ ਗੁਰੂ ਨੂੰ ਬੇਦਾਵਾ ਦੇ ਕੇ ਆ ਗਏ ਸਨ, ਇਹ ਸਰਾਸਰ ਇਤਿਹਾਸ ਤੇ ਗੁਰਮਤਿ ਸਿਧਾਂਤ ਵਿਰੋਧੀ ਹੈ ਅਤੇ ਕਿਸੇ ਪੰਥ ਦੋਖੀ ਦੀ ਜੋੜੀ ਕਹਾਣੀ ਹੈ। ਦੇਖੋ ਆਪਣੀਆਂ ਜਾਨਾਂ ਤਲੀ ਤੇ ਰੱਖ ਗੁਰੂ ਜੀ ਦੇ ਹਜ਼ੂਰੀ ਸਿੱਖ, ਘੇਰੇ ਪਏ ਸਮੇ ਗੁਰੂ ਦਾ ਸਾਥ ਕਦੀ ਵੀ ਨਹੀਂ ਛੱਡ ਸਕਦੇ,ਉਨ੍ਹਾਂ ਨੂੰ ਤਾਂ ਰਸਤੇ ਵਿੱਚ ਹੀ ਵੈਰੀਆਂ ਨੇ ਮਾਰ ਮੁਕਾਉਣਾ ਸੀ। ਜਿਹੜਾ ਵੈਰੀ ਟੁੱਟੇ ਛਿੱਤਰਾਂ ਤੇ ਫਟੇ ਪੁਰਾਣੇ ਕਪੜਿਆਂ ਦੀਆਂ ਗੱਠਾਂ ਤੇ ਹੀ ਟੁੱਟ ਕੇ ਪੈ ਗਿਆ ਸੀ, ਉਹ ਗੁਰੂ ਦੇ ਸਾਥੀ ਸਿੱਖਾਂ ਨੂੰ ਕਿਵੇਂ ਜਾਣ ਦੇ ਸਕਦਾ ਸੀ? ਫਿਰ ਭਾਈ ਮਹਾਂ ਸਿੰਘ ਵਰਗੇ ਬਹਾਦਰ ਜਰਨੈਲ ਜਿਨ੍ਹਾਂ ਦਾ ਸਾਰਾ ਪਰਵਾਰ ਹੀ ਸ਼ਹੀਦਾਂ ਨਾਲ ਸਬੰਧ ਰੱਖਦਾ ਹੈ, ਗੁਰੂ ਨਾਲ ਬੇਵਫਾਈ ਕਿਵੇਂ ਕਰ ਸਕਦੇ ਸਨ? ਹਾਂ ਦੁਨੀ ਚੰਦ ਵਰਗੇ ਮਸੰਦ ਜਰੂਰ ਸਾਥ ਛੱਡ ਗਏ ਜੋ ਪਹਿਲਾਂ ਹੀ ਗੁਰੂ ਤੋਂ ਔਖੇ ਸਨ। ਸੂਰਮਿਆਂ ਵਾਸਤੇ ਗੁਰਮਤਿ ਸਿਧਾਂਤ ਹੈ-ਸੂਰਾ ਸੋ ਪਹਿਚਾਨੀਐਂ ਜੁ ਲਰੈ ਦੀਨ ਕੇ ਹੇਤੁ॥ਪੁਰਜਾ ਪੁਰਜਾ ਕਟਿ ਮਰੈ ਕਬਹੂੰ ਨ ਛਾਡੇ ਖੇਤੁ॥(੧੧੦੫)

ਸਰਸਾ ਦੇ ਬਰਸਾਤੀ ਰੋੜ੍ਹ ਨੇ ਗੁਰੂ ਦੇ ਸਾਰੇ ਸਿੰਘ ਪਰਵਾਰ ਨੂੰ ਵਿਛੋੜ ਦਿੱਤਾ ਜਦ ਵਿਛੜੇ ਘਰੀਂ ਪਹੁੰਚੇ ਤਾਂ ਅੱਗੋਂ ਘਰਵਾਲੀਆਂ ਨੇ ਲਾਹਨਤਾਂ ਪਾਈਆਂ ਕਿ ਤੁਸੀਂ ਚੱਪਣੀਆਂ ਚ' ਨੱਕ ਡੋਬ ਕੇ ਕਿਉਂ ਨਾਂ ਮਰ ਗਏ? ਔਖੇ ਵੇਲੇ ਗੁਰੂ ਦਾ ਸਾਥ ਛੱਡ ਆਏ ਹੋ? ਲੈ ਆਹ ਫੜੋ ਚਕਲੇ-ਵੇਲਣੇ ਅਤੇ ਪੱਗਾਂ ਦੀ ਥਾਂ ਚੁੰਨੀਆਂ ਪਹਿਨ ਲਵੋ "ਪੱਗਾਂ ਪਾੜ ਕੇ ਸਿਰਾਂ ਤੇ ਲਓ ਲੀੜੇ, ਕਾਲਖ ਤਵੇ ਦੀ ਮੱਥੇ ਨੂੰ ਲਾ ਲਵੋ ਖਾਂ" ਸਿੰਘਾਂ ਨੇ ਜਦ ਵਿਛੋੜੇ ਦਾ ਕਾਰਣ ਦੱਸਿਆ ਕਿ ਕਿਵੇਂ ਸਰਸਾ ਨਦੀ ਦੇ ਰੋੜ੍ਹ 'ਚ ਵਹਿੰਦੇ ਹੀ ਗੁਰੂ ਤੋਂ ਵਿਛੜ ਗਏ ਸਾਂ,ਹਨੇਰੇ ਵਿੱਚ ਜਿੱਧਰ ਨੂੰ ਰਾਹ ਮਿਲਿਆ ਉੱਧਰ ਨੂੰ ਚਲੇ ਗਏ ਤਾਂ ਕਿਤੇ ਜਾ ਕੇ ਸਿੰਘਣੀਆਂ ਦਾ ਗੁੱਸਾ ਠੰਡਾ ਹੋਇਆ।

ਓਧਰੋਂ ਵੱਡੇ ਸਾਹਿਬਜ਼ਾਦੇ, ਚਮਕੌਰ ਵਿੱਚ ਵੈਰੀ ਦਲਾਂ ਨਾਲ ਝੂਜਦੇ ਸ਼ਹੀਦ ਹੋ ਗਏ ਤੇ ਹੋਰ ਅਨੇਕਾਂ ਅਕੀਦਤਮੰਦ ਸਿੰਘ ਵੈਰੀ ਨੂੰ ਚਨੇ ਚਬਾਉਂਦੇ ਵੀ ਸ਼ਹੀਦੀ ਜਾਮ ਪੀ ਗਏ। ਛੋਟੇ ਸਾਹਿਬਜ਼ਾਦਿਆਂ ਨੂੰ ਬੜੀ ਬੇਦਰਦੀ ਨਾਲ ਸਰਹੰਦ ਦੀ ਖ਼ੂਨੀ ਦਿਵਾਰ ਵਿੱਚ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ।ਇਹ ਸੁਣ ਕੇ ਮਾਈ ਭਾਗ ਕੌਰ ਤੇ ਭਾਈ ਮਹਾਂ ਸਿੰਘ ਜਥੇਦਾਰ ਨੇ ਗੁਰੂ ਵਾਸਤੇ ਮਾਝੇ ਇਲਾਕੇ ਵਿੱਚ ਪੱਲੂ ਫੇਰ ਦਿੱਤਾ।ਬੜੇ ਜੋਸ਼ ਨਾਲ ਮਾਝੇ ਅਤੇ ਫਿਰ ਦੁਆਬੇ ਦੇ ਸਿੰਘ ਸਿੰਘਣੀਆਂ ਮਾਈ ਭਾਈ ਹੋਰ ਪਿੰਡੋ-ਪਿੰਡੀ ਜ਼ਾਲਮ ਹਕੂਮਤ ਦੀਆਂ ਕਾਲੀਆਂ ਕਰਤੂਤਾਂ ਲੋਕਾਂ ਨੂੰ ਦਸਦੇ ਹੋਏ, ਵਹੀਰ ਦੇ ਰੂਪ ਵਿੱਚ ਮਾਈ ਭਾਗ ਕੌਰ ਤੇ ਜਥੇਦਾਰ ਭਾਈ ਮਹਾਂ ਸਿੰਘ ਦੀ ਅਗਵਾਈ ਵਿੱਚ ਇਕੱਤਰ ਹੋ, ਗੁਰੂ ਜੀ ਵੱਲ ਮਾਲਵੇ ਨੂੰ ਚੱਲ ਪਏ ਅਤੇ ਪਿੰਡ ਰਾਮੇਆਣੇ ਦੇ ਨੇੜੇ ਗੁਰੂ ਜੀ ਕੋਲ ਆਣ ਪਹੁੰਚੇ।ਓਥੋਂ ਖਿਦਰਾਣੇ ਦੀ ਢਾਬ ੬ ਕੋਹਾਂ ਤੇ ਸੀ ਅਤੇ ਮਜਬੂਰੀ ਵਿੱਚ ਹੋਈ ਬੇਵਫਾਈ ਦੀ ਗੁਰੂ ਪਾਸੋਂ ਖਿਮਾਂ ਮੰਗੀ-ਜੈਸਾ ਬਾਲਕੁ ਭਾਇ ਸੁਭਾਈ ਲਖਿ ਅਪਰਾਧ ਕਮਾਵੈ॥ ਕਰਿ ਉਪਦੇਸ ਝਿੜਕੇ ਬਹੁ ਭਾਂਤੀ ਬਹੁਰ ਪਿਤਾ ਗਲਿ ਲਾਵੈ॥(੬੨੪) ਲੱਖੀ ਜੰਗਲ ਵਿੱਚ ਭਾਰੀ ਇਕੱਠ ਹੋਇਆ, ਕਈ ਪੁਰਾਣੇ ਵਿਛੜੇ ਕਵੀ ਵੀ ਆ ਮਿਲੇ- ਲੱਖੀ ਜੰਗਲ ਖਾਲਸਾ ਆਇ ਦਿਦਾਰ ਕੀਤੋ ਨੇ॥ ਸਰਦਾਰ ਕਪੂਰੇ ਜੱਟ ਨਾਲ ਸਲਾਹ ਮਸ਼ਵਰਾ ਕਰਕੇ ਖਿਰਾਣੇ ਦੀ ਢਾਬ ਤੇ ਮੋਰਚਾਬੰਦੀ ਕੀਤੀ ਗਈ।ਗੁਰੂ ਜੀ ਆਪ ਟਿੱਬੀ ਤੇ ਚੜ੍ਹ ਗਏ, ਆਲੇ ਦੁਆਲੇ ਜੰਗਲ ਅਤੇ ਝਾੜੀਆਂ ਹੀ ਸਨ, ਸਿੰਘਾਂ ਨੇ ਉਨ੍ਹਾਂ ਤੇ ਚਾਦਰਾਂ ਪਾ ਦਿੱਤੀਆਂ, ਜੋ ਵੇਖਣ ਨੂੰ ਤੰਬੂ ਲਗਦੇ ਸਨ। ਵੈਸਾਖ ਦੀ 20-21 ਤਾਰੀਖ ਸੀ ਓਧਰੋਂ ਵੈਰੀ ਦਲ ਨੇ ਆ ਹੱਲਾ ਬੋਲਿਆ, ਸਿੰਘਾਂ ਨੇ ਵੀ ਜੈਕਾਰੇ ਬੁਲਾਉਂਦੇ ਹੋਏ, ਤਲਵਾਰਾਂ ਸੂਤ ਲਈਆਂ ਬੜੇ ਘਮਸਾਣ ਦਾ ਜੁੱਧ ਹੋਇਆ।ਗੁਰੂ ਜੀ ਤੋਂ ਵਿਛੜੇ ਸਿੰਘ ਆ ਕੇ, ਜ਼ਖਮੀ ਸ਼ੇਰਾਂ ਦੀ ਤਰਾਂ ਵੈਰੀਆਂ ਤੇ ਟੁੱਟ ਪਏ। ਗਾਜਰ ਮੂਲੀਆਂ ਦੀ ਤਰਾਂ ਸਿੰਘਾਂ ਨੇ ਵਜ਼ੀਰ ਖਾਂ ਦੀਆਂ ਪਾਮਰ ਤੇ ਪਾਪੀ ਫੌਜਾਂ ਨੂੰ ਵੱਢਣਾ ਸ਼ੁਰੂ ਕਰ ਦਿੱਤਾ ਓਧਰੋਂ ਗੁਰੂ ਜੀ ਵੀ ਟਿੱਲੇ ਤੋਂ ਤੀਰਾਂ ਦੀ ਵਰਖਾ ਕਰ ਰਹੇ ਸਨ। ਟਿੱਡੀ ਦਲ ਦਾ ਮੁਕਾਬਲਾ ਕਰਦੇ, ਭਾਰੀ ਗਿਣਤੀ ਵਿੱਚ ਦੁਸ਼ਮਣਾਂ ਦੇ ਆਹੂ ਲੌਂਦੇ ਬਹੁਤ ਸਾਰੇ ਸਿੰਘ ਵੀ ਸ਼ਹੀਦ ਹੋ ਗਏ। ਸੂਬਾ ਸਰਹੰਦ ਆਪਣੀ ਫੌਜ ਦਾ ਭਾਰੀ ਨੁਕਸਾਨ ਕਰਵਾ, ਪਾਣੀ ਨੂੰ ਵਿਲਕਦੇ ਅਤੇ ਜਾਨਾਂ ਬਚਾਉਂਦੇ ਹੋਏ ਫੌਜੀਆਂ ਸਮੇਤ ਸਰਦਾਰ ਕਪੂਰੇ ਦੀ ਸਲਾਹ ਦੇਣ ਤੇ ਕਿ ਇੱਥੇ ਨੇੜੇ ਦਸ ਕੋਹਾਂ ਤੱਕ ਪਾਣੀ ਦੀ ਬੂੰਦ ਵੀ ਨਹੀਂ ਤਾਂ ਘਬਰਾਇਆ ਹੋਇਆ ਪਿਛੇ ਮੁੜ ਗਿਆ। ਉਸ ਦੇ ਆਪਣੇ ਫੌਜੀ ਵੀ ਕਹਿਣ ਲੱਗ ਪਏ ਕਿ ਜਿਹੜਾ ਗੁਰੂ ਲੱਖਾਂ ਦੇ ਘੇਰੇ ਵਿੱਚ ਸਾਡੇ ਹੱਥ ਨਹੀਂ ਆਇਆ, ਇਨ੍ਹਾਂ ਖੁੱਲ੍ਹੀਆਂ ਰੇਤਲੀਆਂ ਅਤੇ ਖੁਸ਼ਕ ਜੂਹਾਂ ਵਿੱਚ, ਉਸ ਨੂੰ ਪਕੜਨਾ ਕੋਈ "ਖਾਲਾ ਜੀ ਦਾ ਵਾੜਾ" ਨਹੀਂ। ਇਉਂ ਗੱਲਾਂ ਕਰਦੇ ਮੂੰਹ ਦੀ ਖਾਕੇ ਮੁਗਲ ਅਤੇ ਪਹਾੜੀ ਤਿੱਤਰ-ਬਿੱਤਰ ਹੋ ਵਾਪਸ ਮੁੜ ਗਏ।

ਹੁਣ ਓਧਰੋਂ ਗੁਰੂ ਜੀ ਟਿੱਬੇ ਤੋਂ ਥੱਲੇ ਆ ਕੀ ਵੇਖਦੇ ਹਨ ਕਿ ਮੈਦਾਨੇ ਜੰਗ ਵਿੱਚ, ਬਹੁਤ ਸਾਰੇ ਸਿੰਘ ਵੀ ਸ਼ਹੀਦ ਹੋ ਚੁੱਕੇ ਹਨ।ਸਿੰਘਾਂ ਦੀ ਝਾੜੀਆਂ ਤੇ ਚਾਦਰਾਂ ਦੇ ਤੰਬੂ ਤਾਨਣ ਦੀ ਵਿਉਂਤ ਅਤੇ ਜਾਨਾਂ ਹੂਲ ਕੇ ਸ਼ਹੀਦ ਹੋਣ ਨੂੰ ਵੇਖ ਕੇ, ਗੁਰੂ ਜੀ ਦਾ ਹਿਰਦਾ ਦ੍ਰਵ ਗਿਆ। ਆਪਣੇ ਹੱਥਾਂ 'ਚ ਰੁਮਾਲ ਲੈ, ਸ਼ਹੀਦ ਸਿੰਘਾਂ ਦੇ ਮੁਖੜੇ ਸਾਫ ਕਰਦਿਆਂ, ਕਿਸੇ ਨੂੰ ਪੰਜ ਹਜ਼ਾਰੀ, ਕਿਸੇ ਨੂੰ ਦਸ ਹਜ਼ਾਰੀ, ਕਿਸੇ ਨੂੰ ਵੀਹ ਹਜ਼ਾਰੀ, ਤੀਹ ਹਜ਼ਾਰੀ ਅਤੇ ਕਿਸੇ ਨੂੰ ਪੰਜਾਹ ਹਜ਼ਾਰੀ ਕਿਹਾ।ਮਾਈ ਭਾਗੋ ਵੀ ਇਸ ਜੰਗ ਵਿੱਚ ਜ਼ਖਮੀ ਹੋ ਗਈ ਜੋ ਬਾਅਦ ਵਿੱਚ ਗੁਰੂ ਜੀ ਨਾਲ ਨਾਦੇੜ ਵੱਲ ਚਲੀ ਗਈ ਤੇ ਅੰਤ ਤੱਕ ਨਾਲ ਰਹੀ।ਗੁਰੂ ਜੀ ਜਦ ਸਿੰਘਾਂ ਦੇ ਮੁਖੜੇ ਪੂੰਝਦੇ ਹੋਏ ਜਥੇਦਾਰ ਮਹਾਂ ਸਿੰਘ ਕੋਲ ਪਹੁੰਚੇ ਜੋ ਅਜੇ ਸਹਕ ਰਿਹਾ ਸੀ। ਗੁਰੂ ਜੀ ਨੇ ਉਸ ਦਾ ਮੁਖੜਾ ਆਪਣੇ ਰੁਮਾਲ ਨਾਲ ਪੂੰਝਿਆ ਅਤੇ ਮੁੱਖ ਵਿੱਚ ਕੁੱਝ ਪਾਣੀ ਪਾਇਆ ਤਾਂ ਭਾਈ ਮਹਾਂ ਸਿੰਘ ਦੀਆਂ ਕੁਝ ਅੱਖਾਂ ਉਘੜੀਆਂ, ਆਖਰੀ ਸਵਾਸਾਂ ਤੇ ਸਰਬੰਸਦਾਨੀ ਗੁਰੂ ਦੇ ਦਰਸ਼ਨ ਕੀਤੇ, ਵੈਰਾਗ ਤੇ ਪਿਆਰ ਦੀ ਕਾਂਗ ਪੈਦਾ ਹੋ ਗਈ। ਦੋਨੋਂ ਹੱਥ ਪਿਆਰੇ ਦੇ ਨੇਂਹ ਵਿੱਚ ਜੁੜ ਗਏ। ਗੁਰੂ ਜੀ ਨੇ ਵੀ ਭਾਈ ਮਹਾਂ ਸਿੰਘ ਦੀ ਇਹ ਹਾਲਤ ਵੇਖ ਕਿਹਾ, ਮਹਾਂ ਸਿੰਘਾ! ਤੁਸੀਂ ਮਹਾਨ ਹੋ, ਤੁਹਾਡੀਆਂ ਕੁਰਬਾਨੀਆਂ ਮਹਾਨ ਹਨ।ਕੋਈ ਮਨ ਅੰਦਰ ਮਹਿਸੂਸ ਨਹੀਂ ਕਰਨਾ, ਸਰਸਾ ਤੋਂ ਰੋੜ੍ਹੇ ਪੈ ਵਿਛੜਨ ਦੀ ਬੇਵਫਾਈ ਦਾ ਕਿਉਂਕਿ ਮੇਰੇ ਸਿੰਘ, ਕਿਸੇ ਵੇਲੇ ਕਿਸੇ ਖਾਸ ਕਾਰਨ ਕਰਕੇ, ਵਿਛੜ ਤਾਂ ਸਕਦੇ ਹਨ ਪਰ ਗੁਰੂ ਨੂੰ ਨਹੀਂ ਵਿਸਾਰਦੇ। ਇਹ ਸੁਣ ਮਹਾਂ ਸਿੰਘ ਜੀ ਦੀਆਂ ਅੱਖਾਂ ਚੋਂ ਵੈਰਾਗ ਦਾ ਜਲ ਵਹਿ ਤੁਰਿਆ ਤੇ ਥੜਕਦੀ ਜ਼ਬਾਨ ਵਿੱਚ ਫਿਰ ਵੀ ਮਜਬੂਰੀ ਕਾਰਨ ਹੋਈ ਬੇਵਫਾਈ ਦੀ ਖਿਮਾ ਮੰਗੀ।" ਗੁਰ ਬਖਸੰਦ ਸਦਾ ਮਿਹਰਵਾਨਾ" ਦੇ ਮਹਾਂਵਾਕ ਅਨੁਸਾਰ ਗੁਰੂ ਜੀ ਮਹਾਂ ਸਿੰਘ ਦਾ ਮੁੱਖੜਾ ਚੁੰਮਦੇ ਹੋਏ "ਮੁਕਤਿ ਦਾਨ" ਦੇ ਬਖਸ਼ਿਸ਼ ਕੀਤੀ। ਲੱਗ-ਪੱਗ ਚਾਲੀ ਦੇ ਕਰੀਬ ਸਿੰਘ ਸ਼ਹੀਦ ਹੋਏ। ਜਿੱਥੇ ਸਤਿਗੁਰੂ ਨੇ ਸਭ ਸ਼ਹੀਦਾਂ ਦਾ ਆਪਣੇ ਹੱਥੀ ਅੰਤਮ ਸਸਕਾਰ ਕੀਤਾ ਓਥੇ ਮੁਕਤਸਰ ਦਾ ਮਹਾਂਨ ਅਸਥਾਨ ਸੁਭਾਇਮਾਨ ਹੈ। ਮੁਕਤਸਰ ਤੋਂ ਭਾਵ ਹੈ ਮੁਕਤੀ ਦਾ ਸਰੋਵਰ, ਜਿਥੇ ਇਹ ਥਾਂ ਪਹਿਲਾਂ ਆਮ ਤਲਾਅ ਸੀ ਸ਼ਹੀਦ ਸ਼ਿੰਘਾਂ ਦਾ ਡੁਲਿਆਂ ਖ਼ੂਨ ਅਤੇ ਗੁਰੂ ਜੀ ਦੀ ਪਾਵਨ ਚਰਨ ਛੋਹ ਪ੍ਰਾਪਤ ਕਰਕੇ, ਮੁਕਤਸਰ ਬਣ ਗਿਆ। ਇਤਿਹਾਸ ਅਨੁਸਾਰ ਇਹ ਯੁੱਧ ਵੈਸਾਖ ਵਿੱਚ ਹੋਇਆ।ਵੈਸਾਖੀ ਦੀ ਫਸਲ ਪੱਕੀ ਹੋਈ ਸੀ, ਕਿਸਾਨ ਉਸ ਨੂੰ ਸਾਂਭਨ ਵਿੱਚ ਰੁਝੇ ਹੋਏ ਸਨ ਪਰ ਫਿਰ ਵੀ ਉਨ੍ਹਾਂ ਨੇ ਸਦੀਆਂ ਤੋਂ ਲਿਤਾੜਿਆਂ ਨੂੰ ਸਵੈਮਾਣਤਾ ਦੀ ਜ਼ਿੰਦਗੀ ਬਖਸ਼ਣ ਵਾਲੇ ਮਹਾਨ ਗੁਰੂ ਦਾ ਹਰ ਸਮੇ ਸਾਥ ਦਿੱਤਾ। ਮਾਘੀ ਦੀ ਸੰਗਰਾਂਦ ਨਾਲ ਇਸ ਮਹਾਨ ਸਾਕੇ ਦਾ ਕੋਈ ਸਬੰਧ ਨਹੀਂ। ਸੰਗ੍ਰਾਦਾਂ ਦੇ ਇਸ਼ਨਾਨ ਅਤੇ ਪੂਜਾ ਚਲਾਕ ਬ੍ਰਾਹਮਣ ਦੀ ਕਾਢ ਹਨ। ਗੁਰ ਫੁਰਮਾਨ ਹੈ-ਚਉਦਸ ਅਮਾਵਸ ਰਚਿ ਰਚਿ ਮਾਗਹਿ ਹਠੇ ਕਰਮ ਕਰਿ ਉਦਰ ਭਰਹਿ (970) ਚੱਲੀ ਆ ਰਹੀ ਰਵਾਇਤ ਅਨੁਸਾਰ ਇਹ ਜੋੜ ਮੇਲਾ ਮਾਘ ਮਹੀਨੇ ਵਿੱਚ ਹੁੰਦਾ ਹੈ। ਮਾਘੀ ਦੇ ਇਸ਼ਨਾਨ ਬਾਰੇ ਗੁਰੂ ਜੀ ਬਾਰਹ ਮਾਹ ਦੀ ਬਾਣੀ ਵਿੱਚ ਲਿਖਦੇ ਹਨ ਕਿ-ਮਾਘਿ ਮਜਨੁ ਸੰਗਿ ਸਾਧੂਆਂ ਧੂੜੀ ਕਰਿ ਇਸਨਾਨੁ॥ ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੂੰ ਕਰਿ ਦਾਨੁ॥(੧੩੫) ਭਾਵ ਭਲੇ ਪੁਰਖਾਂ ਦੀ ਸੰਗਤ ਕਰ, ਨਿਮਰ ਹੋਣਾ ਹੀ ਮਾਘ ਦਾ ਪਵਿਤਰ ਇਸ਼ਨਾਨ ਅਤੇ ਪ੍ਰਮਾਤਮਾਂ ਦਾ ਨਾਮ ਜਪਣਾ ਤੇ ਹੋਰਨਾਂ ਨੂੰ ਜਪਾਉਂਣਾ ਹੀ ਉੱਤਮ ਦਾਨ ਹੈ। ਇਸ ਮੁਕਤਸਰ ਦੇ ਮਹਾਂਨ ਸਾਕੇ ਤੋਂ ਸਾਨੂੰ ਗੁਰੂ ਨਾਲ ਸਿੰਘਾਂ ਦਾ ਕਿਨਾ ਪਿਆਰ ਸੀ ਦਾ ਸਬਕ ਲੈਣਾ ਚਾਹੀਦਾ ਹੈ ਨਾਂ ਕਿ ਕੇਵਲ ਤੀਰਥ ਇਸ਼ਨਾਨ ਕਰ ਛੱਡਣਾ ਹੀ ਇਸ ਜੋੜ ਮੇਲੇ ਦਾ ਮਕਸਦ ਹੈ। ਸੋ ਇਹ ਮੁਕਤਸਰ ਦਾ ਮਹਾਨ ਯੁੱਧ ਸੀ ਨਾਂ ਕਿ ਮਾਘੀ ਦੀ ਸੰਗ੍ਰਾਦ ਦਾ ਤੀਰਥ ਇਸ਼ਨਾਨ।

# ਹਿੰਦਸੇ ਜਾਂ ਅੰਕ ਗੁਰਮੁਖੀ ਅੱਖਰਾਂ ਤੋਂ ਬਣੇ

ਜੀ ਬੀ ਸਿੰਘ


ਅੰਕਾਂ ਨੂੰ 'ਹਿੰਦਸਾ' ਨਾਂ ਅਰਬੀਆਂ ਨੇ ਦਿੱਤਾ ਸੀ। ਅੰਕਾਂ ਦੀਆਂ ਸ਼ਕਲਾਂ ਅਤੇ ਅੰਕਾਂ ਨੂੰ ਇਕ ਪਾਲ ਵਿਚ ਰੱਖ ਕੇ ਨੌਵਾਂ ਹਿੰਦਸਿਆਂ ਦੀ ਮਦਦ ਨਾਲ ਵੱਡੀਆਂ ਤੋਂ ਵੱਡੀਆਂ ਰਕਮਾਂ ਲਿਖ ਲੈਣ ਦਾ ਢੰਗ ਅਰਬੀਆਂ ਨੇ ਹਿੰਦੁਸਤਾਨ ਤੋਂ ਲੈ ਕੇ ਅਗ੍ਹਾਂ ਯੂਰਪ ਵਿਚ ਫੈਲਾਇਆ ਸੀ। ਇਸੇ ਕਰਕੇ ਹਿੰਦਸੇ ਅਤੇ ਦਹਾਕਿਆਂ ਨਾਲ ਗਿਣਤੀ ਕਰਨੀ, ਇਹ ਦੋ ਗੱਲਾਂ, ਸਾਰੀ ਦੁਨੀਆਂ ਵਿਚ ਇਕ ਸਮਾਨ ਹਨ ਅਤੇ ਹਿੰਦਸਿਆਂ ਦੇ ਇਕ ਪਾਲ ਵਿਚ ਰੱਖਣ ਨਾਲ ਹਿੰਦਸੇ ਦੀ ਥਾਂ ਅਨੁਸਾਰ ਉਸ ਦੀ ਕੀਮਤ ਦਸ ਗੁਣੀ, ਸੌ ਗੁਣੀ, ਹਜ਼ਾਰ ਗੁਣੀ ਆਦਿ ਹੋ ਜਾਣੀ ਇਹ ਗੱਲ ਵੀ ਸਾਂਝੀ ਹੈ।

ਅੰਕ ਜਾਂ ਹਿੰਦਸੇ ਹਿੰਦੁਸਤਾਨ ਵਾਲਿਆਂ ਨੇ ਆਪਣੇ ਅੱਖਰਾਂ ਤੋਂ ਬਣਾਏ ਸਨ ਅਤੇ ਉਹ ਅੱਖਰ 'ਗੁਰਮੁਖੀ' ਨਾਲ ਮਿਲਦੀ ਪੁਰਾਣੀ ਲਿਪੀ ਜਾਂ ਆਖੋ ਪੁਰਾਣੀ ਗੁਰਮੁਖੀ ਦੇ ਸਨ, ਜੋ ਕੁਝ ਵੀ ਨਾਂ ਇਸ ਲਿਪੀ ਦਾ ਉਸ ਵੇਲੇ ਸੀ। ਪਰ ਰਕਮਾਂ ਨੂੰ ਹਿੰਦਸਿਆਂ ਨਾਲ ਲਿਖਣ ਦਾ ਹੁਨਰ ਆਮ ਤੌਰ ਤੇ ਬਾਰਾਂ ਕੁ ਸੌ ਵਰ੍ਹੇ ਤੋਂ ਵਧੀਕ ਪੁਰਾਣਾ ਨਹੀਂ, ਭਾਵੇਂ ਜੋਤਿਸ਼ ਦੀਆਂ ਕਿਤਾਬਾਂ ਵਿਚ ਛੇਵੀਂ ਸਦੀ ਬਿਕ੍ਰਮੀ ਵਿਚ ਵਰਤਿਆ ਨਜ਼ਰ ਆਉਂਦਾ ਹੈ, ਜਦੋਂ ਅਜੇ ਪਾਲ ਵਿਚ ਖਾਲੀ ਥਾਂ ਜਾਂ 'ਸ਼ੂਨਯ' ਵਿਖਾਣ ਲਈ ਬਿੰਦੂ ਜਾਂ ਸਿਫਰ ਦੀ ਕਾਢ ਨਹੀਂ ਹੋਈ ਸੀ। ਗਿਣਤੀ ਦੱਸਣ ਤੇ ਰਕਮਾਂ ਲਿਖਣ ਲਈ ਕਵੀ ਲੋਕ ਢੰਗ ਵਰਤਦੇ ਸਨ। ਪੁਰਾਦੇ ਗੁਰੂ 'ਗ੍ਰੰਥ ਸਾਹਿਬਾਂ' ਦੇ ਪਿੱਛੇ ਵੀ ਕਦੇ ਕਦੇ ਕੋਈ 'ਅਕਪਾਲੀ' ਲਿਖੀ ਹੋਈ ਮਿਲਦੀ ਹੈ। ਲਿਖਾਰੀ ਨੇ ਬਿਨਾਂ ਸਮਝੇ ਨਕਲ ਕਰ ਛੱਡੀ ਹੈ। ਕਰਤਾਰਪੁਰ (ਜਲੰਧਰ) ਵਾਲੀ ਪ੍ਰਾਚੀਨ ਬੀੜ ਵਿਚ ਇਕ 'ਅੰਕ ਪਾਲੀ' ਦਿੱਤੀ ਹੋਈ ਹੈ। ਅਰਬੀ ਫਾਰਸੀ ਵਿਚ ਇਸ ਦੇ ਮੁਕਾਬਲੇ ਤੇ 'ਅਬਜਦ' ਦਾ ਹਿਸਾਬ ਸੀ; ਜੇ ਕਿਸੇ ਘਟਨਾ ਦੀ ਤਾਰੀਖ ਲਿਖਣੀ ਹੋਵੇ ਤਾਂ ਸ਼ਾਇਰ ਇਸੇ 'ਅਬਜਦ' ਦੇ ਹਿਸਾਬ ਨਾਲ ਕੁਝ ਅੱਖਰ ਚੁਣ ਕੇ ਅਤੇ ਉਹਨਾਂ ਦੇ ਲਫਜ਼ ਬਣਾ ਕੇ ਆਪਣੇ ਬਣਾਏ ਸ਼ਿਅਰ ਵਿਚ ਵਰਤਦਾ ਸੀ। 'ਅਬਜਦ' ਵਿਚ ਪੁਰਾਣੀ ਫਿਨਿਕੀ ਵਰਣਮਾਲਾ ਦੇ ਬਾਈ ਅੱਖਰਾਂ ਨੂੰ ਤਰਤੀਬਵਾਰ ਇਕ ਤੋਂ ਲੈ ਕੇ 400 ਤੱਕ ਅਤੇ ਫਿਰ ਅਰਬੀ ਦੇ ਖਾਸ ਛਿਆਂ ਅੱਖਰਾਂ ਨੂੰ ਉਸੇ ਤਰ੍ਹਾਂ 500 ਤੋਂ 1000 ਤੱਕ ਕੀਮਤ ਦਿੱਤੀ ਗਈ ਸੀ। ਯੂਨਾਨੀ ਤੇ ਰੋਮਨ ਵੀ ਅੱਖਰਾਂ ਨਾਲ ਗਿਣਤੀ ਦਿਖਾਉਂਦੇ ਸਨ। ਰੋਮਨ ਵਾਲੇ ਪਹਿਲੇ ਚਾਰ ਅਦਦਾਂ ਜਾਂ ਨੰਬਰਾਂ ਨੂੰ ਖੜ੍ਹੀਆਂ ਲੀਕਾਂ ਨਾਲ ਦੱਸਦੇ ਸਨ, ਫਿਰ ਪੰਜ ਲਈ ਅੱਖਰ ਵੀ, ਦਸ ਲਈ ਐਕਸ, ਪੰਜਾਹ ਲਈ ਐਲ, ਸੌ ਲਈ ਸੀ, ਪੰਜ ਸੌ ਲਈ ਡੀ ਅਤੇ ਹਜ਼ਾਰ ਲਈ ਐਮ. ਲਿਖਦੇ ਸਨ। 'ਲਖ' 'ਕ੍ਰੋੜ ਆਦਿ ਲਈ ਕੋਈ ਅੱਖਰ ਨਹੀਂ ਸਨ। ਇਹ ਅੱਖਰ ਅਕਸਰ ਕਰਕੇ ਇਹਨਾਂ ਰਕਮਾਂ ਦੇ ਦੱਸਣ ਵਾਲੇ ਨਾਵਾਂ ਦੇ ਪਹਿਲੇ ਅੱਖਰ ਸਨ; ਜਿਵੇਂ ਅਸੀਂ ਆਪਣੀ ਬੋਲੀ ਵਿਚ ਉਨ੍ਹਾਂ ਹੀ ਰਕਮਾਂ ਦੇ ਦੱਸਣ ਲਈ ਅੱਖਰ : ਪ, ਦ, ਫ, ਫ, ਪਸ ਤੇ ਹ ਵਰਤ ਲਈਏ। ਯੂਨਾਨੀਆਂ ਦਾ ਤਰੀਕਾ ਵੀ ਇਹੋ ਸੀ, ਭਾਵੇਂ ਅੱਖਰ ਉਨ੍ਹਾ ਦੀ ਬੋਲੀ ਅਨੁਸਾਰ ਸਨ। ਹਿੰਦੁਸਤਾਨ ਵਿਚ ਇਸੇ ਢੰਗ ਤੋਂ ਤੁਰ ਕੇ ਕਈ ਹੋਰ ਢੰਗ ਰਕਮਾਂ ਲਿਖਣ ਦੇ ਕੱਢੇ ਗਏ ਸਨ, ਜਿਹਨਾਂ ਵਿਚੋਂ ਅੰਤ ਵਿਚ ਹੁਣ ਵਾਲਾ ਤਰੀਕਾ ਨਿਕਲ ਆਇਆ।

ਹਿੰਦ ਵਿਚ ਰਕਮਾਂ ਲਿਖਣ ਦਾ ਪੁਰਾਣਾ ਢੰਗ, ਨੌਵੀਂ ਸਦੀ ਦੇ ਅਖੀਰ ਤੱਕ ਕਰੀਬ-ਕਰੀਬ ਉਡ ਗਿਆ ਸੀ, ਭਾਵੇਂ ਬੋਧਾਂ ਤੇ ਜੈਨੀਆਂ ਦੇ ਪੁਸਤਕਾਂ ਵਿਚ ਬਾਹਰਵੀਂ ਤੇਹਰਵੀਂ ਸਦੀ ਤੱਕ ਪੁਰਾਣੇ ਢੰਗ ਅਨੁਸਾਰ ਹੀ ਰਕਮਾਂ ਲਿਖੀਆਂ ਜਾਂਦੀਆਂ ਰਹੀਆਂ। ਪੁਸਤਕਾਂ ਦੇ ਪੰਨਿਆਂ ਤੇ ਅੰਕ ਦਿੰਦੇ ਵੀ ਸਾਹਮਣੇ ਪਾਸੇ ਅੱਖਰ ਅਤੇ ਪਿਛਲੇ ਪਾਸੇ ਅੰਕ ਦਿਆ ਕਰਦੇ ਸਨ। ਪਿੱਛੋਂ ਆਉਣ ਵਾਲੇ ਲਿਖਾਰੀਆਂ ਨੇ ਪੁਰਾਣੇ ਪੁਸਤਕ ਨਕਲ ਕਰਨ ਲੱਗਿਆਂ ਇਸ ਗੱਲ ਨੂੰ ਨਾਂਹ ਸਮਝ ਕੇ ਮੱਖੀ ਉਤੇ ਮੱਖੀ ਮਾਰ ਕੇ ਰੱਖ ਦਿੱਤੀ ਹੈ ਅਤੇ ਕਈ ਵਾਰੀ ਪੁਰਾਣੇ ਪੁਸਤਕਾਂ ਵਿਚ ਅੱਖਰਾਂ ਦੇ ਪੜ੍ਹਨ ਅਤੇ ਨਕਲ ਕਰਨ ਵਿਚ ਭੁੱਲਾਂ ਵੀ ਕੀਤੀਆਂ ਹਨ।


(1) ਹਿੰਦੁਸਤਾਨ ਦੇ ਪੁਰਾਣੇ ਤਰੀਕਿਆਂ ਵਿਚੋਂ ਇਕ ਤਰੀਕਾ ਇਹ ਸੀ ਕਿ ਇਕਾਈਆਂ, ਦਹਾਈਆਂ, ਸੈਂਕੜੇ ਤੇ ਹਜ਼ਾਰ ਵਾਸਤੇ ਚਿੰਨ੍ਹ ਮੁਕੱਰਰ ਸਨ, ਜੋ ਕਈ ਵਾਰੀ ਅੱਖਰਾਂ ਤੋਂ ਬਣਾਏ ਗਏ ਹੁੰਦੇ ਸਨ। ਇਨ੍ਹਾਂ ਚਿੰਨ੍ਹਾਂ ਦੀ ਮਦਦ ਨਾਲ ਹਦ ਰਕਮ 99,999 ਤੱਕ ਦੀਆਂ ਰਕਮਾਂ ਲਿਖੀਆਂ ਜਾ ਸਕਦੀਆਂ ਸਨ। ਇਸ ਤੋ ਉਪਰ ਜੋ 'ਲੱਖ', 'ਕਰੋੜ' ਆਦਿ ਲਿਖਣੇ ਹੋਣ ਤਾਂ ਲਫਜ਼ਾਂ ਵਿਚ ਲਿਖਦੇ ਹੋਣਗੇ, ਕਿਉਂਕਿ ਕਿਤਾਬਾਂ ਜਾਂ ਸ਼ਿਲਾਲੇਖਾਂ ਵਿਚ ਕੋਈ ਵੱਡੀਆਂ ਰਕਮਾਂ ਲਿਖੀਆਂ ਹੋਹੀਆਂ ਨਹੀਂ ਮਿਲਦੀਆਂ। ਮਿਸਾਲ ਵਜੋਂ ਜੇ 435 ਲਿਖਣਾ ਹੁੰਦਾ ਸੀ ਤਦ 'ਸੌ' ਦੇ ਚਿੰਨ੍ਹ ਨਾਲ 'ਚਾਰ' ਦਾ ਚਿੰਨ੍ਹ ਜੋੜ ਕੇ ਉਸਦੇ ਪਿੱਛੇ 'ਤ੍ਰੀਹ' ਦਾ ਚਿੰਨ੍ਹ ਤੇ ਫਿਰ 'ਪੰਜ' ਦਾ ਚਿੰਨ੍ਹ ਬਣਾਉਂਦੇ ਸਨ, ਜਿਵੇਂ ਇਸ ਤਰ੍ਹਾਂ ਪੁਰ-

ਇਹ ਚਿੰਨ ਪੁਰਾਣੇ ਸ, ਚ, ਲ ਤੇ ਪ ਤੋਂ ਬਣੇ ਹੋਏ




ਦਿਸਦੇ ਹਨ।

(2) ਦੂਜਾ ਤਰੀਕਾ ਕੇਵਲ ਅੱਖਰਾਂ ਦੇ ਵਰਤਣ ਦਾ ਸੀ, ਜੋ ਖਾਸ ਖਾਸ ਗਿਣਤੀ ਵਾਸਤੇ ਮੁਕੱਰਰ ਕੀਤੇ ਹੁੰਦੇ ਸਨ ਅਤੇ ਇਨ੍ਹਾਂ ਅੱਖਰਾਂ ਦੇ ਨਾਲ 'ਬਿੰਦੀ' (ਸਿਫਰ) ਤੇ 1, 2, 3 ਹਿੰਦਸੇ ਵੀ ਹੁੰਦੇ ਸਨ ਅਤੇ 50, 80, 90 ਲਈ ਖਾਸ ਨਵੇਂ ਚਿੰਨ੍ਹ ਸਨ। 153 ਲਿਖਣਾ ਹੋਵੇ ਤਾਂ ਉਪਰ ਹੇਠਾਂ ਖੜ੍ਹੀ ਪਾਲ ਵਿਚ ਇਉਂ ਲਿਖਦੇ ਸਨ:-




(3) ਇਸੇ ਦੂਜੇ ਢੰਗ ਤੋਂ ਅੰਕਾਂ ਤੇ ਅੱਖਰਾਂ ਨੂੰ ਇਕ ਪਾਲ ਵਿਚ ਰੱਖ ਕੇ ਰਕਮਾਂ ਲਿਖਣ ਦਾ ਢੰਗ ਨਿਕਲਿਆ। ਪਰ ਮੁੱਢ ਵਿਚ ਤਰਤੀਬ ਉਲਟੀ ਹੁੰਦੀ ਸੀ; ਇਕਾਈਆਂ ਖੱਬੇ ਵੱਲ ਰੱਖ ਕੇ, ਉਸ ਤੋਂ ਸੱਜੇ ਵੱਲ ਦਹਾਈਆਂ ਅਤੇ ਇਸੇ ਤਰਤੀਬ ਨਾਲ ਸੈਂਕੜੇ ਤੇ ਹਜ਼ਾਰ ਲਿਖਦੇ ਸਨ। ਆਰਯ ਭੱਟ ਨੇ ਪਹਿਲੀ ਵਾਰ ਇਹ ਤਰਤੀਬ ਉਲਟ ਦਿੱਤੀ ਅਤੇ ਇਕਾਈਆਂ ਨੂੰ ਸੱਜੇ ਹੱਥ ਰੱਖ ਕੇ ਉਸ ਤੋਂ ਖੱਬੇ ਵੱਲ ਪਹਿਲੀ ਜਗ੍ਹਾ ਵਿਚ ਦਹਾਈਆਂ, ਦੂਜੀ ਜਗ੍ਹਾ ਵਿਚ ਸੈਂਕੜੇ ਤੇ ਤੀਜੀ ਵਿਚ ਹਜ਼ਾਰ, ਵਾਰੋ ਵਾਰੀ, ਇਹ ਤਰਤੀਬ ਕਰ ਦਿੱਤੀ। ਆਮ ਲੋਕਾਂ ਵਿਚ ਇਹ ਨਵੀਂ ਤਰਤੀਬ, ਜੋ ਹੁਣ ਵੀ ਪ੍ਰਚੱਲਿਤ ਹੈ ਅਤੇ ਸਾਰੀ ਦੁਨੀਆਂ ਨੇ ਮੰਨ ਲਈ ਹੈ, ਕਿਤੇ ਸੱਤਵੀਂ ਅੱਠਵੀਂ ਸਦੀ ਬਿਕਰਮੀ ਵਿਚ ਵਰਤਣ ਲੱਗੀ। ਸਾਸਾਨੀ ਸ਼ਹਿਨਸ਼ਾਹ ਨੌਸ਼ੀਰਵਾਂ ਦੇ ਵੇਲੇ ਈਰਾਨ ਪਹੁੰਚੀ ਅਤੇ ਉਸ ਤੋਂ ਅੱਗੇ ਦੂਜਿਆਂ ਨੇ ਨਕਲ ਕੀਤੀ।

(4) ਜੋਤਿਸ਼ ਦੀਆਂ ਕਿਤਾਬਾਂ ਵੀ ਪੁਰਾਣੇ ਸਮੇਂ ਪਦ-ਰਚਨਾ ਵਿਚ ਲਿਖੀਆਂ ਜਾਂਦੀਆਂ ਸਨ। ਪਦ-ਰਚਨਾ ਕਰਨ ਸਮੇਂ ਬਹੁਤ ਸਾਰੇ ਅੰਕ ਜਾਂ ਗਿਣਤੀ ਵਿਚ ਲਿਆਇਆਂ ਕਠਿਨਤਾ ਰਹਿੰਦੀ ਸੀ। ਉਸ ਨੂੰ ਦੂਰ ਕਰਨ ਲਈ ਜੋਤਸ਼ੀਆਂ ਨੇ ਕਿਤਨੇ ਹੀ ਅੰਕਾਂ ਜਾਂ ਰਕਮਾਂ ਲਈ ਕੁਝ ਸ਼ਬਦ ਮੁਕੱਰਰ ਕਰ ਛੱਡੇ ਸਨ। ਕੋਈ ਆਮ ਮਸ਼ਹੂਰ ਚੀਜ਼, ਜੋ ਸਦਾ ਇਕ ਖਾਸ ਗਿਣਤੀ ਵਿਚ ਹੁੰਦੀ ਹੋਵੇ, ਉਸ ਗਿਣਤੀ ਵਾਸਤੇ ਮੁਕੱਰਰ ਕੀਤੀ ਜਾਂਦੀ ਸੀ, ਜਿਸ ਤਰ੍ਹਾਂ ਵੇਦ ਆਸ਼੍ਰਮ, ਵਰਣ, ਯੁਗ, ਚੌਥੀ ਤੁਰਿਆ ਅਵਸਥਾ, ਸਭ ਚਾਰ ਚਾਰ ਹੁੰਦੇ ਸਨ, ਸੋ ਇਨ੍ਹਾਂ ਵਿਚੋਂ ਕੋਈ ਵੀ ਲਫਜ਼, ਜੋ ਪਦ ਵਿਚ ਫੱਬ ਜਾਏ, ਚਾਰ ਦੀ ਗਿਣਤੀ ਲਈ ਵਰਤ ਲੈਂਦੇ ਸਨ। ਇਸੇ ਤਰ੍ਹਾਂ ਤਿੰਨ ਲਈ ਗੁਣ, ਕਾਲ, ਲੋਕ, ਭਵਨ ਆਦਿ; ਪੰਜ ਲਈ ਪਾਂਡਵ, ਤਤੱਤਵ, ਇੰਦ੍ਰੇ ਆਦਿ, ਛੇ ਵਾਸਤੇ (ਖਟ) ਰਸ, (ਖਟ) ਦਰਸ਼ਣ, ਵਗੈਰਾ ਇਸੇ ਤਰ੍ਹਾਂ 46 ਜਾਂ ਪੰਜਾਹ ਤੱਕ ਲਈ ਸ਼ਬਦ ਮਿੱਥੇ ਹੋਏ ਸਨ। ਜੇ ਸੰਬਤ 293 ਲਿਖਣਾ ਹੋਵੇ ਤਾਂ ਲਿਖਦੇ ਸਨ:-




ਇਹ ਢੰਗ ਪੁਰਾਣੇ ਸਮੇਂ ਕੇਵਲ ਜੋਤਿਸ਼ ਦੀਆਂ ਕਿਤਾਬਾਂ ਵਿਚ ਵਰਤਿਆ ਜਾਂਦਾ ਸੀ, ਭਾਵੇਂ ਬ੍ਰਿਜ ਭਾਸ਼ਾ ਦੇ ਕਵੀ ਹੁਣ ਤੱਕ ਵਰਤਦੇ ਆਏ ਹਨ। ਧਿਆਨ ਕਰਨ ਵਾਲੀ ਗੱਲ ਹੈ ਕਿ ਇਕਾਈ ਦਾ ਅੰਕ ਖੱਬੇ ਪਾਸੇ ਹੈ ਅਤੇ ਦਹਾਈ ਅਤੇ ਸੈਂਕੜੇ ਵਾਰੋ ਵਾਰੀ ਉਸ ਦੇ ਸੱਜੇ ਵੱਲ।

(5) ਹੁਣ ਇਕ ਮਾਮੂਲੀ ਸੰਮਤ ਲਿਖਣ ਲਈ ਤਿੰਨ ਲਫਜ਼ ਵਰਤਣੇ ਪਏ ਅਤੇ ਖਾਸੀ ਤਿੰਨ ਉਂਗਲ ਜਗ੍ਹਾ ਰੁਕ ਗਈ। ਸੋ ਇਸ ਨੂੰ ਸੁਖਾਲਾ ਬਣਾਉਣ ਲਈ ਇਕ ਅੰਕ ਪਾਲੀ ਜਿਸ ਨੂੰ ਪਹਿਲੀ ਖੜ੍ਹੀ ਪਾਲ ਵਿਚ ਆਏ ਚਾਰ ਅੱਖਰਾਂ ਤੋਂ 'ਕਟਪਸ਼' ਸੱਦਦੇ ਹਨ ਬਣਾਈ, ਜਿਸ ਦੀ ਮਦਦ ਨਾਲ ਇਕ ਅੰਕ ਲਈ ਇਕ ਅੱਖਰ ਵਰਤਿਆ ਜਾ ਸਕਦਾ ਸੀ, ਅਤੇ ਸਾਰੀ ਰਕਮ ਇਕੋ ਲਫਜ਼ ਜਾਂ ਹੱਦ ਦੋ ਲਫਜ਼ਾਂ ਵਿਚ ਲਿਖੀ ਜਾ ਸਕਦੀ ਸੀ। ਦਸ




ਪਲੇਟ ਨੰ: XXXII
ਗੁਰਮੁਖੀ ਹਿੰਦਸਿਆਂ ਦਾ ਨਿਕਾਸ (ਪੁਰਾਣੇ ਅੱਖਰਾਂ ਤੋਂ)।

ਹਿੰਦਸਿਆਂ ਲਈ ਦਸ ਖਾਨੇ ਬਣਾ ਕੇ ਉਨ੍ਹਾਂ ਦੇ ਹੇਠਾਂ 'ਪੈਂਤੀ' ਦੇ ਅੱਖਰ ਇਉਂ ਲਿਖ ਲੈਂਦੇ ਸਨ, ਜਿਵੇਂ ਕਿ ਹੇਠਾਂ ਵਿਖਾਏ ਗਏ ਹਨ। ਇਸ ਅਨੁਸਾਰ ਰਕਮ ਲਿਖੀ ਜਾਵੇ ਤਦ ਪਹਿਲੇ ਖੱਬੇ ਹੱਥ ਦੇ ਅੱਖਰ ਤੋਂ ਇਕਾਈ, ਦੂਜੇ ਤੋਂ ਦਹਾਈ, ਤੀਜੇ ਤੋਂ ਸੈਂਕੜਾ ਸਮਝਿਆ ਜਾਂਦਾ ਸੀ। ਸੰਮਤ 293 ਨੂੰ ਇਉਂ ਲਿਖਿਆ ਜਾਏਗਾ:- 'ਬਧਰ'। ਪਰ ਅਰਥ ਵਾਲਾ ਲਫਜ਼ ਬਣਾਉਣ ਲਈ ਲਿਖ ਦੇਣਗੇ 'ਬਧਰਾ'। ਮਦਰਾਸ ਅਹਾਤੇ ਵਿਚ ਇਕ ਵਿਸ਼ਣੂ ਮੰਦਰ ਵਿਚ ਟੱਲ ਉਤੇ ਸੰਮਤ ਵਜੋਂ ਲਿਖਿਆ ਹੈ: 'ਭਵਤਿ'। ਉਪਰਲੀ ਅੰਕ ਪਾਲੀ ਦੇ ਵੇਖਣ ਤੋਂ 'ਭ' ਦੇ 4, 'ਵ' ਦੇ 4, ਅਤੇ 'ਤ' ਦੇ 6 ਬਣ ਜਾਂਦੇ ਹਨ; ਅਤੇ ਇਹਨਾਂ ਹਿੰਦਸਿਆਂ ਨੂੰ ਉਸ ਵੇਲੇ ਦੇ ਦਸਤੂਰ ਅਨੁਸਾਰ ਪਾਲ ਵਿਚ ਰੱਖਿਆ 446 ਬਣਦਾ ਹੈ, ਅਰਥਾਤ ਚਾਰ ਚਾਲੀਹ, ਤੇ ਛੇ ਸੌ। ਸੋ ਸੰਮਤ ਨਿਕਲਿਆ 644, ਛੇ ਸੌ ਚਤਾਲੀ। ਇਸੇ ਤਰ੍ਹਾਂ ਇਕ ਹੋਰ ਮੰਦਰ ਵਿਚ ਸੰਮਤ 'ਰਾਕਾਲੋਕੇ' ਲਿਖਿਆ ਹੈ; ਜੋ ਸਿੱਧਾ ਕੀਤਿਆਂ 1312 ਬਣਦਾ ਹੈ। ਆਰੀਆਭੱਟ ਨੇ ਆਪਣੀ ਪੁਸਤਕ 'ਅਰਯ-ਸਿਧਾਂਤ' ਵਿਚ ਢੰਗ ਤਾਂ ਇਹੋ ਵਰਤਿਆ ਹੈ, ਪਰ ਇਕਾਈ ਦਹਾਈ ਦੀ ਤਰਤੀਬ ਉਲਟ ਦਿੱਤੀ ਹੈ ਅਤੇ ਜਿਸ ਤਰ੍ਹਾਂ ਹੁਣ ਅੰਕ ਲਿਖੇ ਜਾਂਦੇ ਹਨ, ਉਸ ਤਰ੍ਹਾਂ ਦੀ ਕਰ ਦਿੱਤੀ ਹੈ। ਜਿਵੇਂ 1, 59, 999 ਨੂੰ ਲਿਖਿਆ ਹੈ:- 'ਕਣਧਜ ਝੁਝਿਲਾ' ਇਸ ਲਫਜ਼ ਦੇ ਅਰਥ ਤਾਂ ਕੁਝ ਨਹੀਂ ਪਰ ਰਕਮ ਯਾਦ ਰੱਖਣ ਨਾਲੋਂ ਇਸ ਬੇਮਾਅਨੀ ਸ਼ਬਦ ਦਾ ਯਾਦ ਰੱਖਣਾ ਬਹੁਤ ਸੁਖਾਲਾ ਹੈ।।



ਗੰਧਾਰਾ ਜਾਂ ਖਰੋਸ਼ਠੀ ਲਿਪੀ ਵਿਚ ਰਕਮਾਂ ਬਿਲਕੁਲ ਰੋਮਨ ਤਰੀਕੇ ਅਨੁਸਾਰ ਲਿਖੀਆਂ ਜਾਂਦੀਆਂ ਹਨ ਅਤੇ ਚਾਰ, ਦਸ, ਬੀਸ ਤੇ ਸੌ ਵਾਸਤੇ ਚਿੰਨ੍ਹ ਮੁਕੱਰਰ ਸਨ। ਸੋ 999 ਤੱਕ ਦੀਆਂ ਰਕਮਾਂ ਅਤੇ ਸੰਨ ਵਗੈਰਾ ਲਿਖੇ ਜਾ ਸਕਦੇ ਸਨ।

ਪੰਜਾਬੀ ਦੇ ਕਵੀ ਵੀ ਉਪਰਲੇ ਤਰੀਕਿਆਂ ਵਿਚੋਂ ਕੁਝ ਆਪਣੀ ਕਵਿਤਾ ਵਿਚ ਵਰਤਦੇ ਆਏ ਹਨ, ਵਿਸ਼ੇਸ਼ ਕਰਕੇ ਗਿਣਤੀ ਦੀ ਥਾਂ ਖਾਸ ਖਾਸ ਲਫਜ਼ਾਂ ਦਾ ਵਰਤਣਾ ਜਾਂ ਕਿਸੇ ਸੰਮਤ ਸੰਨ ਨੂੰ ਅੰਕਪਾਲੀ ਅਨੁਸਾਰ ਲਿਖਣਾ ਤੇ ਇਹੋ ਸਬੱਬ ਅੰਕਪਾਲੀ ਨੂੰ ਗੁਰੂ ਗ੍ਰੰਥ ਸਾ-ਹਬਾਂ ਦੇ ਕੋਰੇ ਵਰਕਿਆਂ ਉਤੇ ਨਕਲ ਕਰ ਛੱਡਣ ਦਾ ਸੀ।


ਉਪਰ ਅਸੀਂ ਕਿਹਾ ਹੈ ਕਿ ਹਿੰਦਸੇ ਪੁਰਾਣੀ ਗੁਰਮੁਖੀ ਵਿਚੋਂ ਨਿਕਲੇ ਸਨ। ਇਸ ਲਈ ਦੇਖੋ ਪਲੇਟ ਨੰ: 32 (ਜੋ ਪਿਛਲੇ ਅੰਕਾਂ ਵਿਚ ਛਪ ਚੁੱਕੀ ਹੈ)।

ਸੰਸਕ੍ਰਿਤ ਵਿਚ 'ਛੇ' ਗਿਣਤੀ ਲਈ ਲਫਜ਼ ਹੈ 'ਸ਼ਟ ਜਾਂ ਸ਼ਡ' ਪਰ ਹਿੰਦਸਾ ਜਾਂ ਅੰਕ ਸ਼ ਤੋਂ ਨਹੀਂ, ਸਗੋਂ ਪ੍ਰਾਕ੍ਰਿਤ ਦੇ ਲਫਜ਼ 'ਛਾ' ਤੋਂ ਬਣਾਇਆ ਗਿਆ ਹੈ। ਇਸੇ ਤਰ੍ਹਾ 'ਅੱਠ' ਦਾ ਹਿੰਸਾ 'ਅਸ਼ਟ' ਦੇ 'ਅ' ਜਾਂ 'ਆਠ' ਤੋਂ ਨਹੀਂ ਬਣਾਇਆ ਗਿਆ ਸਗੋਂ ਛੇਕੜਲੇ ਅੱਖਰ 'ਟ' ਤੋਂ ਜੋ ਸੁਖੱਲਾ ਸੀ ਅਤੇ ਭੁਲੇਖੇ ਤੋਂ ਖਾਲੀ ਸੀ।

ਨੌਂ ਲਈ ਹਿੰਦਸਾ ਦੋ ਸ਼ਕਲਾਂ ਦਾ ਹੈ '9' ਅਤੇ ' '। ਇਹ ਦੋਵੇਂ ਸ਼ਕਲਾਂ ਜਾਂ ਚਿੰਨ੍ਹ ਗੁਰਮੁਖੀ ਦੇ 'ਣ' ਅਤੇ 'ਨ' ਤੋਂ ਲਏ ਹਨ। 'ਣ' ਦੀ ਆਵਾਜ਼ ਪੰਜਾਬੀ ਬੋਲੀ ਵਿਚ ਖਾਸ ਜਗ੍ਹਾ ਰੱਖਦੀ ਹੈ ਅਤੇ ਬਹੁਤ ਵਰਤੀ ਜਾਂਦੀ ਹੈ। ਜਿੱਥੇ ਹਿੰਦੀ ਆਦਿ ਵਾਲੇ 'ਨ' (ਦੰਦਾਂ ਦਾ ਅਨੁਨਾਸਿਕ) ਲਿਖਣਗੇ ਉਥੇ ਭੀ ਪੰਜਬੀ ਵਿਚ 'ਣ' (ਤਾਲੂ ਦਾ ਅਨੁਨਾਸਿਕ) ਵਰਤਿਆ ਜਾਏਗਾ।

ਨਾਗਰੀ ਵਿਚ 'ਨੌਂ' ਦਾ ਹਿੰਦਸਾ ਹੋਰ ਤਰ੍ਹਾਂ ਵੀ ਲਿਖਦੇ ਹਨ ਅਰਥਾਤ '1' ਦਾ ਪਾਸਾ ਪਰਤ ਕੇ ਉਲਟਾ 9 ਬਣਾ ਦਿੰਦੇ ਹਨ ਜਿਵੇਂ ਸਮਝੋ ਅੰਕਾਂ ਦੀ ਪਾਲ ਮੁਕਾਈ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ 'ਪ੍ਰਾਚੀਨ ਬੀੜਾਂ' ਵਿਚ ਇਹ ਹਿੰਦਸਾ ਕੋਈ ਦਰਜਨ ਕੁ ਸ਼ਕਲਾਂ ਦਾ ਲਿਖਿਆ ਮਿਲਦਾ ਹੈ।

ਆਪ ਵੇਖੋਗੇ ਕਿ ਕਿਸ ਤਰ੍ਹਾਂ 'ਹੁਕਮਨਾਮਿਆਂ' ਤੇ 'ਨੀਸਾਣਾਂ' ਵਿਚ ਵਰਤੇ ਅੱਖਰ ( ੲ, ਦ, ਤ, ਚ, ਛ ਜਾਂ ਛ, ਸ, ਟ, ਣ, ਨ) ਪੁਰਾਤਨ ਅੱਖਰਾਂ ਨਾਲ ਹਮ ਸ਼ਕਲਾਂ ਅਤੇ ਅੰਕਾਂ ਦਾ ਮੁੱਢ ਹਨ।



# ਸਿਰਫ 8 ਬੰਦਿਆਂ ਕੋਲ ਦੁਨੀਆਂ ਦੀ ਅੱਧੀ ਆਬਾਦੀ ਦੇ ਬਰਾਬਰ ਦੌਲਤ

**ਲੰਡਨ–** ਅੱਜ ਜਿੱਥੇ ਦੁਨੀਆ ਬੇਰੁਜ਼ਗਾਰੀ, ਭੁੱਖਮਰੀ ਤੇ ਗ਼ਰੀਬੀ ਵਰਗੀਆਂ ਲਾਹਣਤਾਂ ਨਾਲ ਜੂਝ ਰਹੀ ਹੈ, ਉੱਥੇ ਹੀ ਕੌਮਾਂਤਰੀ ਚੈਰਿਟੀ ਸੰਸਥਾ ਔਾਅਮ ਵੱਲੋਂ ਜਾਰੀ ਰਿਪੋਰਟ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਰਿਪੋਰਟ ਮੁਤਾਬਕ ਦੁਨੀਆ ਦੇ ਅੱਠ ਬੰਦਿਆਂ ਕੋਲ ਅੱਧੀ ਆਬਾਦੀ (ਕਰੀਬ 3.6 ਅਰਬ ਲੋਕ) ਬਰਾਬਰ ਸੰਪਤੀ ਹੈ।

ਇਸ ਨਾਲ ਸਮਾਜ ਵਿੱਚ ਅਮੀਰੀ-ਗ਼ਰੀਬੀ ਪਾੜਾ ਹੋਰ ਵੱਧਣ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ। ਹੋਰ ਤਾਂ ਹੋਰ ਇਹ ਰਿਪੋਰਟ ਉਦੋਂ ਸਾਹਮਣੇ ਆਈ ਜਦੋਂ ਵਰਲਡ ਇਕਨਾਮਿਕ ਫੋਰਮ ਦੀ ਮੀਟਿੰਗ ਹੋਣ ਵਾਲੀ ਹੈ।

ਰਿਪੋਰਟ ਮੁਤਾਬਕ 3.6 ਅਰਬ ਲੋਕਾਂ ਦੇ ਬਰਾਬਰ ਸੰਪਤੀ ਜਿਨ੍ਹਾਂ ਅੱਠ ਲੋਕਾਂ ਦੇ ਕੋਲ ਹੈ। ਉਨ੍ਹਾਂ ਵਿੱਚ ਅਮਰੀਕਾ ਦੇ 6, ਇੱਕ ਸਪੇਨਿਸ਼ ਤੇ ਇੱਕ ਮੈਕਸੀਕੋ ਦਾ ਬਿਜ਼ਨਸਮੈਨ ਸ਼ਾਮਲ ਹੈ।

ਇਹ ਨੇ ਅੱਠ ਬਿਜਨੈਸਮੈਨ

1. ਬਿਲ ਗੇਟਸ-ਮਾਈਕ੍ਰੋਸਾਫ਼ਟ ਦੇ ਫਾਊਂਡਰ
2. ਮਾਰਕ ਜ਼ੁਬਰਬਰਗ-ਫੇਸਬੁੱਕ ਦੇ ਕੋ-ਫਾਉਂਡਰ
3. ਜੇਫ ਬੇਜੋਸ- ਈ-ਕਾਮਰਸ ਕੰਪਨੀ ਅਮੇਜ਼ਨ ਦੇ ਫਾਊਂਡਰ
4. ਬਾਰੇਨ ਬਫੇ- ਇਨਵੇਟਰ
5. ਅਮੈਂਸਿਓ ਔਰਟੇਗਾ- ਇੰਡੀਟੈਕਸ ਦੇ ਬਿਜ਼ਨੈੱਸਮੈਨ
6. ਕਾਰਲੋਸ ਏਲੀਸਨ-ਮੈਕਸਿਕੋ ਦੇ ਬਿਜ਼ਨੈੱਸ



7. ਲੈਰੀ ਐਲੀਸਨ-ਐਰੇਕਲ ਦੇ ਫਾਊਂਡਰ
8. ਮਾਈਕਲ ਬਲੂਮਬਰਗ- ਨਿਊਯਾਰਕ ਦੇ ਪੂਰਵ ਮੇਅਰ

ਰਿਪੋਰਟ ਮੁਤਾਬਕ ਬ੍ਰਿਟੇਨ ਦੇ ਯੂਰਪੀਅਨ ਯੂਨੀਅਨ ਦੇ ਅਲੱਗ ਹੋਣ (ਬ੍ਰੈਗਜਿਟ) ਤੋਂ ਲੈ ਕੇ ਡੋਨਲਡ ਟ੍ਰੰਪ ਦੇ ਯੂ.ਐਸ. ਪ੍ਰੋਡੈਂਸੀਅਲ ਇਲੈਕਸ਼ਨ ਵਿੱਚ ਜਿੱਤਣ ਤੱਕ ਨਸਲੀ ਵਿਤਕਰੇ ਨੂੰ ਲੈ ਕੇ ਚਿੰਤਾ ਵਧੀ ਹੈ। ਦੁਨੀਆ ਭਰ ਵਿੱਚ ਮਜ਼ਦੂਰ ਜਿੱਥੇ ਮਾਮੂਲੀ ਤਨਖ਼ਾਹ ਨਾਲ ਦੋ ਵਖ਼ਤ ਦੀ ਰੋਟੀ ਜੁਟਾਉਣ ਔਖਾ ਹੋ ਰਿਹਾ ਹੈ, ਉੱਥੇ ਹੀ ਸੁਪਰ ਅਮੀਰ ਲੋਕਾਂ ਦੀ ਸੰਪਤੀ ਵਿੱਚ 2009 ਤੋਂ ਹਰ ਸਾਲ ਕਰੀਬ 11 ਫ਼ੀਸਦੀ ਦਾ ਇਜ਼ਾਫਾ ਹੋ ਰਿਹਾ ਹੈ। ਲੋਕਾਂ ਵਿੱਚ ਮੁੱਖ ਧਾਰਾ ਦੀ ਰਾਜਨੀਤੀ ਨੂੰ ਲੈ ਕੇ ਭਰਮ ਦੀ ਸਥਿਤੀ ਹੈ। ਅਮੀਰ ਦੇਸ਼ਾਂ ਵਿੱਚ ਜ਼ਿਆਦਾਤਰ ਲੋਕਾਂ ਵਿੱਚ ਹੁਣ ਆਪਣੇ ਸਟੇਟਸ ਨੂੰ ਬਰਕਰਾਰ ਰੱਖਣ ਦੀ ਹਾਲਤ ਵਿੱਚ ਨਹੀਂ ਹਨ।

ਰਿਪੋਰਟ ਮੁਤਾਬਕ ਭਾਰਤ ਤੇ ਚੀਨ ਵਿੱਚ ਸੰਪਤੀ ਦੇ ਬਟਵਾਰੇ ਵਿੱਚ ਕਾਫ਼ੀ ਬਦਲਾਅ ਆਏ ਹਨ। ਇੱਕ ਸਾਲ ਪਹਿਲਾਂ ਦੀ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਦੁਨੀਆ ਦੀ ਸੰਪਤੀ 62 ਲੋਕ ਦੇ ਕੋਲ ਹੈ। ਰਿਪੋਰਟ ਇਹ ਵੀ ਕਿਹਾ ਗਿਆ ਹੈ ਕਿ ਅਮੀਰ ਲੋਕਾਂ ਤੇ ਸੰਸਥਾਵਾਂ ਉੱਤੇ ਜ਼ਿਆਦਾ ਟੈਕਸ ਲਗਾਇਆ ਜਾਵੇ।

ਰਿਪੋਰਟ ਉਸ ਸਮੇਂ ਆਈ ਹੈ ਜਦੋਂ ਜਦੋਂ ਦਾਵੋਸ ਵਿੱਚ 17 ਜਨਵਰੀ ਤੋਂ ਵਰਲਡ ਇਕਨਾਮਿਕ ਫੋਰਮ ਦੀ ਸਾਲਾਨਾ ਮੀਟਿੰਗ ਸ਼ੁਰੂ ਹੋ ਰਹੀ ਹੈ। ਇਸ ਗੈਰ-ਬਰਾਬਰ ਦੇ ਮੁੱਦੇ ਉੱਤੇ ਚਰਚਾ ਹੋਣੀ ਚਾਹੀਦੀ ਹੈ। ਮੀਟਿੰਗ ਵਿੱਚ ਕਰੀਬ ਤਿੰਨ ਹਜ਼ਾਰ ਲੋਕ ਸ਼ਾਮਲ ਹੋਣੇ ਚਾਹੀਦੀ ਹਨ।

# ਜਲ੍ਹਿਆਂਵਾਲਾ ਗੋਲੀ ਕਾਂਡ 'ਤੇ ਬਰਤਾਨੀਆ ਸਰਕਾਰ ਮੰਗੇਗੀ ਮੁਆਫ਼ੀ

**ਚੰਡੀਗੜ੍ਹ–** ਕਾਂਗਰਸ ਸੰਸਦ ਮੈਂਬਰ ਤੇ ਲੇਖਕ ਸ਼ਸ਼ੀ ਥਰੂਰ ਨੇ ਜਲ੍ਹਿਆਂਵਾਲਾ ਗੋਲੀ ਕਾਂਡ ਦੀ 2019 'ਚ ਸ਼ਤਾਬਦੀ ਮੌਕੇ ਬਰਤਾਨੀਆ ਵੱਲੋਂ ਭਾਰਤੀਆਂ ਕੋਲੋਂ ਮੁਆਫ਼ੀ ਮੰਗਣ ਦੀ ਮੰਗ ਕੀਤੀ ਹੈ।

ਕੋਲਕਾਤਾ ਸਾਹਿਤ ਮੇਲੇ-2017 ਦੇ ਉਦਘਾਟਨੀ ਸਮਾਰੋਹ ਮੌਕੇ ਸ਼ਸ਼ੀ ਥਰੂਰ ਨੇ ਆਪਣੀ ਕਿਤਾਬ 'ਐਨ ਇਰਾ ਆਫ਼ ਡਾਰਕਨੈੱਸ: ਦਿ ਬ੍ਰਿਟਿਸ਼ ਐਂਪਾਇਰ ਇਨ ਇੰਡੀਆ' ਬਾਰੇ ਬੋਲਦਿਆਂ ਕਿਹਾ ਕਿ, 'ਬ੍ਰਿਟਿਸ਼ ਪ੍ਰਧਾਨ ਮੰਤਰੀ ਜਾਂ ਸ਼ਾਹੀ ਖਾਨਦਾਨ ਦਾ ਮੈਂਬਰ ਇੱਥੇ ਆ ਕੇ ਨਾ ਸਿਰਫ਼ ਜਲ੍ਹਿਆਂਵਾਲਾ ਬਾਗ਼ ਕਾਂਡ ਸਗੋਂ ਬਰਤਾਨਵੀ ਰਾਜ ਵੇਲੇ ਕੀਤੀਆਂ ਗਈਆਂ ਵਧੀਕੀਆਂ ਲਈ ਇੱਥੇ ਆ ਕੇ ਮੁਆਫ਼ੀ ਮੰਗਣ।' ਉਨ੍ਹਾਂ ਕਿਹਾ ਕਿ ਜਲ੍ਹਿਆਂਵਾਲਾ ਗੋਲੀ ਕਾਂਡ ਦੀ 2019 'ਚ ਸ਼ਤਾਬਦੀ ਦੇ ਮੌਕੇ ਦਾ ਲਾਹਾ ਲਿਆ ਜਾਣਾ ਚਾਹੀਦਾ ਹੈ ਕਿਉਂਕਿ ਸਾਰੇ ਗਲਤ ਕੰਮ ਬ੍ਰਿਟਿਸ਼ ਤਾਜ ਦੇ ਨਾਂ ਹੇਠਾਂ ਕੀਤੇ ਗਏ ਸਨ। ਥਰੂਰ ਨੇ ਕਿਹਾ ਕਿ ਜਲ੍ਹਿਆਂਵਾਲਾ ਬਾਗ਼ 'ਚ ਬੇਕਸੂਰਾਂ ਨੂੰ ਮਾਰਨ ਲਈ ਅਫ਼ਸੋਸ ਕਰਨ ਤੇ ਮੁਆਫ਼ੀ ਮੰਗਣ ਦੇ ਮੁੱਦੇ ਨੂੰ ਬਰਤਾਨੀਆ ਨੇ ਹਮੇਸ਼ਾ ਅਣਗੌਲਿਆ ਕੀਤਾ ਹੈ।

# ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ

## ਦੋ ਬੂਟੇ



ਕਮਲ ਬੰਗਾ, ਸੈਕਰਾਮੈਂਟੋ
916-897-8570

ਯਾਰੋ! ਦੋ ਬੂਟੇ ਨੇ, ਨਦੀ ਕਿਨਾਰੇ।
ਉਹ ਸੁੱਕਦੇ ਜਾਵਣ ਔੜ ਦੇ ਮਾਰੇ।

ਕਈ ਸਾਲਾਂ ਤੋਂ ਔੜ ਹੈ ਲੱਗੀਉ,
ਉਪਰੋਂ ਨਿੱਤ ਸੂਰਜ ਵੀ ਤਪਸ਼ ਖਿਲਾਰੇ।

ਅੱਜ ਸੁੱਕੀ ਪਈ ਨਦੀ ਵਿਚਾਰੀ,
ਸਾਡੇ ਲਈ ਮਾਂ ਬਣਕੇ ਹੌਂਕੇ ਮਾਰੇ।

ਮੁਰਝਾਏ ਬੂਟੇ, ਇਕ ਦੂਜੇ ਨੂੰ ਪੁੱਛਦੇ,
ਪਾਣੀ ਬਿਨ ਹੋਣੇ ਨਹੀਂ ਸਾਡੇ ਗੁਜ਼ਾਰੇ।

ਅਸੀਂ ਨਿੱਕਿਆਂ ਤੋਂ ਵੱਡੇ ਵੱਡੇ ਹੋਏ ਸਾਂ,
ਸੜੇ ਜੋ ਬਨ ਤੇ ਮਹਿਕ ਸੜੀ ਅੰਗਿਆਰੇ।

ਇਹ ਨਦੀ ਸੀ ਸਾਡੀ ਸੋਹਣੀ ਜ਼ਿੰਦਗੀ,
ਇਸਨੇ ਸਾਨੂੰ ਦਿੱਤੇ ਸਨ ਸਦਾ ਸਹਾਰੇ।

ਸਾਡੀ ਕਿਸਮਤ ਹੁਣ ਹੋ ਗਈ ਹੈ ਮਾੜੀ,
ਅਸੀਂ ਸੁੱਕੇ ਨਾਲੇ ਪੰਛੀ ਉੱਡ ਗਏ ਸਾਰੇ।

ਜੱਗ 'ਤੇ ਆਪਣੀ ਸਾਂਝ ਪੁਗਾਉਣ ਲਈ,
ਬੇਵਸੀ 'ਚ ਬਣ ਗਏ ਹਾਂ ਲਾਚਾਰੇ।

ਇਹ ਜੀਵਨ ਮੁੜ ਮੁੜ ਆਉਣਾ ਨਹੀਂ,
ਆ 'ਕਮਲ' ਰੱਬ ਤੋਂ ਮੰਗੀਏ ਨੂਰ ਉਧਾਰੇ।

## ਵਿਦਿਆ ਕੀਮਤੀ ਗਹਿਣਾ



ਵਿੱਦਿਆ ਹੈ ਗਹਿਣਾ ਕੀਮਤੀ, ਭੁੱਲ ਨਾ ਤੁਸੀਂ ਜਾਣਾ ਬੱਚਿਓ।
ਸਮਾਂ ਹੈ ਬੜਾ ਕੀਮਤੀ, ਹੱਥ ਨਹੀਂ ਮੁੜ ਆਉਣਾ ਬੱਚਿਓ।

ਸੁਣ ਲਓ ਤੁਸੀਂ ਗੱਲ ਅਕਲ ਦੀ, ਹੁੰਦੀ ਨਹੀਂ ਸ਼ੋਭਾ ਸ਼ਕਲ ਦੀ।
ਵਿੱਦਿਆ ਬਿਨ ਗੱਲ ਨਹੀਂ ਬਣਦੀ, ਜ਼ਿੰਦਗੀ ਵਿਚ ਹੋਣ ਸਫਲ ਦੀ।

ਕੁੜੀਆਂ ਦਾ ਦਾਜ ਹੈ ਵਿਦਿਆ, ਸੁਣ ਲਓ ਤੁਸੀਂ ਭੁੱਲ ਨਾ ਜਾਣਾ।
ਮਿਹਨਤ ਕਰਕੇ ਪਾ ਲਓ ਵਿੱਦਿਆ, ਦੋ ਕੁਲਾਂ ਦਾ ਨਾਂ ਹੈ ਚਮਕਾਉਣਾ।

ਅਨਪੜ੍ਹਤਾ ਦੇ ਏਸ ਹਨੇਰੇ ਨੂੰ, ਵਿੱਦਿਆ ਨਾਲ ਹੈ ਰੁਸ਼ਨਾਉਣਾ।
ਫਿਰ ਹੌਲੀ-ਹੌਲੀ ਵਹਿਮਾਂ-ਭਰਮਾਂ ਨੂੰ, ਸਮਾਜ ਸਾਡੇ'ਚੋਂ ਹੈ ਭਜਾਉਣਾ।

ਵਿੱਦਿਆ ਹੈ ਗਹਿਣਾ ਕੀਮਤੀ, ਭੁੱਲ ਨਾ ਤੁਸੀਂ ਜਾਣਾ ਬੱਚਿਓ।
ਸਮਾਂ ਹੈ ਬੜਾ ਕੀਮਤੀ, ਹੱਥ ਨਹੀਂ ਮੁੜ ਆਉਣਾ ਬੱਚਿਓ।

**– ਮੇਜਰ ਸਿੰਘ ਨਾਭਾ** (91-94635-53962)

## ਠੰਡ ਨੇ ਅੱਤ ਮਚਾਈ ਹੈ

ਹਰਦੀਪ ਬਿਰਦੀ
91-90416-00900



ਠੰਡ ਨੇ ਬਹੁਤ ਅੱਤ ਮਚਾਈ ਹੈ ।
ਖੇਸੀ ਵਰਗੀ ਲਗਦੀ ਰਜਾਈ ਹੈ ॥
ਹੀਟਰ ਨੇ ਮੀਟਰ ਦੀ ਮਾਰੀ ਮੱਤ,
ਬਿਜਲੀ ਚੌਗਣੀ ਖਰਚਾਈ ਹੈ ।
ਗਰਮ ਗਰਮ ਹੀ ਲੋਚਣ ਸਭ,
ਠੰਡੇ ਤੋਂ ਤਾਂ ਤੌਬਾ ਕਾਰਵਾਈ ਹੈ ।
ਹੱਥ ਨਾ ਨਿਕਲੇ ਜੇਬ ਅੰਦਰੋਂ,
ਯਾਰੀ ਲੱਗੇ ਜੇਬ ਨਾਲ ਪਾਈ ਹੈ ।
ਸਵਾਟਰ ਨਾਲ ਨਹੀਂ ਰੁਕਦੀ ਠੰਡ,
ਕਨੇਡੇ ਵਾਲੀ ਜਾਕਟ ਪਾਈ ਹੈ ।
ਸਾਰਾ ਟੱਬਰ ਹੋਇਆ ਇਕੱਠਾ,
ਬੇਬੇ ਨੇ ਗਰਮ ਚਾਹ ਬਣਾਈ ਹੈ ।
ਬਣਾ ਲਵੋ ਤਿਲ ਦੀਆਂ ਪਿੰਨੀਆਂ,
ਨਵੀਂ ਫ਼ਰਮਾਇਸ਼ ਵੀ ਸੁਣਾਈ ਹੈ ।
ਕੰਮ ਕਈ ਨੇ ਕਰਨ ਵਾਲੇ ਜਰੂਰੀ,
ਖਹਿੜਾ ਨਾ ਛੱਡਦੀ ਰਜਾਈ ਹੈ ।

## ਲੀਡਰ

ਦੇਵ ਘੋਲੀਆ ਖੁਰਦ, ਮੋਗਾ
559-232-7764



ਮੇਲੇ ਰੋਣ ਵਿਚਾਰੇ ਨਾ ਕੋਈ ਮੇਲਿਆਂ ਵਾਲੀ ਗੱਲ ਹਾਣੀ
ਰੌਣਕ ਲੱਭਦੇ ਕਿੱਥੋਂ ਅੱਜਕਲ੍ਹ ਸਿਆਸਤ ਸਭ ਕੁਝ ਲੈ ਗਈ
ਦਸਤਾਰ ਕੇਸਰੀ ਬੰਨ੍ਹ ਕੇ ਤੇ ਹੱਥ ਜੋੜ ਕੇ ਫਤਿਹ ਬੁਲਾਉਂਦੇ
ਸ਼ਹੀਦਾਂ ਦੇ ਜੋੜ ਮੇਲਿਆਂ ਤੇ ਲੀਡਰ ਕਿਵੇਂ ਸਟੇਜਾਂ ਲਾਉਂਦੇ।

ਮੇਲਾ ਕਿਉਂ ਲੱਗਦਾ ਜਾਂ ਕੌਣ ਲਾਉਂਦਾ ਨਾ ਗੱਲ ਕਿਸੇ ਦੀ ਕਰਦੇ
ਅੱਡੀਆਂ ਚੱਕ ਚੱਕ ਦੂਸ਼ਣਬਾਜ਼ੀ ਢਿੱਡ ਲਾਰਿਆਂ ਨਾਲ ਹੀ ਭਰਦੇ
ਉਥੇ ਦੂਰ ਦੁਰੇਡੇ ਗੱਡ ਕੇ ਝੰਡੇ ਆਪਣਾ ਪੱਖ ਬਣਾਉਂਦੇ
ਸ਼ਹੀਦਾਂ ਦੇ ਜੋੜ ਮੇਲਿਆਂ ਤੇ ....

ਹੱਦੋਂ ਵੱਧ ਗਈ ਰਿਸ਼ਵਤਖੋਰੀ ਨਾ ਗੱਲ ਕਿਸੇ ਦੀ ਸੁਣਦੇ
ਵਰ੍ਹੇ ਛਿਮਾਹੀ ਦਲ ਬਦਲ ਕੇ ਨੇਤਾ ਨਵਾਂ ਫਿਰ ਚੁਣਦੇ
ਬਹੁਮਤ ਮਿਲੇ ਨਾ ਕਿਸੇ ਪਾਰਟੀ ਨੂੰ ਫੇਰ ਪਿੱਛੋਂ ਪਛਤਾਉਂਦੇ
ਸ਼ਹੀਦਾਂ ਦੇ ਜੋੜ ਮੇਲਿਆਂ ਤੇ ...

ਹੱਥ ਜੋੜ ਕੇ ਵੋਟਾਂ ਮੰਗਦੇ ਗਲ਼ ਵਿਚ ਪਰਨੇ ਪਾ ਕੇ
ਰੰਗਲੇ ਇਸ ਪੰਜਾਬ ਮੇਲੇ ਨੂੰ ਰੱਖ ਲਿਆ ਡਮਰੂ ਬਣਾ ਕੇ
ਮੇਲੇ ਮੰਡੀ ਦਾ ਪਤਾ ਲੱਗੇ ਉਥੇ ਜਾ ਡਮਰੂ ਖੜਕਾਉਂਦੇ
ਸ਼ਹੀਦਾਂ ਦੇ ਜੋੜ ਮੇਲਿਆਂ ਤੇ ...

ਬਿਜਲੀ ਬੋਰਡ ਤੇ ਟੀਚਰ ਨਾ ਹੜਤਾਲਾਂ ਕਰਦੇ ਥੱਕਦੇ
ਪੁਲਿਸ ਮਹਿਕਮਾ ਬੱਸ ਕੰਡਕਟਰ ਪੈਸੇ ਖ਼ੂਬ ਨੇ ਵੱਟਦੇ
ਕਰਦੇ ਨਾ ਕੰਟਰੋਲ ਤੇ ਬਜਟ 'ਚ ਘਾਟਾ ਫੇਰ ਵਿਖਾਉਂਦੇ
ਸ਼ਹੀਦਾਂ ਦੇ ਜੋੜ ਮੇਲਿਆਂ ਤੇ ...

'ਦੇਵ ਘੋਲੀਏ' ਵਾਲਾ ਸੱਚੀ ਖੋਲ੍ਹ ਸੁਣਾ ਗਿਆ ਸਾਖੀ
ਸਾਡੀ ਵਾੜ ਖੇਤ ਨੂੰ ਖਾਈ ਜਾਂਦੀ ਕੌਣ ਕਰੂਗਾ ਰਾਖੀ
ਮੂੰਹੋਂ ਬੋਲਦੇ ਰਾਮ ਤੇ ਕੱਢਕੇ ਬਗਲ 'ਚੋਂ ਛੁਰੀ ਚਲਾਉਂਦੇ
ਸ਼ਹੀਦਾਂ ਦੇ ਜੋੜ ਮੇਲਿਆਂ ਤੇ ਲੀਡਰ ਕਿਵੇਂ ਸਟੇਜਾਂ ਲਾਉਂਦੇ।

## ਰਾਜਨੀਤੀ

ਬਿੰਦਰ ਜਾਨ ਈ ਸਾਹਿਤ



ਰਾਜਨੀਤੀ ਹੈ ਬੜੀ ਕਮਾਲ
ਸੁਣੋ ਸਣਾਵਾਂ ਏਸ ਦਾ ਹਾਲ

ਕੈਪਟਨ ਕਹਿੰਦਾ ਮੈ ਜਿਤਾਂਗਾ
ਚੱਲਣ ਨਾਂ ਦੇਣੀ ਮੈਂ ਕੋਈ ਚਾਲ

ਡਾਗ ਫੇਰ ਸਭ ਕਰਾਂਗਾ ਸਿਧੇ
ਖੰਗੂ ਕੋਈ ਨਾਂ ਮਾਈ ਦਾ ਲਾਲ

ਮਫਲਰਮੈਨ ਪੰਜਾਬੀ ਬਣਿਆ
ਆਮ ਆਦਮੀ ਕੇਜ਼ਰੀਵਾਲ

ਸਭ ਦੇ ਸੁਪਨੇ ਕਰਾਂਗਾ ਪੂਰੇ
ਲਾਗੂ ਹੋਵੇਗਾ ਬਿਲ ਲੋਕ ਪਾਲ

ਬਾਦਲ 'ਅਬ ਕਹਿੰਦਾ ਸਭ ਨੂੰ
ਹੋਰ ਦਿਓ ਮੈਨੂੰ ਪੰਜ ਕੁ ਸਾਲ

ਕੈਲੀਫੋਰਨੀਆ ਪੰਜਾਬ ਹੋਵੇਗਾ
ਇਸ ਵਾਰ ਸੱਚ ਮੁੱਚ ਖੁਸ਼ਹਾਲ

ਕਾਮਰੇਡ ਵੀ ਕਹਿੰਣ ਹਮੇਸ਼ਾ
ਕਿਰਤੀ ਕੰਮੀ ਦੀ ਅਸੀ ਢਾਲ

ਕਾਮਨਿਸਮ ਦਾ ਰਾਜ ਹੋਵੇਗਾ
ਲੋਕ ਛੱਡਣ ਗੇ ਜਦ ਭੇਡ ਚਾਲ

ਮਾਇਆ ਆਈ ਮਮਤਾ ਲੈ ਕੇ
ਕਮਜੋਰਾਂ ਦਾ ਕਰਨ ਖਿਆਲ

ਉੱਚ ਵਰਗ ਕਿੰਝ ਕਰੇਗਾ ਧੱਕਾ
ਦਿਲ ਤੋਂ ਖੜੀ ਮੈਂ ਦਲੀਤਾਂ ਨਾਲ

ਰਾਜਨੀਤੀ ਦੇ ਰੰਗ ਵੇਖ ਲਵੋ
ਜਿਤਿਆ ਜਿਹੜਾ ਮਾਲਾ ਮਾਲ

ਸਭ ਕੁੱਝ ਸਾਜਣ ਵਾਲਾ ਵੋਟਰ
ਆਪਣੇ ਹੱਥੀਂ ਆਪ ਕੰਗਾਲ

ਦੂਰ ਠੀਕ ਹਾਂ ਏਸ ਤੋਂ ਬਿੰਦਰਾ
ਦੂਰੋਂ ਸਭ ਨੂੰ ਸੱਤ ਸ਼੍ਰੀ ਆਕਾਲ

## ਤੁਸੀ ਹੋ

ਦਿਲ ਦਾ ਚੈਨ ਕਰਾਰ ਤੁਸੀਂ ਹੋ,
ਅੱਖੀਆਂ ਦਾ ਦੀਦਾਰ ਤੁਸੀਂ ਹੋ
ਕਿਉ ਨਾ ਮੈਂ ਸਤਕਾਰ ਕਰਾਂ ਜੀ,
ਤਾਡੇ ਤੋਂ ਇਹ ਜਾਨ ਹਰਾਂ ਜੀ
ਮੇਰਾ ਪਹਿਲਾ ਪਿਆਰ ਤੁਸੀਂ ਹੋ.....

ਮੈਨੂੰ ਮੇਰੇ ਸਾਹਾਂ ਦੀ,
ਜਰੂਰਤ ਲੱਗਦੇ ਹੋ
ਕੀ ਮੈਂ ਦੱਸਾਂ ਕਿੰਨੇ ਮੈਨੂੰ ,
ਖੂਬਸੂਰਤ ਲੱਗਦੇ ਹੋ
ਮੇਰੀਆਂ ਸੋਚਾਂ ਚ ਹਰ ਪਲ
ਕੋਈ ਨਹੀ ਸਰਕਾਰ ਤੁਸੀਂ ਹੋ...
ਖੁਦ ਨੂੰ ਮਿਟਾ ਕੇ ਇੱਕ,

ਤੈਨੂੰ ਹੀ ਪਾਉਣਾ ਮੈਂ
ਜਿੰਦਗੀ ਦੇ ਵਿੱਚ ਹੋਰ,
ਕੀ ਹੈ ਜੋ ਚਾਹੁੰਨਾ ਮੈਂ,
ਸੁੰਨਾ ਸੁੰਨਾ ਜਾਪੇ ਜਗ ਸਾਰਾ,
ਦਿਲ ਮੇਰੇ ਦੀ ਬਹਾਰ ਤੁਸੀਂ ਹੋ.....

ਮੇਰੇ ਹਰ ਇੱਕ ਖਵਾਬ ਚ
ਤੇਰਾ ਖਵਾਬ ਰਹੇ,
ਤੂੰ ਨਾ ਵਿਖੇ ਤਾਂ ਇਹ
ਦਿਲ ਮੇਰਾ ਬੇਤਾਬ ਰਹੇ
ਤੈਨੂੰ ਜਿੱਤਣਾ ਹਾਰ ਕੇ ਖੁਦ ਨੂੰ
ਮੇਰੀ ਜਿੱਤ ਤੇ ਹਾਰ ਤੁਸੀਂ ਹੋ.....

**-ਸਰੂਚੀ ਕੰਬੋਜ**

# ਅੱਗ ਕਾਰਨ ਸੜੀ ਔਰਤ ਦਾ ਮੱਛੀ ਦੀ ਚਮੜੀ ਨਾਲ ਕੀਤਾ ਚਮਤਕਾਰੀ ਇਲਾਜ

ਬ੍ਰਾਜ਼ੀਲ ਵਿਚ ਇਕ ਰੈਸਟੋਰੈਂਟ ਵਿਚ ਕੰਮ ਕਰਨ ਵਾਲੀ 36 ਸਾਲਾ ਵੇਟਰੈਸ ਮਾਰੀਆ ਇਨਸ ਗੈਸ ਕੁੱਕਰ ਫਟਣ ਕਾਰਨ ਬੁਰੀ ਤਰ੍ਹਾਂ ਸੜ ਗਈ। ਮਾਰੀਆ ਨੂੰ ਜਦੋਂ ਡਾਕਟਰ ਦੇ ਕੋਲ ਲਿਜਾਇਆ ਗਿਆ ਤਾਂ ਉਸਨੇ ਇਕ ਵਿਕਲਪਿਕ ਇਲਾਜ ਦੇ ਬਾਰੇ ਦੱਸਿਆ ਅਤੇ ਮਾਰੀਆ ਇਸ ਦੇ ਲਈ ਤਿਆਰ ਹੋ ਗਈ।

ਮਾਰੀਆ ਮੁਤਾਬਕ ਸੜਨ ਤੋਂ ਬਾਅਦ ਉਹ ਦਰਦ ਨਾਲ ਬੇਹਾਲ ਸੀ ਪਰ ਇਸ ਇਲਾਜ ਤੋਂ ਉਸ ਨੂੰ ਬਹੁਤ ਫਾਇਦਾ ਹੋਇਆ। ਉਹ ਦੂਜੇ ਸੜੇ ਹੋਏ ਰੋਗੀਆਂ ਨੂੰ ਵੀ ਇਹੀ ਇਲਾਜ ਕਰਵਾਉਣ ਦੀ ਸਲਾਹ ਦਿੰਦੀ ਹੈ। ਇਸ ਇਲਾਜ ਵਿਚ ਰੋਗੀ ਦਾ ਇਲਾਜ ਕਰਨ ਦੇ ਲਈ ਮੱਛੀ ਦੀ ਚਮੜੀ ਦੀ ਵਰਤੋਂ ਕੀਤੀ ਜਾਂਦੀ ਹੈ।



20 ਦਿਨ ਤੋਂ ਬਾਅਦ ਫਿਰ ਤੋਂ ਉਸਦੀ ਡ੍ਰੈਸਿੰਗ ਕੀਤੀ ਗਈ।

ਇਸ ਇਲਾਜ ਕਾਰਨ ਉਹਨਾਂ ਦੀ ਚਮੜੀ ਵਿਚ ਚਮਤਕਾਰੀ ਸੁਧਾਰ ਹੋਇਆ। ਡਾਕਟਰ ਐਡਮਰ ਮਾਸਿਲ ਨੇ ਦੱਸਿਆ ਕਿ ਟਿਲਾਪੀਆ ਨਾਂ ਦੀ ਮੱਛੀ ਦੀ ਚਮੜੀ ਵਿਚ ਕੋਲਜਨ ਦਾ ਪੱਧਰ ਬਹੁਤ ਜ਼ਿਆਦਾ ਹੁੰਦਾ ਹੈ। ਨਾਲ ਹੀ ਇਸ ਵਿਚ ਨਮੀ ਵੀ ਚੰਗੀ ਮਾਤਰਾ ਵਿਚ ਪਾਈ ਜਾਂਦੀ ਹੈ।

ਜਿਸ ਨਾਲ ਮੱਛੀ ਦੀ ਚਮੜੀ ਨੂੰ ਸੁੱਕਣ ਵਿਚ ਲੰਮਾ ਸਮਾਂ ਲੱਗਦਾ ਹੈ। ਇਸ ਨਾਲ ਜ਼ਖਮ ਛੇਤੀ ਭਰਦਾ ਹੈ। ਇਹ ਸੜੀ ਹੋਈ ਚਮੜੀ ਨੂੰ ਜ਼ਰੂਰੀ ਪ੍ਰੋਟੀਨ ਵੀ ਮੁਹੱਈਆ ਕਰਵਾਉਂਦਾ ਹੈ ਜੋ ਇਨਫੈਕਸ਼ਨ ਦੇ ਖਤਰੇ ਨੂੰ ਵੀ ਘੱਟ ਕਰਦਾ ਹੈ।

# ਧੀਆਂ ਨੂੰ ਸ਼ੇਰਨੀਆਂ ਦਾ ਖਿਤਾਬ ਦੇਣ ਵਾਲੀ ਕਲਮ- ਰਾਮ ਲਾਲ ਭਗਤ



**ਪ੍ਰੀਤਮ ਲੁਧਿਆਣਵੀ**
9876428641

ਕਿਸੇ ਦੇ ਇਹ ਗੱਲ ਚਿੱਤ-ਚੇਤੇ ਵੀ ਨਹੀਂ ਹੋਣੀ ਕਿ ਅੱਤ ਦੀ ਗਰੀਬੀ ਨਾਲ ਜੂਝਦਾ ਸਖਸ਼ ਵੀ ਇਕ ਦਿਨ ਪੰਜਾਬੀ ਮਾਂ-ਬੋਲੀ ਦਾ ਲਾਡਲਾ ਹਰਮਨ-ਪਿਆਰਾ ਕਵੀ ਬਣ ਜਾਵੇਗਾ। ਪਰ ਇਹ ਸੱਚ ਹੈ ਕਿ ਆਪਣੇ ਕਾਵਿ-ਸੰਗ੍ਰਹਿ 'ਸ਼ੇਰਨੀਆਂ' ਦੁਆਰਾ ਪੰਜਾਬੀ ਸਾਹਿਤ-ਜਗਤ ਵਿਚ ਇਕ ਮੁਕਾਮ ਹਾਸਲ ਕਰਨ ਵਾਲਾ ਲੋਕਾਂ ਦਾ ਹਰਮਨ-ਪਿਆਰਾ ਸ਼ਾਇਰ ਰਾਮ ਲਾਲ ਭਗਤ ਅੱਜ ਦਿਨ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ ਰਿਹਾ। ਜਿਹੜੇ ਲੋਕ ਧੀਆਂ ਨੂੰ 'ਆਟੇ ਦੀਆਂ ਚਿੜੀਆਂ', 'ਚੰਬੇ ਦੀਆਂ ਚਿੜੀਆਂ' 'ਘਰ ਦੀਆਂ ਚਾਬੀਆਂ' ਅਤੇ 'ਚਾਰ-ਦੀਵਾਰੀ ਦੀਆਂ ਪਹਿਰੇਦਾਰ' ਕਹਿੰਦੇ ਸਨ, ਭਗਤ ਜੀ ਨੇ ਉਨ੍ਹਾਂ ਲੋਕਾਂ ਨੂੰ ਫਿਟਕਾਰਾਂ ਦਿੱਤੀਆਂ ਅਤੇ 'ਸ਼ਾਲ੍ਹੋ', 'ਮਿੱਟੀ ਦੀ ਖੁਸ਼ਬੂ' ਅਤੇ 'ਸ਼ੇਰਨੀਆਂ' ਆਦਿ ਕਾਵਿ-ਸੰਗ੍ਰਹਿਾਂ ਰਾਹੀਂ ਉਨ੍ਹਾਂ ਨੂੰ ਚੇਤਨਾ ਅਤੇ ਬੱਲ ਦਿੱਤਾ। ਨਾਰੀਵਾਦ 'ਤੇ ਪਹਿਰਾ ਦੇਕੇ ਸਮਾਜ ਦੇ ਕੂੜਾ-ਕਰਕਟ ਨੂੰ ਚੁੱਕਣ ਖਾਤਰ ਉਨ੍ਹਾਂ ਲਈ ਇਕ ਹੱਕੀ ਲਲਕਾਰ ਮਾਰੀ।

ਦਰਿਆ ਬਿਆਸ ਨੇੜੇ, ਜਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਵੱਡੀ ਮਿਆਣੀ (ਬੇਟ) ਵਿਚ 15 ਜੁਲਾਈ, 1965 ਨੂੰ ਪਿਤਾ ਸ੍ਰੀ ਸੰਤ ਰਾਮ ਜੀ ਦੇ ਗ੍ਰਹਿ ਵਿਖੇ ਮਾਤਾ ਸਦਰੋ ਦੀ ਪਾਕ ਕੁੱਖੋਂ ਜਨਮੇ ਰਾਮ ਲਾਲ ਭਗਤ ਨੇ ਮੁੱਢਲੀ ਸਿੱਖਿਆ ਗੁਰੂ ਗੋਬਿੰਦ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਮਿਆਣੀ ਤੋਂ ਪ੍ਰਾਪਤ ਕੀਤੀ। ਫਿਰ, 'ਗਿਆਨੀ ਕਰਤਰ ਸਿੰਘ ਸਰਕਾਰੀ ਕਾਲਜ, ਟਾਂਡਾ ਉੜਮੁੜ ਵਿਖੇ ਦਾਖਲਾ ਲੈਕੇ ਉਥੋਂ ਨਾਗਰਿਕ ਸ਼ਾਸ਼ਤਰ ਦੀ ਐਮ. ਏ. ਕੀਤੀ। ਉਪਰੰਤ ਮਿੰਟਗੁਮਰੀ ਵਿੱਦਿਆ ਕਾਲਜ, ਜਲੰਧਰ ਵਿਖੇ ਬੀ-ਐਡੱ ਦੀ ਡਿਗਰੀ ਹਾਸਲ ਕੀਤੀ। ਇਸ ਉਪਰੰਤ ਉਨ੍ਹਾਂ ਨੇ ਪ੍ਰਾਈਵੇਟ ਤੌਰ ਤੇ ਐਮ.ਏ. ਹਿਸਟਰੀ ਦੀ ਡਿਗਰੀ ਦਾ ਸਫਲ ਹੰਭਲਾ ਵੀ ਮਾਰਿਆ।



10 ਫਰਵਰੀ, 1997 ਨੂੰ ਬਤੌਰ ਸੋਸ਼ਲ-ਸਟੱਡੀ ਮਾਸਟਰ ਸਰਕਾਰੀ ਸੇਵਾ ਵਿਚ ਆਏ ਭਗਤ ਜੀ ਦੀ 29 ਅਗਸਤ 2016 ਨੂੰ ਬਤੌਰ ਹਿਸਟਰੀ ਲੈਕਚਰਾਰ ਪਦ-ਉਨਤੀ ਹੋਈ। ਭਗਤ ਜੀ ਨੇ ਬਲਾਕ ਸਾਖ਼ਰਤਾ ਸੰਮਤੀ, ਜਿਲ੍ਹਾ ਹੁਸ਼ਿਆਰਪੁਰ ਵਿਖੇ ਬੀ. ਪੀ. ਸੀ. ਟਾਂਡਾ ਦੇ ਤੌਰ ਤੇ ਸੇਵਾ ਇੰਨੀ ਬਾ-ਖ਼ੂਬੀ ਨਿਭਾਈ ਕਿ ਕਈ ਬਾਰ ਉਨ੍ਹਾਂ ਨੂੰ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਵਲੋਂ ਬੜੀ ਸ਼ਾਨੋ-ਸ਼ੌਕਤ ਨਾਲ ਸਨਮਾਨਿਤ ਕੀਤਾ ਗਿਆ। ਕਲਮੀ ਖੇਤਰ ਵਿਚ ਉਨ੍ਹਾਂ ਵਲੋਂ ਹਾਸਲ ਕੀਤੇ ਮਾਨ-ਸਨਮਾਨਾਂ ਦਾ ਤਾਂ ਕਹਿਣਾਂ ਹੀ ਕਿਆ ਹੈ। ਉਹ ਤਾਂ ਇਕ ਲੰਬੀ ਸੂਚੀ ਹੈ ਉਨ੍ਹਾਂ ਦੀਆਂ ਸ਼ਾਨਾਂ-ਮੱਤੀਆਂ ਪ੍ਰਾਪਤੀਆਂ ਦੀ।

ਸੀਨੀਅਰ ਸੈਕੰਡਰੀ ਸਕੂਲ, ਚੱਕ ਬਾਮੂੰ ਵਿਖੇ ਲੈਕਚਰਾਰ ਵਜੋਂ ਤਾਇਨਾਤ ਭਗਤ ਜੀ ਨੇ ਇਕ ਸਵਾਲ ਦਾ ਜੁਵਾਬ ਦਿੰਦਿਆਂ ਕਿਹਾ, 'ਮੈਂ ਹੁਣ ਆਪਣੇ ਨਾਰੀਵਾਦੀ ਕਾਵਿ-ਸੰਗ੍ਰਹਿ 'ਨੂੰਹਾਂ' ਨੂੰ ਅੰਤਮ ਛੋਹਾਂ ਦੇਣ 'ਚ ਜੁਟਿਆ ਹੋਇਆ ਹਾਂ ਤੇ ਇਸਨੂੰ ਜਲਦੀ ਹੀ ਪਾਠਕਾਂ ਦੇ ਹੱਥਾਂ ਤੱਕ ਅੱਪੜਦਾ ਕਰਨ ਦਾ ਮੇਰਾ ਸੁਪਨਾ ਸਾਕਾਰ ਹੋ ਜਾਵੇਗਾ।' ਜੀਵਨ-ਸਾਥਣ ਸੱਤਿਆ ਭਗਤ ਅਤੇ ਲਾਡਲੇ ਸੈਂਡੀ ਭਗਤ- ਐਂਡੀ ਭਗਤ ਨਾਲ ਪਿੰਡ ਮਿਆਣੀ ਵਿਖੇ ਖੁਸ਼ੀਆਂ ਭਰਿਆ ਜੀਵਨ ਬਿਤਾ ਰਹੇ ਭਗਤ ਜੀ, ਜਿੱਥੇ 'ਦੁਆਬਾ ਸਾਹਿਤ ਸਭਾ, ਮਿਆਣੀ' ਵਿਚ ਬਤੌਰ ਪ੍ਰਧਾਨ ਅਤੇ 'ਭਗਤ ਕਬੀਰ, ਸਭਾ' ਵਿਚ ਬਤੌਰ ਜਨਰਲ ਸਕੱਤਰ ਜਿੰਮੇਵਾਰੀਆਂ ਨਿਭਾ ਰਹੇ ਹਨ, ਉਥੇ ਗਜਟਿਡ ਅਤੇ ਨਾਨ-ਗਜਟਿਡ ਐਸ. ਸੀ., ਬੀ. ਸੀ. ਇੰਮਪਲਾਈਜ ਵੈੱਲਫੇਅਰ ਫੈਡਰੇਸ਼ਨ ਪੰਜਾਬ ਦੇ ਜਿਲ੍ਹਾ ਜਨਰਲ ਸਕੱਤਰ ਦੀਆਂ ਸੇਵਾਵਾਂ ਵੀ ਬਤੌਰ ਮੁਲਾਜਮ ਆਗੂ ਨਿਭਾ ਰਹੇ ਹਨ। ਸ਼ਾਲ੍ਹਾ! ਬੁਲੰਦੀਆਂ ਵੱਲ ਨੂੰ ਸਰਗਰਮ ਕਦਮੀਂ ਪੁਲਾਂਘਾਂ ਪੁੱਟ ਰਹੇ ਪੰਜਾਬੀ ਮਾਂ-ਬੋਲੀ ਦੇ ਪੁਜਾਰੀ, ਇੰਨਸਾਨੀਅਤ ਦੇ ਪੁੱਤਲੇ ਰਾਮ ਲਾਲ ਭਗਤ ਜੀ ਆਪਣਾ ਮਾਣ-ਮੱਤਾ ਸਫਰ ਇਵੇਂ ਹੀ ਜਾਰੀ ਰੱਖਣ ਅਤੇ ਕਾਮਯਾਬੀਆਂ ਲਗਾਤਾਰ ਉਨ੍ਹਾਂ ਦੇ ਪੈਰ ਚੁੰਮਦੀਆਂ ਕਦਮੀਂ ਢਹਿੰਦੀਆਂ ਰਹਿਣ!

# ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੂੰ ਉਨ੍ਹਾਂ ਦੇ ਜਨਮ ਦਿਨ 'ਤੇ ਯਾਦ ਕਰਦਿਆਂ





**ਜਲੰਧਰ (ਡੀ ਡੀ ਬੀ)–** 14 ਜਨਵਰੀ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਜਨਮ ਦਿਨ ਉਪਰ ਦੇਸ਼ ਭਗਤ ਯਾਦਗਾਰ ਹਾਲ ਵਿਚ ਬਾਬੂ ਮੰਗੂ ਰਾਮ ਹੁਰਾਂ ਨੂੰ ਯਾਦ ਕਰਦਿਆਂ ਇਕ ਦਸਤਾਵੇਜ਼ੀ ਫਿਲਮ ਬਣਾਈ ਗਈ, ਜਿਸ ਵਿਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਡਾ. ਰਘਬੀਰ ਕੌਰ, ਡਾ. ਜੀ. ਸੀ. ਕੌਲ ਅਤੇ ਡਾ. ਜਸਵੰਤ ਰਾਏ ਨੇ ਮੁੱਖ ਤੌਰ ਤੇ ਆਪਣੇ ਵਿਚਾਰ ਪ੍ਰਗਟਾਏ। ਡਾ. ਕਰਮਜੀਤ ਸਿੰਘ ਨੇ ਵਿਦਵਾਨਾਂ ਦੇ ਵਿਚਾਰਾਂ ਨੂੰ ਇਕ ਲੜੀ ਵਿਚ ਪ੍ਰੋਣ ਦਾ ਕੰਮ ਕੀਤਾ। ਭੂਮਿਕਾ ਬੰਨ੍ਹਦਿਆਂ ਉਨ੍ਹਾ ਕਿਹਾ ਕਿ ਬਾਬੂ ਮੰਗੂ ਰਾਮ ਹੁਰਾਂ ਨੂੰ ਉਨ੍ਹਾ ਦਾ ਬਣਦਾ ਮਾਣ-ਤਾਣ ਅਜੇ ਤੱਕ ਮਿਲ ਨਹੀਂ ਸਕਿਆ, ਉਹਨਾਂ ਦਾ ਜਨਮ ਦਿਨ ਵੱਡੀ ਪੱਧਰ 'ਤੇ ਮਨਾਉਣ ਦੀ ਲੋੜ ਹੈ। ਬਾਬੂ ਜੀ ਨੂੰ ਸੀਮਤ ਦਾਇਰੇ ਵਿਚ ਰੱਖ ਕੇ ਉਨ੍ਹਾਂ ਨੂੰ ਸਿਰਫ ਆਦਿ ਧਰਮ ਲਹਿਰ ਨਾਲ ਜੋੜਿਆ ਜਾਂਦਾ ਹੈ ਜਦਕਿ ਗਦਰ ਲਹਿਰ ਵਿਚ ਉਨ੍ਹਾਂ ਦਾ ਬਹੁਤ ਮਹੱਤਵਪੂਰਨ ਕੰਮ ਹੈ, ਜਿਸਨੂੰ ਡੂੰਘੀ ਤਰ੍ਹਾਂ ਖੋਜ ਦਾ ਵਿਸ਼ਾ ਬਣਾਉਣਾ ਜ਼ਰੂਰੀ ਹੈ। ਡਾ. ਜਸਵੰਤ ਰਾਏ ਇਸ ਪਾਸੇ ਪੁਸਤਕ ਲਿਖਣ ਦੀ ਸ਼ੁਰੂਆਤ ਕਰਕੇ ਵੱਡਾ ਯੋਗਦਾਨ ਪਾ ਰਹੇ ਹਨ। ਕਈ ਵਾਰ ਬਾਬੂ ਮੰਗੂ ਰਾਮ ਅਤੇ ਡਾ. ਅੰਬੇਡਕਰ ਨੂੰ ਇਕ-ਦੂਜੇ ਦੇ ਵਿਰੋਧ ਵਿਚ ਖੜ੍ਹਾ ਕੀਤਾ ਜਾਂਦਾ ਹੈ ਜੋ ਜਾਇਜ਼ ਨਹੀਂ, ਜਦਕਿ ਦੋਵਾਂ ਦੀ ਕੁਰਬਾਨੀ ਮਹਾਨ ਹੈ। ਮਹਾਤਮਾ ਜਯੋਤੀ ਬਾ ਫੂਲੇ, ਪੈਰੀਆਰ ਤੇ ਡਾ. ਅੰਬੇਡਕਰ ਇਕੋ ਲਹਿਰ ਦੇ ਸੰਯੋਜਕ ਹਨ, ਵਿਰੋਧ ਦੀ ਬਜਾਏ ਏਕਤਾ ਦੀ ਸੂਤਰਾਂ ਨੂੰ ਅਗਾਂਹ ਵਧਾਉਣਾ ਜ਼ਰੂਰ ਹੈ ਕਿ ਭਾਰਤੀ ਸਮਾਜ ਵਿਚ ਨਿਚਲੇ ਦਰਜੇ ਦੀ ਜ਼ਿੰਦਗੀ ਜਿਉਂਦੇ ਲੋਕਾਂ ਦੇ ਇਹ ਰਹਿਨੁਮਾ ਸਨ, ਜਿਹਨਾਂ ਨੇ ਸਿੱਖਿਅਤ ਹੋਣ, ਸੰਗਠਨ ਬਣਾਉਣ ਅਤੇ ਮਿਲ ਕੇ ਸਾਡੇ ਦੁਸ਼ਮਣ ਨਾਲ ਲੜਨ ਲਈ ਪ੍ਰੇਰਨਾ ਦਿੱਤੀ ਜੋ ਅੱਜ ਹੋਰ ਵੀ ਵਧੇਰੇ ਕਾਰਗਰ ਹੈ। ਡਾ. ਰਘਬੀਰ ਕੌਰ ਨੇ 1913 ਵਿਚ ਵਿਦੇਸ਼ਾਂ ਤੋਂ ਉਠੀ ਗਦਰੀ ਲਹਿਰ ਦਾ ਵਿਸ਼ੇਸ਼ ਲੱਛਣ ਇਹ ਦੱਸਿਆ ਕਿ ਇਹ ਜਾਤ ਪਾਤ, ਧਰਮ, ਸੰਪਰਦਾਇ ਆਦਿ ਤੋਂ ਉਪਰ ਉਠ ਕੇ ਨਿਰੋਲ ਮਾਨਵੀ ਸਰੋਕਾਰਾਂ ਨਾਲ ਜੁੜੀ ਆਜ਼ਾਦੀ ਲਈ ਪ੍ਰਤੀਬੱਧ ਲਹਿਰ ਸੀ, ਜਿਸ ਦੇ ਆਸ਼ਰਮ ਵਿਚ ਸਿੰਧ, ਹਿੰਦੂ, ਮੁਸਲਮਾਨ, ਇਸਾਈ, ਦਲਿਤ, ਸਵਰਣ ਸਾਰੇ ਇਕੋ ਛੱਤ ਹੇਠ ਰਹਿੰਦੇ ਇਕੱਠੇ ਖਾਂਦੇ-ਪੀਂਦੇ ਅਤੇ ਇਕੱਠੇ ਮਰ ਮਿਟਣ ਦੀਆਂ ਵਿਚਾਰਾਂ ਕਰਦੇ। ਲਹਿਰ ਭਾਵੇਂ ਸਿਰੇ ਨਾ ਚੜ੍ਹ ਸਕੀ ਪਰ ਗਦਰੀਆਂ ਨੇ ਕਦੇ ਵੀ ਹਾਰ ਨਹੀਂ ਮੰਨੀ, ਸਗੋਂ ਸਮਾਜਿਕ ਸਰੋਕਾਰਾਂ ਨਾਲ ਜੁੜੇ ਰਹੇ ਅਤੇ ਉਨ੍ਹਾਂ ਨੇ ਹੀ ਦੇਸ਼ ਭਗਤ ਯਾਦਗਰ ਦੀ ਨੀਂਹ ਰੱਖੀ ਜੋ ਉਨ੍ਹਾਂ ਦੇ ਸੁਪਨਿਆ ਨੂੰ ਲੋਕਾਂ ਤੱਕ ਲੈ ਕੇ ਜਾ ਰਹੀ ਹੈ। ਯਾਦਗਾਰ ਪ੍ਰਗਤੀਸ਼ੀਲ, ਮਾਨਵਵਾਦੀ ਲੋਕਾਂ ਦਾ ਮੱਕਾ ਬਣ ਗਿਆ ਹੈ।

ਡਾ. ਜਸਵੰਤ ਰਾਏ ਨੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ 1909 ਵਿਚ ਅਮਰੀਕਾ ਜਾਣ ਤੋਂ ਲੈ ਕੇ 1925 ਤੱਕ ਦੇਸ਼ ਵਾਪਸੀ ਤੰਕ ਦੇ ਜ਼ੋਖਮ ਭਰੇ ਸਫਰ ਨੂੰ ਬਿਆਨ ਕਰਦਿਆਂ ਦੱਸਿਆ ਕਿ ਮੰਗੂ ਰਾਮ ਸਮੇਤ ਪੰਜ ਗਦਰੀ ਇਕ ਜਹਾਜ਼ ਵਿਚ ਅਤੇ ਵੱਡੀ ਗਿਣਤੀ ਵਿਚ ਹਥਿਆਰ ਦੂਜੇ ਜਹਾਜ਼ ਮੈਵਰਿਕ ਵਿਚ ਲਿਜਾਏ ਗਏ, ਪਰ ਦੋਵੇਂ ਜਹਾਜ਼ ਮਿੱਥੇ ਸਮੇਂ ਤੇ ਇਕੱਠੇ ਨਹੀਂ ਹੋ ਸਕੇ। ਰਸਤੇ ਵਿਚ ਫੜੇ ਜਾਣ ਤੇ ਫਾਂਸੀ ਦੀ ਸਜ਼ਾ ਵੀ ਹੋਈ ਪਰ ਜਰਮਨਾਂ ਹੱਥੋਂ ਬਚਾ ਲਏ ਗਏ, ਹੋਰਨਾਂ ਥਾਵਾਂ 'ਤੇ ਵੀ ਜਾਨਾਂ ਨੂੰ ਗੁਆਉਣ ਦੇ ਖਤਰੇ ਬਣਦੇ ਰਹੇ। ਪਰ ਅਚਾਨਕ ਬਚਦੇ ਰਹੇ। ਜਹਾਜ਼ ਵਿਚ ਇੰਨੇ ਹਥਿਆਰ ਸਨ ਜੇ ਉਹ ਹਿੰਦੁਸਤਾਨ ਪਹੁੰਚ ਜਾਂਦੇ ਤਾਂ ਅੰਗਰੇਜ਼ਾਂ ਨੂੰ ਅੱਗੇ ਲਾਇਆ ਜਾ ਸਕਦਾ ਸੀ ਪਰ ਅਜਿਹਾ ਨਾ ਹੋ ਸਕਿਆ। ਵਾਪਸ ਹਿੰ-ਦੁਸਤਾਨ/ਪੰਜਾਬ ਆ ਕੇ ਉਨ੍ਹਾਂ ਨੇ ਆਦਿ ਧਰਮ ਲਹਿਰ ਦੀ ਸਥਾਪਨਾ ਕੀਤੀ। ਸ੍ਰੀ ਕੌਲ ਹੁਰਾਂ ਨੇ ਇਸਦੇ ਸ਼ੁਰੂ ਹੋਣ ਦੇ ਕਾਰਨਾਂ ਤੋਂ ਲੈ ਕੇ ਇਸ ਦੇ ਬਿਖਰਾਓ ਤੱਕ ਦੀ ਯਾਤਰਾ ਨੂੰ ਰੇਖ-ਂਕਿਤ ਕੀਤਾ। ਬਾਬੂ ਮੰਗੂ ਰਾਮ ਮੁੜ ਉਨ੍ਹਾਂ ਲੋਕਾਂ ਦੇ ਦੁੱਖਾਂ ਦਰਦਾਂ ਦੇ ਸਾਹਵੇਂ ਸਨ, ਜਿਹਨਾਂ ਦੇ ਹਜ਼ਾਰਾਂ ਸਾਲਾਂ ਤੋਂ ਇਸਨੂੰ ਪਿੰਡੇ ਤੇ ਹੰਢਾਇਆ ਸੀ। ਉਨ੍ਹਾਂ ਨੇ ਇਹ ਸੋਚ ਕੇ ਕਿ ਇਨ੍ਹਾਂ ਨੂੰ ਇਕੱਠੇ ਕਰਕੇ ਲੜ ਕੇ ਇਨ੍ਹਾਂ ਲਈ ਕੁਝ ਲਿਆ ਜਾ ਸਕਦਾ ਹੈ। ਸਭ ਤੋਂ ਪਹਿਲਾਂ ਬਾਬੂ ਜੀ ਨੇ ਦਲਿਤ ਜਾਤੀਆਂ ਨੂੰ ਆਦਿ ਧਰਮ ਦੇ ਝੰਡੇ ਹੇਠ ਇਕੱਠਿਆਂ ਕਰਕੇ ਅੰਗਰੇਜ਼ਾਂ ਤੋਂ ਇਸ ਨਾਮ ਨੂੰ ਮੰਨਵਾਇਆ। ਯੂਨੀਅਨਿਸਟਾਂ ਨਾਲ ਰਲ ਕੇ ਇਲੈਕਸ਼ਨਾਂ ਵਿਚ ਜਿੱਤਾਂ ਵੀ ਹਾਸਲ ਕੀਤੀਆਂ, ਪੂਰੇ ਪੰਜਾਬ ਵਿਚ ਆਪਣਾ ਪ੍ਰਭਾਵ ਪਾਇਆ। ਦਲਿਤਾਂ ਵਿਚੋਂ ਕੁਝ ਨੇ ਆਪ ਨੂੰ ਵੱਖ ਕਰ ਲਿਆ ਤਾਂ ਬਿਖਰਾਅ ਸ਼ੁਰੂ ਹੋ ਗਿਆ। ਦੇਸ਼ ਦੀਆਂ ਸਥਿਤੀਆਂ ਦੇ ਮੱਦੇਨਜ਼ਰ ਬਾਬੂ ਮੰਗੂ ਰਾਮ ਦੀ ਦੇਣ ਇੱਡੀ ਵੱਡੀ ਹੈ ਕਿ ਜੇ ਇਹ ਲੋਕ ਇਕੱਠੇ ਰਹਿੰਦੇ ਤਾਂ ਉਨ੍ਹਾਂ ਦਾ ਸਮਾਨਤਾ ਦੇ ਸਮਾਜ ਦਾ ਸੁਪਨਾ ਪੂਰਾ ਹੋ ਸਕਦਾ ਸੀ, ਜੋ ਅਜੇ ਤੱਕ ਵੀ ਅਧੂਰਾ ਹੈ। ਤਿੰਨੇ ਵਕਤਾਵਾਂ ਨੇ ਬਾਬੂ ਜੀ ਨਾਲ ਭਾਵੁਕ ਲਗਾਅ ਰੱਖਦਿਆਂ ਉਨ੍ਹਾਂ ਨੂੰ ਯਾਦ ਕਰਦਿਆਂ ਇਹ ਵੀ ਅਹਿਦ ਲਿਆ ਕਿ ਉਨ੍ਹਾਂ ਦੀ ਕਲਪਨਾ ਦੇ ਸਮਾਜ ਨੂੰ ਉਸਾਰਨ ਲਈ ਉਹ ਆਪਣਾ ਬਣਦਾ ਹਿੱਸਾ ਪਾਉਣਗੇ। ਇਹ ਦਸਤਾਵੇਜ਼ੀ ਫਿਲਮ ਕਈ ਚੈਨਲਾਂ ਤੇ ਚਲਾਈ ਜਾਵੇਗੀ ਤਾਂ ਕਿ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ ਸੁਨੇਹਾ ਲੋਕਾਈ ਤੱਕ ਪਹੁੰਚਾਇਆ ਜਾ ਸਕੇ।

# ਆਜ਼ਾਦੀ ਘੁਲਾਟੀਏ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ ਜਨਮ ਦਿਨ ਮਨਾਇਆ













**ਜਲੰਧਰ (ਡੀ ਡੀ ਬੀ)–** ਆਜ਼ਾਦੀ ਘੁਲਾਟੀਏ ਆਦਿ ਧਰਮ ਮੰਡਲ ਦੇ ਬਾਨੀ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਅਤੇ ਦਾ ਜਨਮ ਦਿਨ ਐਸ. ਈ. ਐਸ. ਕੁਆਰਟਰ ਨਲਵਾ ਰੋਡ ਸਰਬ ਧਰਮ ਸਥਲ ਜਲੰਧਰ ਕੈਂਟ ਵਿਖੇ ਬੜੀ ਧੂੰਮ-ਧਾਮ ਨਾਲ ਮਨਾਇਆ ਗਿਆ। ਸਮਾਰੋਹ ਦੀ ਰਸਮੀ ਸ਼ੁਰੂਆਤ ਐਸ. ਸੀ. ਕਮਿਸ਼ਨ ਦੇ ਚੇਅਰਮੈਨ ਸ੍ਰੀ ਰਾਜੇਸ਼ ਬਾਘਾ ਜੀ ਵੱਲੋਂ ਗਦਰੀ ਬਾਬਾ ਬਾਬੂ ਮੰਗੂ ਰਾਮ ਜੀ ਮੁੱਗੋਵਾਲੀਆ ਦੀ ਫੋਟੋ ਅੱਗੇ ਸ਼ਮਾ ਰੋਸਨ ਅਤੇ ਫੁੱਲ ਭੇਂਟ ਕਰਕੇ ਕੀਤੀ ਗਈ।

ਸਮਾਰੋਹ ਦੇ ਵਿਸ਼ੇਸ਼ ਬੁਲਾਰੇ ਸ੍ਰੀ ਸੀਤਲ ਰਾਮ ਜੀ ਨੇ ਕਿਹਾ ਕਿ ਭਾਰਤ ਦੇਸ਼ ਨੂੰ ਬ੍ਰਿਟਿਸ਼ ਸਰਕਾਰ ਕੋਲੋਂ ਆਜ਼ਾਦ ਕਰਵਾਉਣ ਲਈ ਗਦਰ ਲਹਿਰ ਦਾ ਅਹਿਮ ਯੋਗਦਾਨ ਰਿਹਾ ਹੈ ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਨੇ ਗਦਰ ਪਾਰਟੀ ਵਿਚ ਅਹਿਮ ਭੂਮਿਕਾ ਨਿਭਾਈ ਹੈ। ਇਸ ਦੇ ਨਾਲ ਅਲੱਗ ਜਾਤਾਂ ਵਿਚ ਵੰਡੇ ਲੋਕਾਂ ਨੂੰ ਆਦਿ ਧਰਮ ਮੰਡਲ ਦੀ ਸਥਾਪਨਾ ਕਰਕੇ ਜਾਤ-ਪਾਤ ਦੇ ਸਿਸਟਮ ਨੂੰ ਤਹਿਸ -ਨਹਿਸ ਕੀਤਾ ਅਤੇ ਸਾਂਝੀਵਾਲਤਾ ਦੇ ਭਾਰਤ ਦੇਸ਼ ਨੂੰ ਪੈਗਾਮ ਦਿੱਤਾ।

ਇਸ ਸਮਾਰੋਹ ਨੂੰ ਰੌਸ਼ਨ ਲਾਲ ਭਾਰਤੀ, ਸ੍ਰੀ ਹਰਬੰਸ ਲਾਲ, ਸ੍ਰੀ ਪ੍ਰੀਤਮ ਲਾਲ ਸੂਮ, ਸ੍ਰੀ ਮਨਜੀਤ ਮਹਿਮੀ, ਸ੍ਰੀ ਧਰਮਪਾਲ, ਸ੍ਰੀ ਕਮਲ ਬੰਗੜ, ਸ੍ਰੀ ਤਿਲੋਕ ਮਹਿਮੀ ਆਦਿ ਨੇ ਸਫਲ ਬਣਾਇਆ। ਇਕੱਠੀ ਹੋਈ ਸੰਗਤ ਨੂੰ ਰੋਸ਼ਨ ਲਾਲ ਭਾਰਤੀ ਨੇ ਮਾਘੀ ਦੇ ਮਹਾਨ ਉਤਸਵ ਅਤੇ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦੇ ਜਨਮ ਦਿਨ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਉਹਨਾਂ ਦੇ ਦਰਸਾਏ ਮਾਰਗ ਤੇ ਚੱਲਣ ਦੀ ਪ੍ਰੇਰਨਾ ਦਿੱਤੀ।

# ਉੱਤਰ ਪ੍ਰਦੇਸ਼ ਵਿੱਚ ਕਾਂਗਰਸ ਨੇ ਫੜਿਆ ਆਖਿਰ ਅਖਿਲੇਸ਼ ਦਾ ਹੱਥ

**ਲਖਨਊ–** ਉੱਤਰ ਪ੍ਰਦੇਸ਼ ਵਿੱਚ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਸਮਾਜਵਾਦੀ ਪਾਰਟੀ ਤੇ ਕਾਂਗਰਸ ਵੱਲੋਂ 'ਮਹਾਂਗੱਠਜੋੜ' ਕੀਤੇ ਜਾਣ ਦੀਆਂ ਆਸਾਂ ਨੂੰ ਬੂਰ ਪੈਣ ਲੱਗਾ ਹੈ। ਕਾਂਗਰਸ ਨੇ ਜਿੱਥੇ ਸਪਾ ਨਾਲ ਮਿਲ ਕੇ ਚੋਣਾਂ ਲੜਨ ਦਾ ਫ਼ੈਸਲਾ ਕਰ ਲਿਆ ਹੈ, ਉਥੇ ਯੂਪੀ ਦੇ ਮੁੱਖ ਮੰਤਰੀ ਅਖਿਲੇਸ਼ ਯਾਦਵ ਨੇ ਕਿਹਾ ਗੱਠਜੋੜ ਸਬੰਧੀ ਫ਼ੈਸਲਾ ਅਗਲੇ ਦੋ ਦਿਨਾਂ 'ਚ ਲਿਆ ਜਾਵੇਗਾ। ਇਸੇ ਦੌਰਾਨ ਚੋਣ ਨਿਸ਼ਾਨ 'ਸਾਈਕਲ' ਮਿਲਣ ਤੋਂ ਬਾਗੋ-ਬਾਗ ਅਖਿਲੇਸ਼ ਨੇ ਕਿਹਾ ਕਿ ਉਹ 'ਨੇਤਾ ਜੀ' ਮੁਲ-ਾਇਮ ਸਿੰਘ ਯਾਦਵ ਨੂੰ ਨਾਲ ਲੈ ਕੇ ਚੱਲਣਗੇ ਤੇ ਉਨ੍ਹਾਂ ਦੇ ਆਪਣੇ ਪਿਤਾ ਤੇ ਸਪਾ ਸੁਪਰੀਮੋ ਨਾਲ ਸਬੰਧ ਕਦੇ ਵੀ ਨਹੀਂ'ਟੁੱਟ' ਸਕਦਾ।

ਕਾਂਗਰਸ ਦੇ ਜਨਰਲ ਸਕੱਤਰ ਗ਼ੁਲਾਮ ਨਬੀ ਆਜ਼ਾਦ ਨੇ ਸਮਾਜਵਾਦੀ ਪਾਰਟੀ ਨਾਲ ਗੱਠਜੋੜ ਦੀਆਂ ਕਿਆਸ ਅਰਾਈਆਂ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਕਿਹਾ, 'ਮੈਨੂੰ ਇਸ ਗੱਲ ਦਾ ਪੂਰਾ ਯਕੀਨ ਹੈ ਕਿ ਸਮਾਜਵਾਦੀ ਪਾਰਟੀ-ਕਾਂਗਰਸ ਗੱਠਜੋੜ ਉੱਤਰ ਪ੍ਰਦੇਸ਼ ਵਿੱਚ ਅਗਲੀ ਸਰਕਾਰ ਦਾ ਗਠਨ ਕਰੇਗਾ।' ਯੂਪੀ ਵਿੱਚ ਕਾਂਗਰਸ ਮਾਮਲਿਆਂ ਦੇ ਇੰਚਾਰਜ ਆਜ਼ਾਦ ਨੇ ਕਿਹਾ ਕਿ ਇਹ ਤਾਂ ਅਜੇ ਗੱਠਜੋੜ ਬਣਾਉਣ ਦੇ ਅਮਲ ਦੀ ਸ਼ੁਰੂਆਤ ਹੈ ਤੇ ਗੱਠਜੋੜ ਦੀਆਂ ਸ਼ਰਤਾਂ ਆਦਿ ਬਾਰੇ ਫ਼ੈਸਲਾ ਅਗਲੇ ਦਿਨਾਂ 'ਚ ਕੀਤਾ ਜਾਵੇਗਾ।



# Late Commissioner Lahori Ram Ji

# May 10, 1944 – January 11, 2009

**"I have only slipped away into the next room, I am I and you are you. Whatever we were to each other that we still are. Call me by my old familiar name. Speak to me in the easy way, which you always used. Play, smile, think of me. All is well." ~ Henry Scott Holland**

It is with great pride and honor that the Ram Family invites all members of the community to commemorate the life and legacy of a paragon of the ideal human being. Commissioner Lahori Ram was the best at his worst and humble at his best. He served as the ultimate role model as a devoted husband, father, grand-father and as a member of society. He was a friend and confidant to all but an enemy to none. He left his footprints in the sand and we shall follow in those footprints. It is our duty to move forward in the path that he set and carry on the message that he firmly believed in: "United we stand and divided we fall."

It is said that even God needs good people in His Company but we shall always miss your presence. Nevertheless, your soul will remain with us forever. We will always love you dearly. May God bless your soul and give us the strength to move on.

Please join the Ram family in a religious service honoring the Eighth Memorial Ceremony of this great departed soul.

## Program:

**Commence Prayer Ceremony (Arambh Akhand Path Sahib):**
**Friday January 27, 2017 at 11:00 am.**

**Conclusion of Prayer -- Main Service (Bhog):**
**Sunday January 29, 2017 10:00 am to 4:00 pm**

## Venue:

**Shri Guru Ravidass Temple**
**2120-2150 Crestview Drive**
**Pittsburg, CA 94565**
**(925) 439-2355**

## For additional information, please call:

**Jack Ram (650) 455-9026**

**Paul Ram (650) 296-4208**